ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 5 | Issue 44 | 02 November to 08 November 2016 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਭੁਪਾਲ : 8 ਸਿਮੀ ਕਾਰਕੁਨਾਂ ਦੇ ਫਰਜ਼ੀ ਮੁਕਾਬਲੇ ਨੇ ਖੜ੍ਹੇ ਕੀਤੇ ਸਵਾਲ

## ਮੱਧ ਪ੍ਰਦੇਸ਼ ਸਰਕਾਰ ਤੇ ਪੁਲੀਸ ਅਧਿਕਾਰੀਆਂ 'ਤੇ ਸ਼ੱਕ ਡੂੰਘਾ ਹੋਇਆ

ਭੁਪਾਲ/ਬਿਊਰੋ ਨਿਊਜ਼ :

ਭੁਪਾਲ ਦੀ ਸੈਂਟਰਲ ਜੇਲ੍ਹ ਵਿਚੋਂ ਸਿਮੀ ਦੇ 8 ਕਾਰਕੁਨਾਂ ਦੇ ਭੱਜਣ ਅਤੇ ਕੁਝ ਘੰਟਿਆਂ ਮਗਰੋਂ ਕਥਿਤ ਮੁਕਾਬਲੇ ਵਿਚ ਮਾਰੇ ਜਾਣ ਦੀ ਘਟਨਾ 'ਤੇ ਉਠ ਰਹੇ ਸਵਾਲਾਂ ਨੂੰ ਸਿਰੇ ਤੋਂ ਖ਼ਾਰਜ ਨਹੀਂ ਕੀਤਾ ਜਾ ਸਕਦਾ। ਮੱਧ ਪ੍ਰਦੇਸ਼ ਸਰਕਾਰ ਤੇ ਪੁਲੀਸ ਅਧਿਕਾਰੀਆਂ ਵਲੋਂ ਮੀਡੀਆ ਵਿਚ ਆ ਰਹੇ ਆਪਾ-ਵਿਰੋਧੀ ਬਿਆਨਾਂ ਅਤੇ ਘਟਨਾ ਸਥਾਨ ਦੇ ਕੁਝ ਵੀਡੀਓ ਨਾਲ ਸਵਾਲਾਂ 'ਤੇ ਸ਼ੱਕ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ। ਪਹਿਲਾ ਸਵਾਲ ਤਾਂ ਇਹੀ ਹੈ ਕਿ ਬੇਹੱਦ ਸੁਰੱਖਿਅਤ ਜੇਲ੍ਹ 'ਚੋਂ ਏਨੇ ਕੈਦੀ ਭੱਜਣ ਵਿਚ ਸਫਲ ਕਿਵੇਂ ਹੋ ਗਏ ਤੇ ਇਕ ਸੁਰੱਖਿਆ ਮੁਲਾਜ਼ਮ ਦੀ ਹਤਿਆ ਮਗਰੋਂ ਵੀ ਹੋਰ ਪਹਿਰੇਦਾਰਾਂ ਨੂੰ ਇਸ ਦੀ ਭਿਨਕ ਵੀ ਨਾ ਪਈ ? ਕਲੋਜ਼ ਸਰਕਿਟ ਟੀ.ਵੀ., 32 ਫੁੱਟ ਉੱਚੀ ਦੀਵਾਰ ਤੇ ਬਿਜਲੀ ਦੀਆਂ ਤਾਰਾਂ ਦੇ ਹੁੰਦਿਆਂ ਉਨ੍ਹਾਂ ਦਾ ਆਸਾਨੀ ਨਾਲ ਫਰਾਰ ਹੋ ਜਾਣਾ ਨਾ ਸਿਰਫ਼ ਜੇਲ੍ਹ ਦੀ ਲੱਚਰ ਸੁਰੱਖਿਆ ਵਿਵਸਥਾ ਦਾ ਪ੍ਰਮਾਣ ਹੈ, ਬਲਕਿ ਵੱਡੀ ਸਾਜ਼ਿਸ਼ ਦਾ ਸ਼ੱਕ ਵੀ ਪੈਦਾ ਕਰਦਾ ਹੈ, ਜਿਸ



ਅਚਰਪੁਰਾ ਪਿੰਡ 'ਚ ਮੁਕਾਬਲੇ ਤੋਂ ਬਾਅਦ ਪਈਆਂ ਲਾਸ਼ਾਂ

ਵਿਚ ਕੁਝ ਮੁਲਾਜ਼ਮਾਂ ਦੀ ਮਿਲੀਭੁਗਤ ਹੋ ਸਕਦੀ ਹੈ। ਕੈਦੀਆਂ ਦੇ ਹੱਥ ਜੰਦਰਿਆਂ ਦੀ ਚਾਬੀ ਲੱਗਣ ਤੇ ਵੱਖ ਵੱਖ ਬੈਰਕਾਂ 'ਚੋਂ ਨਿਕਲ ਕੇ ਇਕੱਠੇ ਹੋਣ ਨਾਲ ਵੀ ਜੇਲ੍ਹ ਪ੍ਰਸ਼ਾਸਨ ਦੀ ਲਾਪ੍ਰਵਾਹੀ ਸਿੱਧ ਹੁੰਦੀ ਹੈ। ਇਸ ਦੌਰਾਨ ਜੇਲ੍ਹ ਵਿਚ ਮੌਜੂਦ ਦੋ ਹਜ਼ਾਰ ਦੋ ਵੱਧ ਕੈਦੀਆਂ ਤੇ ਹੋਰ ਸੁਰੱਖਿਆ ਮੁਲਾਜ਼ਮਾਂ ਵਲੋਂ ਕੋਈ ਹਲਚਲ ਨਾ ਹੋਣ ਨੂੰ ਵੀ ਸਮਝ ਸਕਣਾ ਮੁਸ਼ਕਲ ਹੈ। ਪੁਲੀਸ ਕਮਿਸ਼ਨਰ ਉਨ੍ਹਾਂ ਕੈਦੀਆਂ ਕੋਲ ਪਿਸਤੌਲ ਤੇ ਚਾਕੂ ਹੋਣ ਦੀ ਗੱਲ ਕਹਿ ਰਹੇ ਹਨ, ਜਦਕਿ ਸੂਬੇ ਦੇ ਗ੍ਰਹਿ ਮੰਤਰੀ ਨੇ ਪਹਿਲਾਂ ਕਿਹਾ ਸੀ ਕਿ ਉਨ੍ਹਾਂ ਨੇ ਭਾਂਡਿਆਂ ਨੂੰ ਹਥਿਆਰ ਵਜੋਂ ਇਸਤੇਮਾਲ ਕੀਤਾ। ਵੀਡੀਓ ਦੀ ਗੱਲ ਕਰੀਏ ਤਾਂ ਕਿਸੇ ਪੁਲੀਸ ਮੁਲਾਜ਼ਮ ਜਾਂ ਨਾਗਰਿਕ ਵਲੋਂ ਏਨੇ ਨੇੜਿਓਂ ਮੁਕਾਬਲੇ ਨੂੰ ਮੋਬਾਈਲ ਵਿਚ ਲਾਈਵ ਰਿਕਾਰਡ ਕਰਨਾ ਵੀ ਹੈਰਾਨ ਕਰਦਾ ਹੈ। ਆਖ਼ਰ ਇਹ ਕਿਹੋ ਜਿਹੇ ਪੇਸ਼ੇਵਰ ਗੰਭੀਰਤਾ ਹੈ ? ਇਨ੍ਹਾਂ ਵੀਡੀਓ ਤੋਂ ਤਾਂ ਬਿਲਕੁਲ ਨਹੀਂ ਲਗਦਾ ਕਿ ਭੱਜੇ ਕੈਦੀ ਪੁਲੀਸ ਮੁਲਾਜ਼ਮਾਂ 'ਤੇ ਗੋਲੀ ਚਲਾ ਰਹੇ

ਬਾਕੀ ਸਫ਼ਾ 32 'ਤੇ

**ਵਿਰੋਧੀ ਧਿਰਾਂ ਨੇ ਮੰਗੀ ਜਾਂਚ :** ਭੁਪਾਲ: ਸਿਮੀ ਕਾਰਕੁਨਾਂ ਨੂੰ ਕਥਿਤ ਮੁਕਾਬਲੇ 'ਚ ਮਾਰ ਮੁਕਾਉਣ ਤੋਂ ਬਾਅਦ ਕਾਂਗਰਸ, ਆਮ ਆਦਮੀ ਪਾਰਟੀ, ਸੀਪੀਐਮ ਅਤੇ ਏਆਈਐਮਆਈਐਮ ਨੇ ਇਸ ਦੀ ਜਾਂਚ ਕਰਾਉਣ ਦੀ ਮੰਗ ਕੀਤੀ ਹੈ। 'ਆਪ' ਮੁਖੀ ਅਰਵਿੰਦ ਕੇਜਰੀਵਾਲ ਅਤੇ ਅਸਦ-ਉਦ-ਦੀਨ ਓਵਾਇਸੀ ਨੇ ਮੁਕਾਬਲੇ 'ਤੇ ਸਵਾਲ ਖੜ੍ਹੇ ਕਰਦਿਆਂ ਇਸ ਦੀ ਜਾਂਚ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਕਰਾਉਣ ਲਈ ਕਿਹਾ ਹੈ। ਓਵਾਇਸੀ ਨੇ ਐਨਆਈਏ ਜਾਂਚ 'ਤੇ ਸ਼ੱਕ ਜ਼ਾਹਰ

ਬਾਕੀ ਸਫ਼ਾ 32 'ਤੇ

## ਵ੍ਹਾਈਟ ਹਾਊਸ 'ਚ 17 ਨਵੰਬਰ ਨੂੰ ਮਨਾਇਆ ਜਾਵੇਗਾ ਗੁਰਪੁਰਬ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਵ੍ਹਾਈਟ ਹਾਊਸ ਵਿਚ ਇਸ ਵਾਰ ਫੇਰ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਮਨਾਇਆ ਜਾਵੇਗਾ। ਵ੍ਹਾਈਟ ਹਾਊਸ ਨੇ ਫਰੈਂਡਸ ਆਫ਼ ਸਿੱਖ ਕਾਕਸ ਦੇ ਐਗਜ਼ੀਕਿਊਟਿਵ ਡਾਇਰੈਕਟਰ ਸ. ਹਰਪ੍ਰੀਤ ਸਿੰਘ ਸੰਧੂ ਨੂੰ ਦੱਸਿਆ ਕਿ ਇਸ ਵਾਰ ਵ੍ਹਾਈਟ ਹਾਊਸ ਵਿਚ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ 17 ਨਵੰਬਰ ਵੀਰਵਾਰ ਨੂੰ ਮਨਾਇਆ ਜਾਵੇਗਾ। ਵਰਨਣਯੋਗ ਹੈ ਕਿ ਪਿਛਲੇ ਵਰ੍ਹੇ ਵੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਵ੍ਹਾਈਟ ਹਾਊਸ ਵਿਚ ਗੁਰਪੁਰਬ ਮਨਾਉਂਦਿਆਂ ਸਿੱਖ ਭਾਈਚਾਰੇ ਨੂੰ ਭਰਵਾਂ ਸਹਿਯੋਗ ਦਿੱਤਾ ਸੀ। ਜੋ ਲੋਕ ਇਸ ਪਵਿੱਤਰ ਮੌਕੇ 'ਤੇ ਸ਼ਿਰਕਤ ਕਰਨਾ ਚਾਹੁੰਦੇ ਹਨ ਤਾਂ ਉਹ ਸ. ਹਰਪ੍ਰੀਤ ਸਿੰਘ ਸੰਧੂ ਨਾਲ 510-504-3374 'ਤੇ ਸੰਪਰਕ ਕਰ ਸਕਦੇ ਹਨ। ਇਸ ਤੋਂ ਪਹਿਲਾਂ ਵ੍ਹਾਈਟ ਹਾਊਸ ਵਿਚ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਸਮੂਹ ਸਿੱਖ ਭਾਈਚਾਰੇ ਨੂੰ ਵਧਾਈਆਂ ਦਿੱਤੀਆਂ ਗਈਆਂ ਸਨ।

# ਸਰਬੱਤ ਖ਼ਾਲਸਾ : ਮੁਤਵਾਜ਼ੀ ਜਥੇਦਾਰਾਂ ਅਤੇ ਪੰਜ ਪਿਆਰਿਆਂ ਵਿਚਾਲੇ ਸਹਿਮਤੀ ਬਣੀ

**ਚੰਡੀਗੜ੍ਹ/ਬਿਊਰੋ ਨਿਊਜ਼ :** 10 ਨਵੰਬਰ ਨੂੰ ਤਲਵੰਡੀ ਸਾਬੋ ਵਿਚ ਪੰਥਕ ਸੰਗਠਨਾਂ ਵਲੋਂ ਕਰਵਾਏ ਜਾਣ ਵਾਲੇ ਸਰਬੱਤ ਖ਼ਾਲਸਾ ਲਈ ਸਾਰੇ ਧੜੇ ਤੇ ਦਲ ਇਕਜੁਟ ਹੋ ਗਏ ਹਨ। ਇਥੋਂ ਤਕ ਕਿ ਮੁਤਵਾਜ਼ੀ ਜਥੇਦਾਰਾਂ ਅਤੇ ਪੰਜ ਪਿਆਰਿਆਂ ਵਿਚਾਲੇ ਸੁਲ੍ਹਾ ਹੋ ਗਈ ਹੈ। ਦੋਵੇਂ ਧਿਰਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿੱਚ ਸਰਬੱਤ ਖ਼ਾਲਸਾ ਕਰਾਉਣ ਲਈ ਸਹਿਮਤੀ ਬਣ ਗਈ



ਹੈ। ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਮੁਖੀ ਅਤੇ ਸ੍ਰੀ ਅਕਾਲ ਤਖ਼ਤ ਦੇ ਮੁਤਵਾਜ਼ੀ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੇ ਦੋ ਪ੍ਰਤੀਨਿਧਾਂ ਨੇ ਦੋਵੇਂ ਧਿਰਾਂ ਨੂੰ ਨੇੜੇ ਲਿਆਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਭਾਈ ਜਗਤਾਰ ਸਿੰਘ ਹਵਾਰਾ ਇਸ ਵੇਲੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਦੇ ਦੋਸ਼ਾਂ ਤਹਿਤ ਤਿਹਾੜ ਜੇਲ੍ਹ ਵਿੱਚ ਬੰਦ ਹੈ। ਜ਼ਿਕਰਯੋਗ ਹੈ ਕਿ 10 ਨਵੰਬਰ 2015 ਵਿਚ ਚੱਬਾ ਵਿਚ ਸਰਬੱਤ ਖ਼ਾਲਸਾ ਕੀਤਾ ਗਿਆ ਸੀ। ਸਰਕਾਰੀ ਰੁਕਾਵਟ ਦੇ ਬਾਵਜੂਦ ਇਕ ਲੱਖ ਤੋਂ ਵੱਧ ਲੋਕਾਂ ਨੇ ਸ਼ਿਰਕਤ ਕੀਤੀ ਸੀ। ਇਸ ਮੌਕੇ ਭਾਈ ਜਗਤਾਰ ਸਿੰਘ ਹਵਾਰਾ ਨੂੰ ਅਕਾਲ ਤਖ਼ਤ

ਬਾਕੀ ਸਫ਼ਾ 28 'ਤੇ

## ਸਿੱਧੂ 'ਤੇ ਕਾਂਗਰਸ-'ਆਪ' ਕਦੇ ਨਰਮ, ਕਦੇ ਗਰਮ

### ਚੌਥੇ ਫ਼ਰੰਟ ਦਾ ਨਹੀਂ ਬਣ ਰਿਹਾ ਕੋਈ ਮੂੰਹ-ਮੱਥਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੀਆਂ ਸਿਆਸਤ ਹਾਲ-ਫ਼ਿਲਹਾਲ ਬਹੁਤ ਹੀ ਦੁਬਿਧਾ ਭਰੇ ਪਲਾਂ ਵਿਚੋਂ ਲੰਘ ਰਹੀ



ਹੈ। ਰਵਾਇਤੀ ਪਾਰਟੀਆਂ ਵਿਚੋਂ ਅਕਾਲੀ-ਭਾਜਪਾ ਆਪੋ-ਆਪਣੀ ਜ਼ਮੀਨ ਬਚਾਉਣ ਵਿਚ ਲੱਗੀਆਂ ਹਨ ਤੇ ਕਾਂਗਰਸ ਹਕੂਮਤੀ ਧਿਰ ਦਾ ਰੁਤਬਾ ਲੈਣ ਲਈ ਓਹੜ-ਪਹੁੜ ਵਿਚ ਲੱਗੀ ਹੈ। ਤੇ ਨਵੀਂ ਉਭਰੀ ਆਮ ਆਦਮੀ ਪਾਰਟੀ ਸੱਤਾ 'ਤੇ ਕਾਬਜ਼ ਹੋਣ ਦਾ ਠੋਕ-ਵਜਾ ਕੇ ਦਾਅਵਾ

ਬਾਕੀ ਸਫ਼ਾ 32 'ਤੇ

# ਟਰੰਪ ਨੇ ਪਹਿਲੀ ਵਾਰ ਹਿਲੇਰੀ ਨੂੰ ਇਕ ਫ਼ੀਸਦੀ ਅੰਕ ਨਾਲ ਮਾਤ ਦਿੱਤੀ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕੀ ਰਾਸ਼ਟਰਪਤੀ ਦੀਆਂ ਚੋਣਾਂ ਲਈ ਉਲਟੀ ਗਿਣਤੀ ਸ਼ੁਰੂ ਹੋ ਚੁੱਕੀ ਹੈ। 8 ਨਵੰਬਰ ਨੂੰ ਹੋ ਰਹੀਆਂ ਚੋਣਾਂ ਮਗਰੋਂ ਤਸਵੀਰ ਸਾਫ਼ ਹੋ ਜਾਵੇਗੀ। ਕੌਮੀ ਪੱਧਰ ਦੇ ਇਕ ਵੱਡੇ ਸਰਵੇਖਣ ਵਿਚ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਨੇ ਆਪਣੀ ਡੈਮੋਕਰੈਟਿਕ ਉਮੀਦਵਾਰ ਹਿਲੇਰੀ ਕਲਿੰਟਨ 'ਤੇ ਮਈ ਤੋਂ ਬਾਅਦ ਪਹਿਲੀ ਵਾਰ ਇਕ ਫ਼ੀਸਦੀ ਅੰਕ ਦੀ ਬੜ੍ਹਤ ਹਾਸਲ ਕੀਤੀ ਹੈ। ਏ.ਬੀ.ਸੀ. ਨਿਊਜ਼-ਵਾਸ਼ਿੰਗਟਨ ਪੋਸਟ ਸਰਵੇਖਣ ਵਿਚ ਟਰੰਪ ਨੇ ਹਿਲੇਰੀ 'ਤੇ ਬੜ੍ਹਤ ਬਣਾ ਲਈ ਹੈ। ਇਸ ਮੁਤਾਬਕ ਰਿਪਬਲਿਕਨ ਉਮੀਦਵਾਰ ਨੂੰ 46 ਫੀਸਦੀ ਲੋਕਾਂ ਦਾ ਸਮਰਥਨ ਮਿਲਿਆ, ਜਦਕਿ ਸਾਬਕਾ ਵਿਦੇਸ਼ ਮੰਤਰੀ ਦਾ 45 ਫ਼ੀਸਦੀ ਲੋਕਾਂ ਨੇ ਸਮਰਥਨ ਕੀਤਾ। ਸਰਵੇਖਣ ਮੁਤਾਬਕ ਹਿਲੇਰੀ ਦੇ ਵਿਧ ਮੰਤਰੀ ਰਹਿੰਦਿਆਂ



ਇਕ ਨਿੱਜੀ ਈਮੇਲ ਸਰਵਰ ਦਾ ਇਸਤੇਮਾਲ ਕਰਨ 'ਤੇ ਛਿੜੇ ਵਿਵਾਦ ਦੇ ਚਲਦਿਆਂ ਇਸ ਤਰ੍ਹਾਂ ਦਾ ਨਤੀਜਾ ਆਉਣ ਦਾ ਅਨੁਮਾਨ ਲਾਇਆ ਜਾ ਰਿਹਾ ਹੈ। ਇਸੇ ਦੌਰਾਨ ਕਲਿੰਟਨ ਤੇ ਟਰੰਪ ਵ੍ਹਾਈਟ ਹਾਊਸ ਪਹੁੰਚਣ ਲਈ ਸੋਸ਼ਲ ਮੀਡੀਆ 'ਤੇ ਭਰੋਸਾ ਕਰ ਰਹੇ ਹਨ। ਦੋਹਾਂ ਕੋਲ ਖ਼ੁਦ ਦਾ ਪ੍ਰੋਡਕਸ਼ਨ ਹਾਊਸ ਹੈ। ਇਸ ਵਿਚ ਵੀਡੀਓਗ੍ਰਾਫ਼ਰ, ਡਿਜ਼ਾਈਨਰ, ਕੰਟੈਂਟ ਰਾਈਟਰ, ਸੋਸ਼ਲ ਮੀਡੀਆ ਮਾਹਰ, ਗ੍ਰਾਫ਼ਿਕਸ ਆਰਟਿਸਟ ਦੀ ਟੀਮ ਹੈ। 80 ਫ਼ੀਸਦੀ ਪ੍ਰਚਾਰ ਡਿਜੀਟਲ ਮੀਡੀਆ ਰਾਹੀਂ ਹੋ ਰਿਹਾ ਹੈ।




















Spice Jar
INDIAN CUISINE
-Specializing in Tandoor (Clay Oven)
-Vegetarian and Non-Vegetarian Curry
We Specialize in Catering All Occasions 50-1200 GUESTS
Lunch Buffet
7 Days
11am-3pm
$9.99
Buffet 11am - 3pm
Ala Carte 5pm - 10pm
Call or Email for Catering:
spicejargrill@gmail.com
LUNCH BUFFET ALL YOU CAN EAT
$1 OFF*
(VALID UP TO 4 PEOPLE. TOTAL DISCOUNT $4) WITH THIS COUPON ONLY. LIMIT ONE COUPON PER CUSTOMER.
20% OFF* ENTIRE DINNER CHECK
(MENU ONLY. NOT VALID WITH BUFFET) WITH THIS COUPON ONLY. LIMIT ONE COUPON PER CUSTOMER.
17052 Slover Ave. Fontana, CA 92337
909-350-7010
@spice_jar
spicejarfontana
www.spicejar.net


CHAAT BHAVAN RESTAURANT
CHAAT BHAVAN®
Best Name for Indian Vegetarian Food
DINE IN • TAKE OUT • CATERING • DELIVERY
ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।
FOR CATERING INQUIRIES:
408.472.0229
Catering
FULL SERVICE CATERING FOR YOUR SPECIAL EVENT
from 50 to upto 10,000 guests.
Setup a Tasting Appointment Today!
5355 MOWRY AVENUE • FREMONT
510.795.1100
976 E. EL CAMINO REAL • SUNNYVALE
408.795.1100
4112 GRAFTON ST • DUBLIN
925.829.1700
WWW.CHAATBHAVAN.COM

# ਸਿੱਖ ਨਸਲਕੁਸ਼ੀ ਦੀ ਯੋਜਨਾ ਇੰਦਰਾ ਸਰਕਾਰ ਨੇ ਬਹੁਤ ਪਹਿਲਾਂ ਘੜ ਲਈ ਸੀ : ਇਕਤਦਾਰ ਚੀਮਾ







## ਭਾਈ ਬੇਅੰਤ ਸਿੰਘ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ

**ਟਰਲਕ/ਬਿਊਰੋ ਨਿਊਜ਼ :** ਟਰਲਕ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਸੰਗਤਾਂ ਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਬੰਦੀ ਛੋੜ ਦਿਵਸ ਮਨਾਇਆ। ਇਸ ਮੌਕੇ ਸ੍ਰੀ ਅਕਾਲ ਤੱਖਤ ਸਾਹਿਬ ਨੂੰ ਟੈਂਕਾਂ ਤੋਪਾਂ ਨਾਲ ਢਹਾਉਣ ਤੇ ਹਜ਼ਾਰਾਂ ਨਿਰਦੋਸ਼ ਸਿੱਖਾਂ ਦੇ ਕਤਲੇਆਮ ਲਈ ਜ਼ਿੰਮੇਵਾਰ ਇੰਦਰਾ ਗਾਂਧੀ ਦੇ ਕਾਤਲ ਭਾਈ ਬੇਅੰਤ ਸਿੰਘ, ਭਾਈ ਕੇਹਰ ਸਿੰਘ ਤੇ ਭਾਈ ਸਤਵੰਤ ਸਿੰਘ ਵਿਚੋਂ ਭਾਈ ਬੇਅੰਤ ਸਿੰਘ ਦੇ ਸ਼ਹੀਦੀ ਦਿਵਸ ਦੀ 32ਵੀਂ ਵਰੇਗੰਢ 'ਤੇ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਇਸ ਤੋਂ ਬਾਅਦ ਭਾਰਤ ਸਰਕਾਰ ਵਲੋਂ ਪੂਰੇ ਭਾਰਤ ਵਿਚ ਕੀਤੀ ਗਈ ਸਿੱਖ ਨਸਲਕੁਸ਼ੀ ਬਾਰੇ ਗਹਿਰ ਗੰਭੀਰ ਚਰਚਾ ਕਰਵਾਈ ਗਈ।

ਗੁਰਦੁਆਰਾ ਸਾਹਿਬ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਤਿੰਨ ਦਿਨ ਚੱਲੇ ਇਸ ਪ੍ਰੋਗਰਾਮ ਦੌਰਾਨ ਬਾਣੀ ਦੇ ਪ੍ਰਵਾਹ ਚੱਲੇ ਤੇ ਹਫਤਾਵਾਰੀ ਦੀਵਾਨ ਵਿਚ ਸੰਪੂਰਨਤਾ ਹੋਈ। ਬੱਚਿਆਂ ਲਈ ਸਿੱਖ ਇਤਿਹਾਸ ਜਾਣਨ ਤੇ ਮਾਂ ਬੋਲੀ ਪੰਜਾਬੀ ਦੀ ਮਹੱਤਤਾ ਦੀ ਲੋੜ ਉਤੇ ਭਾਈ ਦਵਿੰਦਰ ਸਿੰਘ ਨੇ ਚਾਨਣਾ ਪਾਇਆ। ਮੁੱਖ ਦੀਵਾਨ ਹਾਲ ਵਿਚ ਕਥਾ ਕੀਰਤਨ ਦੀ ਸਮਾਪਤੀ ਤੋਂ ਬਾਅਦ ਮੁੱਖ ਬੁਲਾਰਿਆਂ ਵਿਚ ਸ਼ਾਮਲ ਬੀਬੀ ਨੀਨਾ ਕੌਰ, ਜੋ ਮਨੋਵਿਗਿਆਨ ਦੀ ਡਾਕਟਰੇਟ ਕਰ ਰਹੇ ਹਨ, ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ. ਅਮਰਜੀਤ ਸਿੰਘ ਤੇ ਇੰਗਲੈਂਡ ਤੋਂ ਡਾ. ਇਕਤਦਾਰ ਚੀਮਾ ਅਤੇ ਅਮੈਰੀਕਨ ਸਿੱਖ ਜਥੇਬੰਦੀ ਦੇ ਭਾਈ ਦਵਿੰਦਰ ਸਿੰਘ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਬੁਲਰਿਆਂ ਨੇ ਸਿੱਖ ਸ਼ਹਾਦਤ ਬਾਰੇ ਕਿਹਾ ਕਿ ਭਾਈ ਬੇਅੰਤ ਸਿੰਘ ਨੇ ਧਰਮ ਦੀ ਹਾਨੀ ਕਰਨ ਵਾਲੇ ਨੂੰ ਸਜ਼ਾ ਦੇ ਕੇ ਜਾਮੇ-ਸ਼ਹਾਦਤ ਹਾਸਲ ਕੀਤਾ। ਡਾ. ਇਕਤਦਾਰ ਚੀਮਾ ਨੇ ਕਿਹਾ ਕਿ ਭਾਰਤ ਸਰਕਾਰ ਨੇ ਸਿੱਖ ਨਸਲਕੁਸ਼ੀ ਦੀ ਯੋਜਨਾ ਬਹੁਤ ਪਹਿਲਾਂ ਬਣਾ ਲਈ ਸੀ ਤੇ ਇਹ ਵਾਪਰਨੀ ਹੀ ਵਾਪਰਨੀ ਸੀ, ਸਿਰਫ ਵਕਤ ਦਾ ਹੇਰ ਫੇਰ ਹੋ ਸਕਦਾ ਸੀ। ਵੋਟਾਂ ਵਿਚ ਜਿੱਤ ਹਾਸਲ ਕਰਨ ਲਈ ਇੰਦਰਾ ਕੁਝ ਵੀ ਕਰ ਸਕਦੀ ਸੀ। ਇਸ ਤੋਂ ਇਲਾਵਾ ਵੀ ਘੱਟ ਗਿਣਤੀਆਂ ਨੂੰ ਡਰਾ ਕੇ ਹਿੰਦੂ ਬਹੁਗਿਣਤੀ ਦੇ ਦਿਲ ਜਿੱਤਣ ਦੀ ਵਹਿਸ਼ੀ ਰਾਸ਼ਟਰੀ ਯੋਜਨਾ ਦੀ ਸ਼ੁਰੂਆਤ ਵੀ ਕਰਨੀ ਸੀ। ਐਮਰਜੈਂਸੀ ਦਾ ਵਿਰੋਧ ਕਰਨ ਵਿਚ ਸਿੱਖ ਮੋਹਰੀ ਸਨ ਤੇ ਇਸੇ ਕਰਕੇ ਸਿੱਖ ਇੰਦਰਾ ਗਾਂਧੀ ਦੇ ਨਿਸ਼ਾਨੇ ਉਤੇ ਸਨ ਤੇ ਜਦ ਇੰਦਰਾ ਦਾ ਕਤਲ ਹੋਇਆ ਤਾਂ ਸਾਰਾ ਗੁੱਸਾ ਸਿੱਖ ਕੌਮ ਉਤੇ ਕੱਢਿਆ ਗਿਆ ਤੇ ਪੂਰੇ ਭਾਰਤ ਵਿਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਸਰਕਾਰੀ ਹੁਕਮਾਂ 'ਤੇ ਹੋਇਆ। ਇਸ ਨਸਲਘਾਤ ਵਿਚ ਭਾਰਤ ਸਰਕਾਰ ਤੇ ਇਸ ਦੇ ਅਫਸਰਾਂ, ਕਾਂਗਰਸੀ ਆਗੂਆਂ, ਭਾਜਪਾ-ਆਰ.ਐਸ.ਐਸ. ਦੇ ਜ਼ਾਲਮ ਗਠਜੋੜ ਨੇ ਹਿੱਸਾ ਲਿਆ। ਪਰ ਹੁਣ ਮਾਮਲਾ ਗੰਭੀਰ ਇਹ ਹੈ ਕਿ ਸਿੱਖ ਕੌਮ

ਬਾਕੀ ਸਫ਼ਾ 30 'ਤੇ

# ਸਿੰਘ ਸਭਾ ਮਿਲਪੀਟਸ ਦਾ ਸਿੱਖ ਬੱਚਿਆਂ ਨੂੰ ਗੁਰਮਤਿ ਗਿਆਨ ਨਾਲ ਜੋੜਨ ਦਾ ਉਪਰਾਲਾ ਸ਼ਲਾਘਾਯੋਗ : ਡਾ. ਦਵਿੰਦਰ ਸਿੰਘ

**ਮਿਲਪੀਟਸ/ਬਿਊਰੋ ਨਿਊਜ਼ :** ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਰਜਿਸਟਰਾਰ ਡਾਕਟਰ ਦਵਿੰਦਰ ਸਿੰਘ ਨੇ ਸਾਨ ਫਰਾਂਸਿਸਕੋ ਵਿਖੇ ਹੋਈ ਜੁਆਲੋਜੀ ਦੀ ਕਾਨਫਰੰਸ ਵਿਚ ਹਿੱਸਾ ਲਿਆ। ਇਸ ਫੇਰੀ ਦੌਰਾਨ ਉਨ੍ਹਾਂ ਨੇ ਸਿੰਘ ਸਭਾ ਮਿਲਪੀਟਸ ਵਿਚ ਚਲਦੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰਮਤਿ ਗਿਆਨ ਆਨ ਲਾਈਨ ਸਟੱਡੀ ਸੈਂਟਰ ਦੇਖਣ ਸਮੇਂ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਸਿੰਘ ਸਭਾ ਮਿਲਪੀਟਸ ਦਾ ਸਿੱਖ ਬੱਚਿਆਂ ਨੂੰ ਗੁਰਮਤਿ ਗਿਆਨ ਨਾਲ




ਜੋੜਨ ਦਾ ਇਹ ਵਧੀਆ ਉਪਰਾਲਾ ਹੈ। ਉਨ੍ਹਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪੂਰਨ ਸਹਿਯੋਗ ਦੇਣ ਦਾ ਭਰੋਸਾ ਵੀ ਦਵਾਇਆ। ਜ਼ਿਕਰਯੋਗ ਹੈ ਕਿ ਡਾ. ਦਵਿੰਦਰ ਸਿੰਘ www.punjabipedia.org ਪ੍ਰੋਜੈਕਟ ਦੇ ਸਹਾਇਕ ਵੀ ਹਨ। ਉਨ੍ਹਾਂ ਦੱਸਿਆ ਕਿ ਇਸ ਵੈੱਬਸਾਈਟ 'ਤੇ ਤੁਸੀਂ ਮਹਾਨ ਕੋਸ਼, ਐਨਸਾਈਕਲੋਪੀਡੀਆ ਆਫ਼ ਸਿੱਖਇਜ਼ਮ ਅਤੇ ਹੋਰ ਹੱਥ-ਲਿਖਤਾਂ ਬਾਰੇ ਵੀ ਜਾਣਕਾਰੀ ਲੈ ਸਕਦੇ ਹੋ। ਇਸ ਨਾਲ 300,000 ਲੋਕ ਜੁੜੇ ਹੋਏ ਹਨ। ਡਾ. ਦਵਿੰਦਰ ਸਿੰਘ ਨੇ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਉਹ ਇਸ ਵੈੱਬਸਾਈਟ (www.punjabipedia.org) 'ਤੇ ਜਾ ਕੇ ਪੰਜਾਬੀ ਸ਼ਬਦ ਅਤੇ ਉਨ੍ਹਾਂ ਦੇ ਅਰਥ ਲੱਭਣ ਤਾਂ ਜੋ ਪੰਜਾਬੀ ਭਾਸ਼ਾ ਨੂੰ ਹੋਰ ਪ੍ਰਫੁੱਲਤ ਕੀਤਾ ਜਾ ਸਕੇ। ਇਸ ਮੌਕੇ ਉੱਤੇ ਗੁਰੂ ਘਰ ਦੇ ਸੇਵਾਦਾਰ ਭਾਈ ਜਸਵੰਤ ਸਿੰਘ ਹੋਠੀ, ਭਾਈ ਬਲਬੀਰ ਸਿੰਘ ਢਿਲੋਂ, ਭਾਈ ਗੁਰਦੇਵ ਸਿੰਘ ਬਲ ਅਤੇ ਹੋਰ ਪਤਵੰਤੇ ਹਾਜ਼ਰ ਸਨ।



Mortgage Rates ਇਤਿਹਾਸਕ Low ਹਨ
Residential and Commerical
No Tax Returns
Credit Score as low as 500
ਇਕ ਤੋਂ ਵੱਧ Lenders ਦੇ rates ਲਵੋ
Self Employed - No W2 - Stated Income Loans available
ਇਕ ਸਾਲ ਦੇ Tax returns ਨਾਲ ਆਪਣਾ Loan approve ਕਰਵਾਓ।
3% down payment ਦੇ ਨਾਲ ਆਪਣਾ ਨਵਾਂ ਘਰ ਖਰੀਦੋ, ਕੋਈ PMI ਨਹੀਂ
Foreign National Loans available
ratebeat MORTGAGE
RateBeat LLC (NMLS ID: 1267188)
(877) 877-7575
Gas Stations - Hotels/Motels
Multi-Family-Retail
Warehouse- Self-Storage
Auto Service
ਅੱਜ ਹੀ ਕਾਲ ਕਰੋ
Nirmal Singh Mann
(NMLS 357314)
EQUAL HOUSING LENDER
(877) 877-7575, www.ratebeat.com

# SIKH GURDWARA OF LOS ANGELES LANKERSHIM

## CELEBRATING PARKASH PURB OF SHRI GURU NANAK DEV JI



ON
Nov 13, 2016



BHAI JAGJIT SINGH JI KOMAL DARBAR SAHIB

| | |
|---|---|
| ARAMBH OF SHRI AKHAND PATH SAHIB | 11 NOVEMBER 2016 |
| BHOG OF SHRI AKHAND PATH SAHIB | 13 NOVEMBER 2016 |

KATHA, KIRTAN WILL BE PERFORMED BY FOLLOWING RAGI JATHAS

- BHAI JAGJIT SINGH JI KOMAL (DARBAR SAHIB)
- DHADHI JATHA BHAI DALJIT SINGH JI MALHI
- BABA SURJIT SINGH JI
- BHAI JATINDER SINGH JI JOT



DHADHI BHAI DALJIT SINGH JI MALHI

Guru Ka Langar Sewa By: Mondair & Sira Family
Shri Akhand Path Sewa By: Harjinder Singh And Family

AT
SIKH GURDWARA OF LOS ANGELES
7640 LANKERSHIM BLVD,
NORTH HOLLYWOOD, CA 91605

| | | | |
|---|---|---|---|
| Gurcharan S Bains | (661)-877-6461 | Ranjit S. Kamboj | (626)-676-1664 |
| Inderbir S. Nat | (818)-429-5313 | Harmander S Grewal | (818)-606-7894 |
| Paramjit S. Cheema | (661)- 993-3369 | Charanjit S Deol | (661)-839-5563 |
| Satgurjit S Pawar | (714)-728-4653 | Baba Surjit Singh Ji | (818)-423-8000 |
| Ramandeep Singh | (818)-465-4692 | Manjit S. Pandher | (818)-398-9262 |



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਭਾਈ ਜੋਗਾ ਸਿੰਘ ਖਾਲਿਸਤਾਨੀ ਦੀ ਯਾਦ ਵਿਚ 13 ਨਵੰਬਰ ਨੂੰ ਸਹਿਜ ਪਾਠ ਦੇ ਭੋਗ ਪਾਏ ਜਾਣਗੇ

**ਸ਼ਿਕਾਗੋ/ਮੱਖਣ ਸਿੰਘ ਕਲੇਰ:**
ਸ਼ਹੀਦ ਭਾਈ ਜੋਗਾ ਸਿੰਘ ਖਾਲਿਸਤਾਨੀ ਦੀ ਯਾਦ ਵਿਚ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਵੱਲੋਂ ਸਾਂਝੇ ਤੌਰ ਤੇ ਸਹਿਜ ਪਾਠ ਆਰੰਭ ਕਰਵਾਏ ਗਏ ਹਨ ਜਿਨ੍ਹਾਂ ਦੇ ਭੋਗ 13 ਨਵੰਬਰ ਐਤਵਾਰ ਨੂੰ ਪਾਏ ਜਾਣਗੇ।

ਵਰਨਣਯੋਗ ਹੈ ਕਿ ਭਾਈ ਜੋਗਾ ਸਿੰਘ ਕੌਮ ਦਾ ਉਹ ਅਨਮੋਲ ਹੀਰਾ ਸੀ, ਜੋ ਕਿ ਕੌਮ ਕੋਲੋਂ ਖੁਸ ਗਿਆ ਹੈ। ਭਾਈ ਜੋਗਾ ਸਿੰਘ ਦੇ ਤੁਰ ਜਾਣ ਨਾਲ ਕੌਮ ਨੂੰ ਬਹੁਤ ਘਾਟਾ ਪਿਆ ਹੈ। ਪੰਜਾਬ ਵਿਚ ਜਿਥੇ ਵੀ ਕਿਤੇ ਪੰਥ ਨੇ ਨੌਜਵਾਨਾਂ ਨੂੰ ਆਵਾਜ਼ ਦਿੱਤੀ, ਭਾਈ ਜੋਗਾ ਸਿੰਘ ਆਪਣੇ ਸਾਥੀਆਂ ਸਮੇਤ ਪਹਿਲ ਦੇ ਅਧਾਰ ਤੇ ਪਹੁੰਚਦਾ ਸੀ। ਪੰਜਾਬ ਵਿਚ ਹੁਣ ਜਿਥੇ ਧਰਨੇ ਜਾਂ ਰੋਸ ਮੁਜਾਹਰੇ ਹੋਇਆ ਕਰਨਗੇ, ਉਥੇ ਭਾਈ ਜੋਗਾ ਸਿੰਘ ਦੀ ਗੈਰ ਹਾਜ਼ਰੀ ਜ਼ਰੂਰ ਰੜਕੇਗੀ। ਉਸ ਦੀ ਘਾਟ ਮਹਿਸੂਸ ਕੀਤੀ ਜਾਇਆ ਕਰੇਗੀ।

ਅਕਾਲੀ ਦਲ ਅੰਮ੍ਰਿਤਸਰ ਯੂ ਐ ਏ ਦੇ ਆਗੂਆਂ ਦਾਰਾ ਸਿੰਘ, ਹਰਿੰਦਰਪਾਲ ਸਿੰਘ, ਅੱਛਰ ਸਿੰਘ, ਜਤਿੰਦਰ ਸਿੰਘ, ਗੁਰਜੀਤ ਸਿੰਘ, ਹਰਜੀਤ ਸਿੰਘ ਗਿੱਲ, ਹਰਕੀਰਤ ਸਿੰਘ ਸੰਧੂ, ਸੁਖਵਿੰਦਰ ਸਿੰਘ ਗਿੱਲ ਅਤੇ ਮੱਖਣ ਸਿੰਘ ਕਲੇਰ ਵਲੋਂ ਸ਼ਿਕਾਗੋ ਦੀਆਂ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 13 ਨਵੰਬਰ ਐਤਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਭਾਈ ਜੋਗਾ ਸਿੰਘ ਖਾਲਿਸਤਾਨੀ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕੀਤੇ ਜਾਣ।

# ਯੂਬਾਸਿਟੀ, ਕੈਲੀਫੋਰਨੀਆ ਦਾ 37ਵਾਂ ਸਾਲਾਨਾ ਵਿਸ਼ਵ ਪ੍ਰਸਿੱਧ ਨਗਰ ਕੀਰਤਨ 6 ਨਵੰਬਰ ਨੂੰ

**ਯੂਬਾਸਿਟੀ/ਹੁਸਨ ਲੜੋਆ ਬੰਗਾ:** ਯੂਬਾਸਿਟੀ ਵਿਖੇ ਹਰ ਸਾਲ ਪੂਰੀ ਸ਼ਾਨੋ ਸ਼ੌਕਤ ਨਾਲ ਕੱਢਿਆ ਜਾਣ ਵਾਲਾ ਵਿਸ਼ਵ ਪ੍ਰਸਿੱਧ ਨਗਰ ਕੀਰਤਨ ਅਤੇ ਸ਼ਾਨਦਾਰ 36 ਸਾਲਾਂ ਦਾ ਸਫ਼ਰ ਪੂਰਾ ਕਰਕੇ 37ਵੇਂ ਸਾਲ ਵਿਚ ਪ੍ਰਵੇਸ਼ ਕਰ ਗਿਆ ਹੈ। ਇਸ ਸਾਲ ਇਹ ਮਹਾਨ ਨਗਰ ਕੀਰਤਨ ਐਤਵਾਰ 6 ਨਵੰਬਰ 2016 ਨੂੰ ਯੂਬਾਸਿਟੀ ਵਿਖੇ ਕੱਢਿਆ ਜਾ ਰਿਹਾ ਹੈ। ਇਸ ਵਾਰ ਯੂਬਾਸਿਟੀ ਦੇ ਗੁਰੂਘਰ ਟਾਇਰਾ ਬਿਊਨਾ ਦੀ ਨਵੀਂ ਪ੍ਰਬੰਧਕ ਕਮੇਟੀ ਨਗਰ ਕੀਰਤਨ ਦਾ ਪ੍ਰਬੰਧ ਕਰ ਰਹੀ ਹੈ। ਇਸੇ ਕਮੇਟੀ ਦੀ ਅਗਵਾਈ ਵਿਚ ਇਹ ਵਿਸ਼ਾਲ ਨਗਰ ਕੀਰਤਨ ਇਤਿਹਾਸਕ ਨਗਰ ਕੀਰਤਨ ਵਿਚ ਬਦਲ ਗਿਆ ਹੈ। ਐਤਕਾਂ ਨਗਰ ਕੀਰਤਨ ਦੇ ਬਾਨੀ ਦੀਦਾਰ ਸਿੰਘ ਬੈਂਸ ਅਤੇ ਉਨ੍ਹਾਂ ਦੇ ਸਹਿਯੋਗੀ ਸਰਬਜੀਤ ਥਿਆੜਾ, ਜਸਵੰਤ ਸਿੰਘ ਬੈਂਸ ਅਤੇ ਪਰਮਿੰਦਰ ਗਰੇਵਾਲ ਇਸ ਨਗਰ ਕੀਰਤਨ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਪੁਰਜ਼ੋਰ ਮਿਹਨਤ ਕਰ ਰਹੇ ਹਨ।



ਗੁਰੂ ਘਰ ਦੀ ਕਮੇਟੀ ਵੱਲੋਂ ਕਈ ਦਿਨਾਂ ਤੋਂ ਸੰਗਤਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਸੰਗਤਾਂ ਜੇਕਰ ਚਾਹੇ ਤਾਂ ਸਮੁੱਚੇ ਨਗਰ ਕੀਰਤਨ ਵਿਚ ਕਿਸੇ ਵੀ ਕਿਸਮ ਦੀ ਸੇਵਾ ਕਰਕੇ ਆਪਣਾ ਯੋਗਦਾਨ ਪਾ ਸਕਦੀਆਂ ਹਨ। ਪ੍ਰਬੰਧਕਾਂ ਨੇ ਦਸਿਆ ਕਿ ਨਗਰ ਕੀਰਤਨ ਮੌਕੇ ਮੁੱਖ ਤੌਰ ਉੱਤੇ ਭਾਈ ਤਾਰਾ ਸਿੰਘ ਜੀ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਯੂਬਾਸਿਟੀ, ਭਾਈ ਗਗਨਦੀਪ ਸਿੰਘ ਜੀ ਗੰਗਾ ਨਗਰ ਵਾਲੇ, ਭਾਈ ਉਂਕਾਰ ਸਿੰਘ ਜੀ ਊਨਾ ਵਾਲੇ, ਭਾਈ ਗੁਰਨਿਮਿਤ ਸਿੰਘ ਜੀ ਰਾਜ ਰੰਗੀਲਾ, ਭਾਈ ਹਰਨਾਮ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਭਾਈ ਗੁਰਪ੍ਰੀਤ ਸਿੰਘ ਜੀ ਲਖਵਿੰਦਰ ਸਿੰਘ ਸੋਹਲ ਦੇ ਢਾਡੀ ਜਥਾ ਅਤੇ ਗਿਆਨੀ ਸੁਖਵਿੰਦਰ ਸਿੰਘ ਗਰੇਵਾਲ ਦੇ ਢਾਡੀ ਜਥੇ ਤੋਂ ਇਲਾਵਾ ਸਿੱਖ ਪੰਥ ਦੇ ਉਚ ਕੋਟੀ ਦੇ ਰਾਗੀ ਜਥੇ, ਕਥਾਵਾਚਕ ਅਤੇ ਪ੍ਰਚਾਰਕ ਹਾਜ਼ਰੀ ਭਰਨਗੇ।

ਇਸ ਵਾਰ ਦੀ ਨਗਰ ਕੀਰਤਨ ਪਿਛਲੇ ਸਾਲ ਵਾਲੇ ਰੂਟ ਤੇ ਹੀ ਕੱਢਿਆ ਜਾਵੇਗਾ ਅਤੇ ਪਾਰਕ ਕੀਤੀਆਂ ਗੱਡੀਆਂ ਤੋਂ ਸੰਗਤ ਨੂੰ ਨਗਰ ਕੀਰਤਨ ਤੱਕ ਲਿਜਾਣ ਲਈ ਬੱਸਾਂ ਦਾ ਪ੍ਰਬੰਧ ਕੀਤਾ ਗਿਆ ਹੈ।

ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ ਹੈੱਡ ਗ੍ਰੰਥੀ ਭਾਈ ਸਾਹਿਬ ਸਿੰਘ 530-673-9918, ਜਸਵੰਤ ਸਿੰਘ ਬੈਂਸ 530-701-3971, ਸਰਬਜੀਤ ਸਿੰਘ ਥਿਆੜਾ 530-682-5861 ਜਾਂ ਪਰਮਿੰਦਰ ਸਿੰਘ ਗਰੇਵਾਲ 530-682-5850 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸ਼ਹੀਦ ਬੇਅੰਤ ਸਿੰਘ ਦੇ ਸਪੁੱਤਰ ਜਸਵਿੰਦਰ ਸਿੰਘ ਦਾ ਬਾਬਾ ਬੰਦਾ ਸਿੰਘ ਬਹਾਦਰ ਸੰਸਥਾ ਵੱਲੋਂ ਸਨਮਾਨ

**ਨਿਊਯਾਰਕ/ਬਿਊਰੋ ਨਿਊਜ਼:**
ਸ਼ਹੀਦ ਭਾਈ ਬੇਅੰਤ ਸਿੰਘ, ਜਿਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਹਮਲੇ ਦਾ ਬਦਲਾ ਲੈਣ ਲਈ ਉਸ ਵੇਲੇ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਗੋਲੀਆਂ ਨਾਲ ਉਡਾ ਦਿੱਤਾ ਸੀ, ਉਨ੍ਹਾਂ ਦੇ ਸਪੁੱਤਰ ਜਸਵਿੰਦਰ ਸਿੰਘ ਬੀਤੇ ਦਿਨੀਂ ਨਿਊਯਾਰਕ ਵਿਚ ਪਹੁੰਚੇ। ਗੁਰਦੁਆਰਾ ਸੰਤ ਸਾਗਰ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਸੰਸਥਾ ਵੱਲੋਂ ਜਸਵਿੰਦਰ ਸਿੰਘ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਪ੍ਰਧਾਨ ਟਹਿਲ ਸਿੰਘ, ਸਕੱਤਰ ਰਜਿੰਦਰ ਸਿੰਘ, ਭੁਪਿੰਦਰ ਸਿੰਘ ਬੋਪਾਰਾਇ, ਬਾਬਾ ਸੱਜਣ ਸਿੰਘ ਜੀ, ਸਤਨਾਮ ਸਿੰਘ ਜੀ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ। ਜਸਵਿੰਦਰ ਸਿੰਘ ਨੇ ਸੰਸਥਾ ਦਾ ਧੰਨਵਾਦ ਕੀਤਾ।












# ਕੌਂਸਲੇਟ ਜਰਨਲ ਨਾਲ ਪ੍ਰਵਾਸੀ ਸਿੱਖਾਂ ਦੇ ਲਟਕ ਰਹੇ ਮਸਲਿਆਂ ਬਾਰੇ ਵਿਚਾਰਾਂ

**ਮਿਲਵਾਕੀ/ਹੁਸਨ ਲੜੋਆ ਬੰਗਾ:** ਵਿਦੇਸ਼ਾਂ ਵਿਚ ਰਹਿ ਰਹੇ ਸਿੱਖਾਂ, ਖਾਸ ਕਰਕੇ ਜਿਨ੍ਹਾਂ ਨੇ ਰਾਜਨੀਤਕ ਸ਼ਰਨ ਲਈ ਹੋਈ ਹੈ, ਉਨ੍ਹਾਂ ਦੇ ਭਾਰਤੀ ਸਫਰਤਖਾਨਿਆਂ ਵਿਚ ਪਾਸਪੋਰਟ, ਵੀਜ਼ਾ, ਪਾਵਰ ਆਫ਼ ਅਟਾਰਨੀ ਦੇ ਲਟਕ ਰਹੇ ਮਸਲਿਆਂ ਬਾਰੇ ਜਾਣਕਾਰੀ ਦੇਣ ਲਈ ਗੈਸ ਸਟੇਸ਼ਨਾਂ ਦੇ ਮਾਲਕ ਧਨਾਡ ਸਿੱਖ ਆਗੂ ਦਰਸ਼ਨ ਸਿੰਘ ਧਾਲੀਵਾਲ ਦੇ ਘਰ ਇਕ ਵਿਸ਼ੇਮਿਲਣੀ



ਹੋਈ। ਇਸ ਮੀਟਿੰਗ ਵਿਚ ਭਾਰਤੀ ਦੂਤਾਵਾਸ ਦੇ ਕੌਂਸਲੇਟ ਜਰਨਲ ਡਾ. ਅਸਾਫ ਸਈਅਦ (ਸ਼ਿਕਾਗੋ) ਅਤੇ ਭਾਰਤੀ ਜਨਤਾ ਪਾਰਟੀ ਦੇ 16 ਦੇਸ਼ਾਂ ਦੇ ਇੰਚਾਰਜ਼ ਚੇਅਰਮੈਨ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਸ਼ਵਾਸ਼ ਪਾਤਰ ਵੀਭਾਵ ਕਾਂਤ ਉਪਧਿਆਏ ਇਨ੍ਹਾਂ ਮਸਲਿਆਂ ਬਾਰੇ ਜਾਣਕਾਰੀ ਦੇਣ ਆਏ। ਦੋਨਾਂ ਆਗੂਆਂ ਨੇ ਇਨ੍ਹਾਂ ਮਸਲਿਆਂ ਤੇ ਸੰਜੀਦਗੀ ਨਾਲ ਭਾਰਤ ਸਰਕਾਰ ਨਾਲ ਗੱਲਬਾਤ ਕਰਨ ਦਾ ਭਰੋਸਾ ਦਿੱਤਾ ਅਤੇ ਕਿਹਾ ਕਿ ਕਾਫੀ ਹੱਦ ਤੱਕ ਇਹ ਮਸਲੇ ਹੱਲ ਹੋ ਚੁੱਕੇ ਹਨ ਅਤੇ ਵੀਜ਼ੇ ਪਾਸਪੋਰਟ ਕਾਨੂੰਨ ਅਨੁਸਾਰ ਦਿੱਤੇ ਜਾ ਰਹੇ ਹਨ। ਇਸ ਮਿਲਣੀ ਵਿਚ ਸੁਖਵਿੰਦਰ ਸਿੰਘ ਅਬਲੋਵਾਲ, ਬਚਨ ਸਿੰਘ ਗਿੱਲ, ਕਰਨਦੀਪ ਸਿੰਘ ਰੱਖੜਾ, ਅਰਸ਼ ਚਾਹਲ, ਬਖਸ਼ਿੰਦਰ ਸਿੰਘ, ਵਿਪਨ ਦੱਤਾ ਅਤੇ ਮਹਾਜਨ ਸ਼ਾਮਲ ਸਨ।

## ਸਿੱਖ ਹੈਲਪਲਾਈਨ ਚੈਰਿਟੀ ਲਈ ਬਾਈਕ ਰਾਈਡ ਕਰਵਾਈ

**ਬਰਮਿੰਘਮ/ਬਿਊਰੋ ਨਿਊਜ਼ :** ਇਥੇ ਸਿੱਖ ਹੈਲਪਲਾਈਨ ਚੈਰਿਟੀ ਬਾਈਕ ਰਾਈਡ ਕਰਵਾਈ ਗਈ, ਜਿਸ ਨੂੰ ਪਿਛਲੇ ਵਰ੍ਹੇ ਨਾਲੋਂ ਵੀ ਜ਼ਿਆਦਾ ਹੁੰਗਾਰਾ ਮਿਲਿਆ। ਇਸ ਵਿਚ ਸੌ ਤੋਂ ਵੱਧ ਸਾਈਕਲ ਸਵਾਰਾਂ ਨੇ ਹਿੱਸਾ ਲਿਆ। ਸਿੱਖ ਹੈਲਪਲਾਈਨ ਚੈਰਿਟੀ




ਲਈ ਗੁਰਦੁਆਰਾ ਸਾਹਿਬ ਦੇ ਮੈਂਬਰਾਂ, ਪੁਲੀਸ ਅਫ਼ਸਰਾਂ, ਸਥਾਨਕ ਕਾਰੋਬਾਰੀਆਂ ਤੇ ਅਧਿਆਪਕਾਂ ਨੇ ਮਿਲ ਕੇ ਭਰਵਾਂ ਉਤਸ਼ਾਹ ਦਿਖਾਇਆ। ਇਹ ਸਾਈਕਲ ਸਵਾਰ 30 ਮੀਲ ਦਾ ਸਫ਼ਰ ਕਰਦੇ ਹੋਏ ਵੱਖ ਵੱਖ ਗੁਰਦੁਆਰਿਆਂ ਵਿਚ ਰੁਕੇ ਅਤੇ ਮਸ਼ਹੂਰ ਸਾਕਾਹਾਰੀ ਰੇਸਤਰਾਂ ਮਿਸਟਰ ਸਿੰਘਜ਼ ਪੀਜ਼ਾ 'ਤੇ ਰੁਕੇ। ਹਰੇਕ ਠਹਿਰਾਅ 'ਤੇ ਸਾਈਕਲ ਸਵਾਰਾਂ ਲਈ ਵਿਸ਼ੇਸ਼ ਤੌਰ 'ਤੇ ਲੰਗਰ ਅਤੇ ਖਾਣ-ਪੀਣ ਦਾ ਪ੍ਰਬੰਧ ਕੀਤਾ ਗਿਆ ਸੀ। ਇਸ ਦੇ ਨਾਲ ਨਾਲ ਕੀਰਤਨ ਵੀ ਹੋ ਰਿਹਾ ਸੀ। ਇਨ੍ਹਾਂ ਸਾਈਕਲ ਸਵਾਰਾਂ ਵਿਚ ਸ਼ਾਮਲ ਜੈਜ਼ ਬੈਂਸ, ਟੀ.ਵੀ. ਰਿਪੇਅਰ ਕੰਪਨੀ ਤੋਂ ਸੁਖਦੇਵ ਸਿੰਘ, ਵੈਸਟ ਮਿਡਲੈਂਡਜ਼ ਪੁਲੀਸ ਸਿੱਖ ਐਸੋਸੀਏਸ਼ਨ ਤੋਂ ਜਗ ਸਿੰਘ, ਨਿਸ਼ਕਾਮ ਸੈਂਟਰ ਦੇ ਡਾਇਰੈਕਟਰ ਅਮਰੀਕ ਸਿੰਘ ਉਭੀ, ਸਿੱਖ ਹੈਲਪਲਾਈਨ ਦੇ ਸੀ.ਈ.ਓ. ਗਿਆਨੀ ਸੁੱਖਾ ਸਿੰਘ, ਬੈਰਿਸਟਰ ਬਲਜੀਤ ਸਿੰਘ ਨੇ ਆਪਣੇ ਆਪਣੇ ਵਿਚਾਰ ਅਤੇ ਤਜਰਬੇ ਸਾਂਝੇ ਕੀਤੇ।

# ਕੁਦਰਤੀ ਸਰੋਤਾਂ ਨੂੰ ਬੇਕਿਰਕੀ ਨਾਲ ਆਪਣੇ ਕਬਜ਼ੇ ਹੇਠ ਲੈ ਰਿਹੈ ਵਿਸ਼ਵੀਕਰਨ : ਪੰਧੇਰ

## *'ਵਿਸ਼ਵੀਕਰਨ ਬਨਾਮ ਸਾਹਿਤ, ਸਭਿਆਚਾਰ ਅਤੇ ਆਮ ਲੋਕ' ਵਿਸ਼ੇ 'ਤੇ ਵਿਚਾਰ ਚਰਚਾ*

**ਸਟਾਕਟਨ/ਹੁਸਨ ਲੜੋਆ ਬੰਗਾ:** ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਸਮੂਹ ਮੈਂਬਰਾਂ ਵਲੋਂ 23 ਅਕਤੂਬਰ ਨੂੰ ਨੇੜਲੇ ਕਸਬੇ ਫਰੈਂਚ ਕੈਂਪ ਦੇ 'ਇੰਡੀਆ ਤਾਜ਼ ਕੁਜ਼ੀਨ' ਵਿਖੇ 'ਵਿਸ਼ਵੀਕਰਨ ਬਨਾਮ ਸਾਹਿਤ, ਸਭਿਆਚਾਰ ਅਤੇ ਆਮ ਲੋਕ' ਵਿਸ਼ੇ ਉੱਪਰ ਵਿਚਾਰ-ਚਰਚਾ ਕੀਤੀ ਗਈ। ਹਰਜਿੰਦਰ ਪੰਧੇਰ ਵਲੋਂ ਹਾਜ਼ਰ ਮੈਂਬਰਾਂ ਨੂੰ ਜੀ ਆਇਆਂ ਕਹਿਣ ਉਪਰੰਤ ਗੋਸ਼ਟੀ ਲਈ ਚੁਣੇ ਗਏ ਇਸ ਮਹੱਤਵਪੂਰਨ ਵਿਸ਼ੇ 'ਤੇ ਉਨ੍ਹਾਂ ਦਾ ਧਿਆਨ ਕੇਂਦਰਤ ਕੀਤਾ ਗਿਆ। ਉਨ੍ਹਾਂ ਵਿਸ਼ਵੀਕਰਨ ਨੂੰ ਮੱਕੜਜਾਲ ਦਸਦਿਆਂ ਕਿਹਾ ਕਿ ਭਾਵੇਂ ਵਿਸ਼ਵੀਕਰਨ ਦੇ ਕੁਝ ਚੰਗੇ ਪੱਖ ਵੀ ਹਨ, ਪਰ ਇਨ੍ਹਾਂ ਦੇ ਉਲਟ ਇਹ ਆਪਣੇ ਸਵਾਰਥੀ ਹਿੱਤਾਂ ਨੂੰ ਪਾਲਣ ਲਈ ਪੂਰੀ ਦੁਨੀਆ ਦੇ ਲਾਹੇਵੰਦ ਕੁਦਰਤੀ ਸਰੋਤਾਂ ਤੇ ਸਾਧਨਾਂ ਨੂੰ ਬੇਕਿਰਕੀ ਨਾਲ ਆਪਣੇ ਕਬਜ਼ੇ ਹੇਠ ਲਿਆਉਣ ਲਈ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਇਸ ਦੇ ਗੈਰ ਮਨੁੱਖੀ ਵਰਤਾਰੇ ਕਾਰਨ ਉੱਠ ਰਹੀਆਂ ਸਮਾਜਿਕ ਸਮੱਸਿਆਵਾਂ ਬਾਰੇ ਵੀ ਰੌਸ਼ਨੀ ਪਾਈ। ਪ੍ਰੋ. ਹਰਭਜਨ ਸਿੰਘ ਨੇ ਵਿਸ਼ਵੀਕਰਨ ਕੀ ਹੈ, ਨੂੰ ਸਰਲ ਸੰਖੇਪ ਸ਼ਬਦਾਂ ਵਿੱਚ ਸਮਝਾਉਂਦਿਆਂ ਇਸ ਦੇ ਆਰਥਿਕ, ਰਾਜਨੀਤਕ, ਸਾਹਿਤਕ ਅਤੇ ਸਭਿਆਚਾਰਕ ਪਹਿਲੂਆਂ ਬਾਰੇ ਭਰਭੂਰ



ਜਾਣਕਾਰੀ ਦਿੱਤੀ। ਉਨ੍ਹਾਂ ਸਰੋਤਿਆਂ ਵਲੋਂ ਉਠਾਏ ਗਏ ਸਵਾਲਾਂ ਦੇ ਯਥਾ-ਯੋਗ ਜਵਾਬ ਵੀ ਦਿੱਤੇ। ਤ੍ਰਿਪਤ ਭੱਟੀ ਨੇ ਸਾਹਿਤਕ ਕਿਰਤਾਂ ਦੇ ਅਨੁਵਾਦੀਕਰਨ 'ਤੇ ਪੈ ਰਹੇ ਪਰਭਾਵਾਂ ਨੂੰ ਉਜਾਗਰ ਕੀਤਾ। ਲਗਾਤਾਰ ਇੱਕ ਘੰਟਾ ਚਲੀ ਇਸ ਬਹਿਸ ਵਿੱਚ ਹਰਨੇਕ ਸਿੰਘ, ਚਰਨਜੀਤ ਸਿੰਘ ਸਾਹੀ, ਗੁਰਪ੍ਰੀਤ ਕੌਰ, ਮਨਜੀਤ ਕੌਰ, ਰੁਪਿੰਦਰ ਕੌਰ ਅਤੇ ਅਮਰਪਾਲ ਸਿੰਘ ਨੇ ਭਾਗ ਲਿਆ।

ਸਮਾਗਮ ਦੇ ਅਗਲੇ ਦੌਰ ਵਿੱਚ ਤ੍ਰਿਪਤ ਸਿੰਘ ਭੱਟੀ ਨੇ 'ਮੁਸਕਾਣ ਦਾ ਫੁਲ', ਹਰਨੇਕ ਸਿੰਘ ਨੇ 'ਕਾਮਯਾਬੀ' ਅਤੇ 'ਇਕੋ ਰੈਂਕ' ਮਿੰਨੀ ਕਹਾਣੀਆਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਇਸ ਉਪਰੰਤ ਚਰਨਜੀਤ ਸਿੰਘ ਸਾਹੀ, ਅਮਰਪਾਲ ਸਿੰਘ ਅਤੇ ਪ੍ਰੋ. ਹਰਭਜਨ ਸਿੰਘ ਨੇ ਆਪਣੀਆਂ ਕਵਿਤਾਵਾਂ ਨਾਲ ਰੰਗ ਬੰਨ੍ਹਿਆ। ਇਸ ਬੈਠਕ ਦੌਰਾਨ ਮੌਜੂਦਾ ਕਾਰਜਕਰਨੀ ਕਮੇਟੀ ਵਿੱਚ ਵਾਧਾ ਕਰਦਿਆਂ ਗੁਰਪ੍ਰੀਤ ਕੌਰ ਨੂੰ ਪ੍ਰਬੰਧਕ, ਤ੍ਰਿਪਤ ਸਿੰਘ ਭੱਟੀ ਨੂੰ ਮੀਤ ਪ੍ਰਧਾਨ ਅਤੇ ਚਰਨਜੀਤ ਸਿੰਘ ਸਾਹੀ ਨੂੰ ਮੀਤ ਸਕੱਤਰ ਦੇ ਤੌਰ 'ਤੇ ਸ਼ਾਮਲ ਕੀਤਾ ਗਿਆ। ਇੱਕ ਅਹਿਮ ਫੈਸਲਾ ਲੈਂਦਿਆਂ ਇਹ ਐਲਾਨ ਵੀ ਕੀਤਾ ਗਿਆ ਕਿ ਇਸ ਸਭਾ ਦੀ ਨਵੀਂ ਕਮੇਟੀ ਦੀ ਚੋਣ ਮਾਰਚ ਮਹੀਨੇ ਵਿੱਚ ਕੀਤੀ ਜਾਵੇਗੀ ਅਤੇ ਨਵੇਂ ਸੰਵਿਧਾਨ ਨੂੰ ਅੰਤਮ ਰੂਪ ਦਿੱਤਾ ਜਾਵੇਗਾ। ਸਭਾ ਦੀ ਇਸ ਮੀਟਿੰਗ ਵਿੱਚ ਤਾਰਾ ਸਿੰਘ ਸਾਗਰ, ਦਲਜਿੰਦਰ ਸਿੰਘ ਸਹੋਤਾ, ਅਨਮੋਲ ਸ਼ਰਮਾ, ਰਾਜਕੁਮਾਰੀ, ਸੁੱਚੀ ਕੰਬੋਜ, ਕਮਲਾ ਕੰਬੋਜ, ਹਰਜਿੰਦਰ ਕੌਰ, ਸਤਵਿੰਦਰ ਸਿੰਘ ਨੇ ਵੀ ਭਾਗ ਲਿਆ।

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
- Chapter 7 & 13 Bankruptcy
- Protect Your Assets- Home, Etc..
- Start Fresh- Clear

Family Law • Divorce

Immigration Law
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

JAI SHREE KRISHAN
ਗ੍ਰਹਿਸਥ ਕਮਜ਼ੋਰੀ ਦਾ ਪੱਕਾ ਇਲਾਜ
ਔਲਾਦ ਦੇ ਚਾਹਵਾਨ ਮਿਲੋ ਜਾਂ ਸੰਪਰਕ ਕਰੋ



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਕਿਸੇ ਵੀ ਉਮਰ 'ਚ ਆਈ ਗ੍ਰਹਿਸਥ ਕਮਜ਼ੋਰੀ, ਸ਼ੁਕਰਾਣੂ ਘਾਟ ਆਦਿ ਗੁਪਤ ਰੋਗਾਂ ਨੂੰ ਜੜ੍ਹ ਤੋਂ ਪੁੱਟਣ ਲਈ ਟਿਕਾਊ ਇਲਾਜ ਕੀਤਾ ਜਾਂਦਾ ਹੈ। ਨਵਾਂ ਵਿਆਹ ਕਰਵਾਉਣ ਵਾਲੇ ਗੱਭਰੂਆਂ ਨੂੰ ਵਿਸ਼ੇਸ਼ ਦਵਾਈ ਦਿੱਤੀ ਜਾਂਦੀ ਹੈ। ਮੌਕੇ 'ਤੇ ਤੁਰੰਤ ਫਾਇਦਾ ਪਹੁੰਚਾਉਣ ਵਾਲੀ ਦਵਾਈ ਵੀ ਦਿੱਤੀ ਜਾਂਦੀ ਹੈ, ਜੋ ਕਿ ਜਵਾਨੀ ਵਿੱਚ ਹੀ ਨਹੀਂ, ਸਗੋਂ ਬੁਢਾਪੇ ਵਿੱਚ ਵੀ ਬਹੁਤ ਸ਼ਾਨਦਾਰ ਅਸਰ ਕਰਦੀ ਹੈ। ਘਰ ਬੈਠੇ ਫੋਨ ਕਰਕੇ ਦਵਾਈ ਮੰਗਵਾਓ।

ਔਲਾਦ ਦੇ ਚਾਹਵਾਨ ਮਿਲੋ ਜਾਂ ਸੰਪਰਕ ਕਰੋ
ਚਿਹਰੇ ਦੇ ਦਾਗ ਤੇ ਛਾਹੀਆਂ ਦਾ ਇਲਾਜ | ਸਿਹਤ ਬਣਾਓ ਤੇ ਪਤਲੇਪਨ ਦਾ ਇਲਾਜ
ਜੋੜਾਂ ਦਾ ਦਰਦ ਤੇ ਯੂਰਿਕ ਐਸਿਡ | ਵਾਲ ਝੜਨਾ ਜਾਂ ਸਫੈਦ ਹੋਣਾ
AYURVEDIC MEDICINE, NO SIDE EFFECT
Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail :- shweat077@yahoo.com www.surajvanshipharmacy.com
Mobile : 98155-33933 Fax : 0091-181-5062627

# ਰੇਡੀਓ ਪੰਜਾਬ ਦੇ ਸੀ ਈ ਓ ਸੁਖਦੇਵ ਸਿੰਘ ਢਿਲੋਂ ਵਲੋਂ ਉੱਤਰੀ ਅਮਰੀਕਾ ਵਿੱਚ ਅਕਾਲੀ ਦਲ (ਬਾਦਲ) ਦੀ ਮਜਬੂਤੀ ਲਈ ਕੰਮ ਕਰਨ ਦਾ ਅਹਿਦ

**ਅੰਮ੍ਰਿਤਸਰ/ਬਿਊਰੋ ਨਿਊਜ਼:** ਉੱਤਰੀ ਅਮਰੀਕਾ ਦੇ ਸਿੱਖ ਆਗੂ ਅਤੇ ਰੇਡੀਓ ਪੰਜਾਬ ਕਨੇਡਾ ਅਮਰੀਕਾ ਦੇ ਮਾਲਕ ਸ. ਸੁਖਦੇਵ ਸਿੰਘ ਢਿਲੋਂ ਨੇ ਪੰਜਾਬ ਵਿੱਚ ਸੱਤਾਧਾਰੀ ਅਕਾਲੀ ਦਲ (ਬਾਦਲ) ਦੀ ਅਮਰੀਕਾ ਅਤੇ ਕਨੇਡਾ ਵਿੱਚ ਚੜ੍ਹਤ ਵਧਾਉਣ ਲਈ ਵੱਧ ਤੋਂ ਵੱਧ ਸਰਗਰਮੀ ਨਾਲ ਕੰਮ ਕਰਨ ਦਾ ਅਹਿਦ ਕੀਤਾ ਹੈ। ਸ. ਢਿਲੋਂ ਨੇ ਇਸ ਗੱਲ ਦਾ ਪ੍ਰਗਟਾਵਾ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਅਤੇ ਪੰਜਾਬ ਦੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੇ ਸਕੇ ਸਾਲੇ ਕੈਬਨਿਟ ਮੰਤਰੀ ਬਿਕਰਮ ਮਜੀਠੀਆ ਨਾਲ ਅਪਣੇ ਪੰਜਾਬ ਦੌਰੇ ਦੌਰਾਨ ਮੁਲਾਕਾਤ ਕਰਕੇ ਕੀਤਾ।

ਰੇਡੀਓ ਪੰਜਾਬ ਦੇ ਸੀ ਈ ਓ ਸ. ਢਿਲੋਂ ਨੇ ਦੋਵਾਂ ਅਕਾਲੀ ਆਗੂਆਂ ਨੂੰ ਭਰੋਸਾ ਦਿੱਤਾ ਕਿ ਉਹ ਉਤਰੀ ਅਮਰੀਕਾ ਵਿੱਚ ਅਕਾਲੀ ਦਲ (ਬਾਦਲ) ਦੀ ਸਥਿੱਤੀ ਹੋਰ ਮਜਬੂਤ ਕਰਨ ਲਈ ਅਪਣੀਆਂ ਸਾਰੀਆਂ ਸੇਵਾਵਾਂ ਪ੍ਰਦਾਨ ਕਰਦੇ ਹੋਏ ਕੋਈ ਕੋਸ਼ਿਸ਼ ਬਾਕੀ ਨਹੀਂ ਛੁਡਣਗੇ।

ਵਰਨਣਯੋਗ ਹੈ ਕਿ ਸ. ਸੁਖਦੇਵ ਸਿੰਘ ਢਿਲੋਂ ਦਾ ਪ੍ਰਵਾਸੀ ਪੰਜਾਬੀ ਮੀਡੀਆ ਵਿੱਚ ਅਹਿਮ ਯੋਗਦਾਨ ਹੈ। ਪਿਛਲੇ ਕਈ ਵਰ੍ਹਿਆਂ ਤੋਂ ਕਨੇਡਾ ਵਿੱਚ ਰੇਡੀਓ ਪੰਜਾਬ ਨੂੰ ਬੜੀ ਸਫ਼ਲਤਾ ਨਾਲ ਚਲਾਉਣ ਦੇ ਨਾਲ ਨਾਲ ਉਨ੍ਹਾਂ ਨੇ ਕੈਲੀਫੋਰਨੀਆਂ 'ਚ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਫਰਿਜ਼ਨੋਂ/ਸੈਕਰਾਮੈਂਟੋ ਏਰੀਏ 'ਚ ਵੀ ਰੇਡੀਓ ਪੰਜਾਬ ਦਾ ਪ੍ਰਸਾਰਨ ਸ਼ੁਰੂ ਕੀਤਾ।




ਸੁਖਦੇਵ ਸਿੰਘ ਢਿੱਲੋਂ ਆਪਣੇ ਪੰਜਾਬ ਦੌਰੇ ਦੌਰਾਨ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨਾਲ।

# ਅਮਰੀਕ ਸਿੰਘ ਬੱਲ 'ਤੇ ਹਮਲਾ ਕਰਨ ਵਾਲਾ ਦੋਸ਼ੀ ਕਰਾਰ

## *ਹੋ ਸਕਦੀ ਹੈ 8 ਸਾਲ ਦੀ ਕੈਦ*

**ਸਾਂਨ ਫਰਾਂਸਿਸਕੋ/ਬਿਊਰੋ ਨਿਊਜ਼ :** ਅਮਰੀਕਾ ਵਿੱਚ ਸਿੱਖ ਬਜ਼ੁਰਗ ਅਮਰੀਕ ਸਿੰਘ ਬੱਲ (68) ਉਪਰ ਨਸਲੀ ਹਮਲਾ ਕਰਨ ਦੇ ਮਾਮਲੇ ਵਿੱਚ ਜਿਊਰੀ ਨੇ 23 ਸਾਲਾ ਨੌਜਵਾਨ ਨੂੰ ਦੋਸ਼ੀ ਕਰਾਰ ਦਿੱਤਾ ਹੈ। ਇਸਤਾਗਾਸਾ ਵਕੀਲ ਟਿਮੋਥੀ ਡੋਨੋਵਾਨ ਨੇ ਕਿਹਾ ਕਿ ਬੀਤੇ ਸਾਲ ਦਸੰਬਰ ਵਿੱਚ ਡੇਨੀਅਲ ਕੋਰੋਨੇਲ ਵਿਲਸਨ ਨੇ ਕੈਲੀਫੋਰਨੀਆ ਦੇ ਫਰਿਜ਼ਨੋ ਇਲਾਕੇ ਵਿੱਚ ਸਿੱਖ ਹੋਣ ਕਾਰਨ ਬੱਲ ਨੂੰ ਅਤਿਵਾਦੀ ਸਮਝ ਕੇ ਉਸ ਉੱਤੇ ਹਮਲਾ ਕਰ ਦਿੱਤਾ ਸੀ। ਇਸ ਦੌਰਾਨ ਵਿਲਸਨ ਨੇ ਸਿੱਖ ਬਜ਼ੁਰਗ ਦੇ ਚਿਹਰੇ 'ਤੇ ਕਈ ਘਸੁੰਨ ਮਾਰੇ ਤੇ ਉਨ੍ਹਾਂ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਜਿਊਰੀ ਨੇ ਕਿਹਾ ਕਿ ਇਹ ਨਫ਼ਰਤੀ ਹਮਲਾ ਸੀ। ਹਮਲਾਵਰ ਨੂੰ ਦੋਸ਼ੀ ਕਰਾਰ ਦੇਣ ਤੋਂ ਪਹਿਲਾਂ ਕਈ ਗਵਾਹੀਆਂ ਲਈਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਜਾਂਚ ਦੌਰਾਨ ਪਤਾ ਲੱਗਾ ਕਿ ਅਮਰੀਕ ਸਿੰਘ ਬੱਲ ਮਿਹਨਤੀ ਅਤੇ ਸ਼ਾਂਤੀ ਪਸੰਦ ਵਿਅਕਤੀ ਹੈ। ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਵਿਲਸਨ ਦੇ ਵਕੀਲ ਨੇ ਅਦਾਲਤ ਨੂੰ ਅਪੀਲ ਕੀਤੀ ਕਿ ਉਸ ਨੂੰ 35000 ਡਾਲਰ ਦੀ ਜਮਾਨਤ 'ਤੇ ਰਿਹਾਅ ਕਰ ਦਿੱਤਾ ਜਾਵੇ ਕਿਉਂਕਿ ਉਸ ਨੇ ਕਾਲਜ ਅਤੇ ਨੌਕਰੀ 'ਤੇ ਜਾਣਾ ਹੁੰਦਾ ਹੈ ਅਤੇ ਨਾਲ ਹੀ ਆਪਣੇ ਮਾਤਾ-ਪਿਤਾ ਦੀ ਦੇਖਭਾਲ ਵੀ ਕਰਨੀ ਹੁੰਦੀ ਹੈ। ਪਰ ਜੱਜ ਨੇ ਬਚਾਅ ਪੱਖ ਦੇ ਵਕੀਲ ਦੀ ਇਸ ਮੰਗ ਨੂੰ ਖਾਰਜ



ਕਰਦਿਆਂ ਵਿਲਸਨ ਨੂੰ 2 ਦਸੰਬਰ ਤੱਕ ਜੇਲ੍ਹ ਭੇਜ ਦਿੱਤਾ। ਇਸ ਕੇਸ ਦਾ ਫੈਸਲਾ ਵੀ ਉਸੇ ਦਿਨ ਹੀ ਸੁਣਾਇਆ ਜਾਵੇਗਾ। ਉਦੋਂ ਤੱਕ ਉਹ ਜੇਲ੍ਹ ਵਿੱਚ ਹੀ ਰਹੇਗਾ ਤੇ ਉਸ ਨੂੰ ਜ਼ਮਾਨਤ ਵੀ ਨਹੀਂ ਦਿੱਤੀ ਜਾਵੇਗੀ। ਦੋਸ਼ੀ ਨੂੰ ਕਰੀਬ ਅੱਠ ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਇਸ ਮਾਮਲੇ ਵਿੱਚ ਇਕ ਹੋਰ ਮੁਲਜ਼ਮ ਐਲੇਕਸ ਮੈਂਡੋਜ਼ ਵੀ ਸੀ ਪਰ ਉਸ ਨੇ ਇਸ ਸਾਲ ਅਪਰੈਲ ਵਿੱਚ ਖ਼ੁਦਕੁਸ਼ੀ ਕਰ ਲਈ ਸੀ। ਟਿਮੋਥੀ ਡੋਨੋਵਾਨ ਨੇ ਕਿਹਾ, 'ਮੈਨੂੰ ਬਹੁਤ ਰਾਹਤ ਮਿਲੀ ਹੈ ਤੇ ਮੈਂ ਮਿਸਟਰ ਬਲ ਲਈ ਬਹੁਤ ਖ਼ੁਸ਼ ਹਾਂ। ਇਹ ਬਹੁਤ ਹੀ ਭਿਆਨਕ ਜੁਰਮ ਹੈ ਤੇ ਮੈਨੂੰ ਇਸ ਗੱਲ ਦੀ ਵੀ ਖ਼ੁਸ਼ੀ ਹੈ ਕਿ ਅਸੀਂ ਅਪਰਾਧੀ ਨੂੰ ਜੇਲ੍ਹ ਭੇਜ ਸਕੇ ਹਾਂ।'


SFO/LAX to DELHI

FARE as LOW as

Starting from

695 to 895



With Senior Citizens & Students Discount

(including taxes)

Flights to Amritsar available at higher airfare

INFINITY TRAVEL (408-245-8444)

Low season fare subject to availability

Restrictions apply (cst# 1007726-10)



SINGH EXPRESS INC

- ਸਾਨੂੰ ਔਕਲੈਂਡ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਦੀ ਲੋੜ ਹੈ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4500 ਤੋਂ $5000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
- ਰੋਜ਼ਾਨਾ ਸ਼ਾਮ ਨੂੰ ਘਰ ਜਾਓ
- ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।



ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕਰੋ

ਸਤਨਾਮ ਸਿੰਘ (510) 543-3778, ਕੰਵਲਜੀਤ ਸਿੰਘ (510) 598-7345, (510) 415-9901



CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਈਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ

- * ਕਾਰ ਟਰਾਂਸਫਰ/ਸਟਿੱਕਰ
- * ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
- * ਲਾਈਵ ਸਕੈਨ/ਫਿੰਗਰ ਪ੍ਰਿੰਟ
- * ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
- * ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441

Email : sacramento99@yahoo.co, website: capitalservices.us



CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524

PH : 530-669-5780 Fax : 530-669-5775

Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776

# ਸਰਬੱਤ ਖ਼ਾਲਸਾ-ਜਥੇਦਾਰਾਂ ਨੇ 'ਪੰਚ ਪ੍ਰਧਾਨੀ' ਮਾਣ ਮਰਯਾਦਾ ਦਾ ਰੁਤਬਾ ਉੱਚਾ ਰੱਖਿਆ : ਤਰਲੋਚਨ ਸਿੰਘ ਮੰਝ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਭਾਈ ਤਰਲੋਚਨ ਸਿੰਘ ਮੰਝ ਕਨੇਡਾ ਵਾਲਿਆਂ ਨੇ ਪੰਜ ਪਿਆਰਿਆਂ ਅਤੇ ਮਤਵਾਜ਼ੀ ਜਥੇਦਾਰਾਂ ਵਿਚਾਲੇ ਇਕਜੁਟਤਾ ਹੋਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਮੁੱਚੇ ਪੰਥ ਦੀ 'ਪੰਚ ਪ੍ਰਧਾਨੀ' ਮਰਯਾਦਾ ਦਾ ਘਾਣ ਹੋਣੋਂ ਬਚ ਗਿਆ ਹੈ। ਉਨ੍ਹਾਂ ਤਖਤਾਂ ਦੇ ਜਥੇਦਾਰਾਂ ਅਤੇ ਪੰਜਾਂ ਸਿੰਘਾਂ ਨੂੰ ਇਸ ਉਪਰਾਲੇ ਦੀ ਵੱਡੀ ਜਿੱਤ 'ਤੇ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਾਈ ਜਗਤਾਰ ਸਿੰਘ ਹਵਾਰਾ ਦੇ ਪਿਤਾ ਸਮਾਨ ਬਾਪੂ ਗੁਰਚਰਨ ਸਿੰਘ ਪਟਿਆਲਾ, ਸ. ਅਮਰ ਸਿੰਘ ਚਾਹਲ ਐਡਵੋਕੇਟ, ਭਾਈ ਬਲਬੀਰ ਸਿੰਘ ਹਿਸਾਰ, ਭਾਈ ਬਗੀਚਾ ਸਿੰਘ ਰੱਤਾ ਖੇੜਾ, ਭਾਈ ਹਰਮਿੰਦਰ ਸਿੰਘ ਦਿੱਲੀ, ਭਾਈ ਸੁਖਵਿੰਦਰ ਸਿੰਘ ਨਾਗੋਕੇ ਅਤੇ ਪ੍ਰੋਫੈਸਰ ਬਲਜਿੰਦਰ ਖਾਲਸਾ ਕਾਲਜ ਅੰਮ੍ਰਿਤਸਰ ਵਾਲਿਆਂ ਨੇ ਬਹੁਤ ਮਿਹਨਤ ਕਰਕੇ ਨੇਪਰੇ ਚੜ੍ਹਾਇਆ ਹੈ।



## ਪੰਥਕ ਏਕਤਾ ਨੂੰ ਲੈ ਕੇ ਦੇਸ਼ਾਂ-ਵਿਦੇਸ਼ਾਂ ਵਿੱਚ ਭਾਰੀ ਉਤਸ਼ਾਹ

**ਟੋਰਾਂਟੋ :** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਇੰਟਰਨੈਸ਼ਨਲ ਕੋਆਰਡੀਨੇਸ਼ਨ ਕਮੇਟੀ ਦੀ ਮੀਡੀਆ ਕਮੇਟੀ ਦੇ ਮੈਂਬਰ ਸੁਖਮਿੰਦਰ ਸਿੰਘ ਹੰਸਰਾ ਕੈਨੇਡਾ, ਸੋਹਣ ਸਿੰਘ ਕੰਗ ਜਰਮਨੀ, ਅਮਰੀਕ ਸਿੰਘ ਬੱਲੋਵਾਲ ਬਹਿਰੀਨ, ਜਸਪਾਲ ਸਿੰਘ ਬੈਂਸ ਯੂ.ਕੇ., ਸਰਬਜੀਤ ਸਿੰਘ ਯੂ.ਕੇ., ਅਮਨਦੀਪ ਸਿੰਘ ਨਿਊਯਾਰਕ, ਰੇਸ਼ਮ ਸਿੰਘ ਕੈਲੀਫੋਰਨੀਆ, ਹਰਦੀਪ ਸਿੰਘ ਲੋਹਾਖੇੜਾ ਅਸਟਰੇਲੀਆ, ਜਗਰਾਜ ਸਿੰਘ ਮੱਦੋਕੇ ਅਤੇ ਦਲਵਿੰਦਰ ਸਿੰਘ ਘੁੰਮਣ ਨੇ ਕਿਹਾ ਕਿ ਪੰਜ ਪਿਆਰਿਆਂ ਅਤੇ ਜਥੇਦਾਰਾਂ ਵਿਚਾਲੇ ਹੋਈ ਸਾਂਝ ਭਾਈ ਜਗਤਾਰ ਸਿੰਘ ਹਵਾਰਾ ਦੀ ਸਖ਼ਤ ਮਿਹਨਤ ਸਦਕਾ ਸੰਭਵ ਹੋਈ ਹੈ। ਇਸ ਵਿੱਚ ਸਿੱਧੇ ਤੌਰ 'ਤੇ ਜਥੇਦਾਰ ਭਾਈ ਧਿਆਨ ਸਿੰਘ ਮੰਡ, ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਅਤੇ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ ਵਧਾਈ ਦੇ ਪਾਤਰ ਹਨ ਜਿਨ੍ਹਾਂ ਪੰਜ ਸਿੰਘਾਂ ਵਿਚੋਂ ਇੱਕ ਭਾਈ ਮੇਜ਼ਰ ਸਿੰਘ ਦੇ ਘਰ ਪਹੁੰਚ ਕੇ ਇਸ ਮੀਟਿੰਗ ਨੂੰ ਅੰਜਾਮ ਦਿੱਤਾ। ਇਸ ਤੋਂ ਇਲਾਵਾ ਪੰਜ ਸਿੰਘ ਵੀ ਇਸ ਲਈ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਦਬਾਅ ਦੇ ਬਾਵਜੂਦ ਭਾਈ ਜਗਤਾਰ ਸਿੰਘ ਹਵਾਰਾ ਦੇ ਏਕਤਾ ਦੇ ਆਦੇਸ਼ਾਂ ਨੂੰ ਅੰਤਿਮ ਅੰਜ਼ਾਮ ਦਿੱਤਾ। ਅਮਰੀਕਾ ਤੋਂ ਪ੍ਰਧਾਨ ਸੁਰਜੀਤ ਸਿੰਘ ਕੁਲਾਰ, ਕਨਵੀਨਰ ਬੂਟਾ ਸਿੰਘ ਖੜੌਦ, ਜੋਗਾ ਸਿੰਘ ਨਿਊਜਰਸੀ ਅਤੇ ਭਾਈ ਸਰਬਜੀਤ ਸਿੰਘ ਨਿਊਯਾਰਕ ਨੇ ਅਮਰੀਕਾ ਦੇ ਸਮੂਹ ਖਾਲਸਾ ਪੰਥ ਨੂੰ ਸਰਬੱਤ ਖਾਲਸਾ ਨੂੰ ਕਾਮਯਾਬ ਕਰਨ ਦੀ ਅਪੀਲ ਕੀਤੀ।

ਇਸੇ ਤਰ੍ਹਾਂ ਕੈਨੇਡਾ ਤੋਂ ਰਣਜੀਤ ਸਿੰਘ ਖਾਲਸਾ, ਗੁਰਜੋਤ ਸਿੰਘ, ਪਰਮਿੰਦਰ ਸਿੰਘ ਪਾਂਗਲੀ, ਪਾਲ ਸਿੰਘ ਮੁਕੰਦਪੁਰ, ਭਾਈ ਕਰਨੈਲ ਸਿੰਘ ਫਤਹਿਗੜ ਸਾਹਿਬ, ਭਾਈ ਮਨਜੀਤ ਸਿੰਘ, ਮਨਵੀਰ ਸਿੰਘ ਮਾਂਟਰੀਅਲ, ਜਗਦੇਵ ਸਿੰਘ ਤੂਰ, ਅਵਤਾਰ ਸਿੰਘ ਰਾਏ, ਹਰਜੀਤ ਸਿੰਘ ਢੱਡਾ, ਸੁਖਦੇਵ ਸਿੰਘ ਗਿੱਲ, ਰਣਜੀਤ ਸਿੰਘ ਮਾਨ ਅਤੇ ਹੰਸਪ੍ਰੀਤ ਕੌਰ ਨੇ ਸਾਂਝੇ ਤੌਰ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

ਇੰਗਲੈਂਡ ਤੋਂ ਭਾਈ ਮਨਜੀਤ ਸਿੰਘ ਸਮਰਾ, ਜਗਤਾਰ ਸਿੰਘ ਵਿਰਕ, ਰਜਿੰਦਰ ਸਿੰਘ ਚਿੱਟੀ, ਜਗਵਿੰਦਰ ਸਿੰਘ, ਚੇਅਰਮੈਨ ਗੁਰਦਿਆਲ ਸਿੰਘ ਅਟਵਾਲ, ਅਵਤਾਰ ਸਿੰਘ ਖੰਡਾ ਅਤੇ ਸਤਿੰਦਰਪਾਲ ਸਿੰਘ ਮੰਗੂਵਾਲ ਤੋਂ ਇਲਾਵਾ ਅਤੇ ਯੂਰਪ ਦੇ ਵੱਖ ਵੱਖ ਦੇਸ਼ਾਂ ਵਿੱਚ ਹੋਈ ਏਕਤਾ ਨੂੰ ਲੈ ਕੇ ਪੰਥ ਵਿੱਚ ਖੁਸ਼ੀ ਦੀ ਲਹਿਰ ਹੈ। ਫਰਾਂਸ ਤੋਂ ਭਾਈ ਚੈਨ ਸਿੰਘ, ਜਰਮਨ ਤੋਂ ਭਾਈ ਰੇਸ਼ਮ ਸਿੰਘ ਬੱਬਰ ਨੇ ਏਕਤਾ ਲਈ ਵਿਸ਼ੇਸ਼ ਉਪਰਾਲੇ ਕੀਤੇ ਸਨ ਅਤੇ ਏਕਤਾ ਦੀ ਪ੍ਰਾਪਤੀ ਤੇ ਉਨ੍ਹਾਂ ਸਰਬੱਤ ਖਾਲਸਾ ਦੀ ਕਾਮਯਾਬੀ ਲਈ ਜੰਗੀ ਪੱਧਰ ਤੇ ਮੁਹਿੰਮਾਂ ਵਿੱਢ ਦਿੱਤੀਆਂ ਹਨ।

### ਜਥੇਦਾਰਾਂ ਵਲੋਂ ਦਿਖਾਈ ਫਰਾਖ਼ਦਿਲੀ ਅਤੇ ਨਿਮਰਤਾ ਸ਼ਲਾਘਾਯੋਗ : ਯੂਨਾਈਟਿਡ ਖਾਲਸਾ ਦਲ ਯੂ.ਕੇ

ਲੰਡਨ : ਯੁਨਾਈਟਿਡ ਖਾਲਸਾ ਦਲ ਯੂ.ਕੇ ਨੇ ਸਰਬੱਤ ਖਾਲਸਾ ਦਾ ਡੱਟ ਕੇ ਸਮਰਥਨ ਕਰਦਿਆਂ ਆਖਿਆ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਛਤਰ ਛਾਇਆ ਅਤੇ ਅਗਵਾਈ ਹੇਠ 10 ਨਵੰਬਰ ਨੂੰ ਹੋਣ ਜਾ ਰਿਹਾ ਸਰਬੱਤ ਖਾਲਸਾ ਇਤਿਹਾਸਕ ਹੋਵੇਗਾ। ਖਾਲਸਾ ਪੰਥ ਵਿੱਚ ਇਸ ਸਬੰਧੀ ਚੱਲ ਰਹੀ ਖਿੱਚੋਤਾਣ ਤੇ ਬੇਇਤਫਾਕੀ ਨੂੰ ਵਿਰਾਮ ਲਗਾਉਂਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਬਲਜੀਤ ਸਿੰਘ ਖਾਲਸਾ ਵਲੋਂ ਧਾਰਨ ਕੀਤੀ ਨਿਮਰਤਾ ਅਤੇ ਦੂਰ ਅੰਦੇਸ਼ੀ ਬੇਹੱਦ ਸ਼ਲਾਘਾਯੋਗ ਹੈ। ਦਲ ਦੇ ਪ੍ਰਧਾਨ ਸ. ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਸ. ਲਵਸ਼ਿੰਦਰ ਸਿੰਘ ਡੱਲੇਵਾਲ ਨੇ ਸਮੂਹ ਸਿੱਖ ਜਗਤ ਨੂੰ ਵੱਧ ਚੜ੍ਹ ਕੇ ਸਰਬੱਤ ਖਾਲਸਾ ਵਿੱਚ ਪੁੱਜਣ ਦੀ ਅਪੀਲ ਕੀਤੀ ਹੈ।

# ਜਥੇਦਾਰ ਧਿਆਨ ਸਿੰਘ ਮੰਡ ਵਲੋਂ ਸਿੱਖ ਕੌਮ ਦੇ ਨਾਂਅ ਸੰਦੇਸ਼



**ਫ਼ਿਰੋਜ਼ਪੁਰ/ਬਿਊਰੋ ਨਿਊਜ਼ :**
ਸਰਬੱਤ ਖਾਲਸਾ ਵਲੋਂ ਥਾਪੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਧਿਆਨ ਸਿੰਘ ਮੰਡ ਨੂੰ ਪੁਲੀਸ ਵਲੋਂ ਰਿਹਾਅ ਕਰ ਦਿੱਤਾ ਗਿਆ। ਰਿਹਾਈ ਉਪਰੰਤ ਤੁਰੰਤ ਉਨ੍ਹਾਂ ਵਲੋਂ ਦੀਵਾਲੀ ਦੇ ਪਾਵਨ ਦਿਹਾੜੇ 'ਤੇ ਸਿੱਖ ਕੌਮ ਦੇ ਨਾਂਅ 'ਤੇ ਸੰਦੇਸ਼ ਜਾਰੀ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪੰਜਾਬ ਪੁਲੀਸ ਵਲੋਂ ਦੀਵਾਲੀ ਤੋਂ ਇਕ ਦਿਨ ਪਹਿਲਾਂ ਕਾਰਜਕਾਰੀ ਜਥੇਦਾਰ ਨੂੰ ਉਨ੍ਹਾਂ ਦੇ ਫ਼ਿਰੋਜ਼ਪੁਰ ਸ਼ਹਿਰ ਨਿੱਜੀ ਰਿਹਾਇਸ਼ 'ਤੇ ਹੀ ਨਜ਼ਰਬੰਦ ਕਰ ਦਿੱਤਾ ਗਿਆ ਤਾਂ ਜੋ ਉਹ ਦੀਵਾਲੀ 'ਤੇ ਸਿੱਖ ਕੌਮ ਦੇ ਨਾਂਅ ਸੰਦੇਸ਼ ਜਾਰੀ ਨਾ ਕਰਨ ਸਕਣ। ਜਥੇਦਾਰ ਨੇ ਆਪਣੇ ਸੰਦੇਸ਼ 'ਚ ਕਿਹਾ ਕਿ ਸਿੱਖ ਪੰਥ ਨੇ ਪੂਰੇ ਸੰਸਾਰ ਵਿਚ ਬਹੁਤ ਚੜ੍ਹਦੀ ਕਲਾ ਦੇ ਕਾਰਜ ਕੀਤੇ ਹਨ, ਜਿਸ 'ਤੇ ਅੱਜ ਸਾਨੂੰ ਸਭ ਨੂੰ ਮਾਣ ਵੀ ਹੈ, ਪਰ ਅਜੋਕੇ ਸਮੇਂ ਕੌਮ ਵਿਚ ਪਤਿਤਪੁਣਾ, ਨਸ਼ਿਆਂ ਦਾ ਰੁਝਾਨ ਤੇ ਦੇਹਧਾਰੀ ਗੁਰੂਡੰਮ ਦਾ ਬੋਲਬਾਲਾ ਹੈ। ਪੰਜਾਬ ਉਪਰ ਰਾਜ ਕਰਨ ਵਾਲੇ ਹੁਕਮਰਾਨ ਅੱਜ ਸਾਡੇ ਗੁਰੂ ਦੇ ਮਹਾਨ ਤਖ਼ਤਾਂ, ਗੁਰਦੁਆਰਿਆਂ, ਗੁਰੂਧਾਮਾਂ ਤੇ ਸ਼੍ਰੋਮਣੀ ਪੰਥਕ ਸੰਸਥਾਵਾਂ ਉਪਰ ਕਾਬਜ਼ ਹੋ ਕੇ ਮਨਮਾਨੀ ਕਰ ਰਹੇ ਹਨ। ਬਹੁਤ ਸਾਰੇ ਸਾਡੇ ਸਿੱਖ ਯੋਧੇ ਲੰਬੇ ਸਮੇਂ ਤੋਂ ਭਾਰਤ ਦੀਆਂ ਜੇਲ੍ਹਾਂ ਵਿਚ ਕੈਦ ਕੀਤੇ ਹੋਏ ਹਨ। ਅੱਜ ਸਮੇਂ ਦੀ ਲੋੜ ਹੈ ਅਸੀਂ ਸਾਰੇ ਸਾਬਤ ਸੂਰਤ ਹੋ ਕੇ ਅੰਮ੍ਰਿਤ ਛੱਕ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਕੇ ਖਾਲਸਾ ਪੰਥ ਨੂੰ ਚੜ੍ਹਦੀ ਕਲਾ ਵਿਚ ਲੈ ਜਾਈਏ ਤੇ ਆਪਣੇ ਬੰਦੀ ਸਿੰਘਾਂ ਦੀ ਰਿਹਾਈ, ਤਖ਼ਤਾਂ, ਗੁਰਦੁਆਰਿਆਂ, ਗੁਰਧਾਮਾਂ ਸ਼੍ਰੋਮਣੀ ਸੰਸਥਾਵਾਂ ਦੀ ਆਜ਼ਾਦੀ ਲਈ ਏਕਤਾ, ਇਕਮੁੱਠਤਾ ਨਾਲ ਆਪਣੇ ਫਰਜ਼ਾਂ ਨੂੰ ਨਿਭਾਈਏ, ਥਾਂ ਪਰ ਥਾਂ ਹੋ ਰਹੀ ਗੁਰਬਾਣੀ ਦੀ ਬੇਅਦਬੀ ਨੂੰ ਠੱਲ੍ਹ ਪਾਈਏ ਤੇ ਇਸ ਲਈ ਜ਼ਿੰਮੇਵਾਰ ਲੋਕਾਂ ਦੀ ਪਹਿਚਾਣ ਕਰਕੇ ਉਨ੍ਹਾਂ ਤੋਂ ਦੂਰੀ ਬਣਾਈਏ ਤੇ ਬਣਦੀ ਸਜ਼ਾ ਦਿਵਾ ਸਕੀਏ।

# ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਨੇ ਸੀਸਗੰਜ ਗੁਰਦੁਆਰਾ ਸਾਹਿਬ ਵਿਖੇ ਟੇਕਿਆ ਮੱਥਾ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਜੌਹਨ ਕੀ ਅਤੇ ਉਨ੍ਹਾਂ ਦੀ ਪਤਨੀ ਬਰੋਨਾਗ਼ ਕੀ ਨੇ ਅੱਜ ਜਾਮਾ ਮਸਜਿਦ ਅਤੇ ਸੀਸਗੰਜ ਗੁਰਦੁਆਰੇ ਦਾ ਦੌਰਾ ਕਰ ਕੇ ਉਥੇ ਸੀਸ ਨਿਵਾਇਆ। ਮਹਿਮਾਨ ਜੋੜੇ ਨੇ ਸੀਸਗੰਜ ਗੁਰਦੁਆਰੇ ਵਿਚ ਕਰੀਬ ਅੱਧਾ ਘੰਟਾ ਬਿਤਾਇਆ। ਪ੍ਰਧਾਨ ਮੰਤਰੀ ਨੇ ਗੁਰਦੁਆਰੇ ਵਿਚ ਲੰਗਰ ਵੀ ਵਰਤਾਇਆ। ਚਾਰ ਦਿਨੀਂ ਭਾਰਤ ਦੌਰੇ ਦੇ ਅੰਤਿਮ ਦਿਨ ਉਹ ਪਹਿਲਾਂ ਜਾਮਾ ਮਸਜਿਦ ਗਏ ਅਤੇ ਉਥੇ ਕਰੀਬ 15 ਮਿੰਟ ਗੁਜ਼ਾਰੇ। ਦੇਸ਼ ਦੀ ਸੱਭ ਤੋਂ ਵੱਡੀ ਮਸਜਿਦ ਵਿਚ ਉਨ੍ਹਾਂ ਸਿਜਦਾ ਕਰਨ ਦੇ ਨਾਲ ਨਾਲ ਉਥੋਂ ਦੇ ਇਤਿਹਾਸ ਦੀ ਜਾਣਕਾਰੀ ਵੀ ਲਈ। ਅਧਿਕਾਰੀਆਂ ਨੇ ਦੱਸਿਆ ਕਿ ਮਸਜਿਦ ਦੇ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਸ਼ਾਲ ਦੇ ਕੇ ਸਨਮਾਨਿਆ। ਇਸ ਦੌਰਾਨ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ।



ਗੁਰਦੁਆਰਾ ਸੀਸ ਗੰਜ ਵਿਖੇ ਨਤਮਸਤਕ ਹੋਣ ਪੁੱਜੇ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਤੇ ਉਨ੍ਹਾਂ ਦੀ ਪਤਨੀ।

# ਸਿੱਧੂ ਦੇ ਮਾਮਲੇ 'ਤੇ 'ਆਪ' ਨੇ ਫੇਰ ਸਖ਼ਤ ਰੁਖ਼ ਲਿਆ

## ਜਰਨੈਲ ਸਿੰਘ ਨੇ ਕਿਹਾ-ਪਾਰਟੀ ਦੇ ਸਿਧਾਂਤਾਂ ਨਾਲ ਕੋਈ ਸਮਝੌਤਾ ਨਹੀਂ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ (ਆਪ) ਨੇ ਇਕ ਵਾਰ ਫੇਰ ਭਾਜਪਾ ਦੇ ਸਾਬਕਾ ਆਗੂ ਨਵਜੋਤ ਸਿੰਘ ਸਿੱਧੂ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਬਾਰੇ ਸਖ਼ਤ ਰੁਖ਼ ਅਪਣਾ ਲਿਆ ਹੈ। ਪਾਰਟੀ ਦੇ ਪੰਜਾਬ ਸਹਿ ਇੰਚਾਰਜ ਅਤੇ ਦਿੱਲੀ ਦੇ ਵਿਧਾਇਕ ਜਰਨੈਲ ਸਿੰਘ ਨੇ ਕਿਹਾ ਹੈ ਕਿ ਸਿੱਧੂ ਨੂੰ ਪਾਰਟੀ ਦੇ ਸਿਧਾਂਤਾਂ ਨਾਲ ਕੋਈ ਸਮਝੌਤਾ ਕਰਕੇ 'ਆਪ' ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ। ਸਿੱਧੂ ਨੂੰ ਅਗਾਊਂ ਸ਼ਰਤਾਂ ਦੇ ਆਧਾਰ 'ਤੇ ਵੀ ਪਾਰਟੀ ਵਿੱਚ ਸ਼ਾਮਲ ਕਰਨਾ ਨਾਮੁਮਕਿਨ ਹੈ। ਪਾਰਟੀ ਦੇ ਕੌਮੀ ਬੁਲਾਰੇ ਅਤੇ ਪੰਜਾਬ ਦੇ ਇੰਚਾਰਜ ਸੰਜੇ ਸਿੰਘ ਵੱਲੋਂ ਭਾਜਪਾ ਦੇ ਸਾਬਕਾ ਆਗੂ ਬਾਰੇ ਅਜਿਹੀ ਕੋਈ ਸਖ਼ਤ ਸ਼ਰਤ ਨਾ ਲਾਉਣ ਬਾਰੇ ਸ੍ਰੀ ਜਰਨੈਲ ਸਿੰਘ ਨੇ ਸਾਫ਼ ਕੀਤਾ ਕਿ ਉਹ ਆਪਣੀ ਗੱਲ ਉਪਰ ਕਾਇਮ ਹਨ ਅਤੇ ਸੰਜੇ ਸਿੰਘ ਦੇ ਉਨ੍ਹਾਂ ਤੋਂ ਵੱਖਰੇ ਵਿਚਾਰ ਹੋ ਸਕਦੇ ਹਨ। ਪਿਛਲੇ ਦਿਨਾਂ ਤੋਂ ਚਰਚਾ ਹੈ ਕਿ ਸਿੱਧੂ ਨੇ ਕਾਂਗਰਸ ਤੋਂ ਆਪਣਾ ਰੁਖ਼ ਬਦਲਦਿਆਂ 'ਆਪ' ਵੱਲ ਝੁਕਾਅ ਕੀਤਾ ਹੈ। ਸੰਜੇ ਸਿੰਘ ਨੇ ਵੀ ਇਸ ਦੀ ਪੁਸ਼ਟੀ ਕਰਦਿਆਂ ਆਸ ਪ੍ਰਗਟ ਕੀਤੀ ਸੀ ਕਿ ਜਲਦ ਹੀ ਆਵਾਜ਼-ਏ-ਪੰਜਾਬ ਦੀ ਸਮੁੱਚੀ ਟੀਮ ਨਾਲ ਉਨ੍ਹਾਂ ਦੀ ਸਾਂਝ ਪੈ ਸਕਦੀ ਹੈ। ਇਸ ਦੇ ਉਲਟ ਜਰਨੈਲ ਸਿੰਘ ਵੱਲੋਂ ਅੱਜ ਸਿੱਧੂ ਵਿਰੁੱਧ ਸਖ਼ਤ ਸਟੈਂਡ ਲੈਣ ਕਾਰਨ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਹੋ ਗਏ ਹਨ।

ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਭੇਜ ਕੇ ਦੋਸ਼ ਲਾਇਆ ਹੈ ਕਿ ਕੇਂਦਰ ਸਰਕਾਰ ਵੱਲੋਂ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਬਣਾਈ ਵਿਸ਼ੇਸ਼ ਪੜਤਾਲੀਆ ਟੀਮ (ਐਸਆਈਟੀ) ਨੇ ਦੋ ਸਾਲਾਂ ਵਿੱਚ ਕੱਖ ਨਹੀਂ ਕੀਤਾ। ਉਨ੍ਹਾਂ ਸ੍ਰੀ ਮੋਦੀ ਕੋਲੋਂ ਮੰਗ ਕੀਤੀ ਕਿ ਐਸਆਈਟੀ ਰਾਹੀਂ ਦਿੱਲੀ ਪੁਲੀਸ ਵੱਲੋਂ ਸਿੱਖ ਕਤਲੇਆਮ ਦੇ ਬੰਦ ਕੀਤੇ 234 ਕੇਸ ਤਿੰਨ ਮਹੀਨਿਆਂ ਵਿੱਚ ਖੁੱਲ੍ਹਵਾਏ ਜਾਣ ਜਾਂ ਫਿਰ ਦਿੱਲੀ ਦੀ ਕੇਜਰੀਵਾਲ ਸਰਕਾਰ ਨੂੰ ਇਸ ਮੁੱਦੇ ਉਪਰ ਕਾਰਵਾਈ ਕਰਨ ਦੇ ਅਧਿਕਾਰ ਦਿੱਤੇ ਜਾਣ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਨੇ ਰਾਜ ਵਿੱਚ ਆ ਕੇ ਵੱਸੇ ਸਿੱਖ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਮਕਾਨ ਦੇਣ ਵਿੱਚ ਘਪਲੇ ਕੀਤੇ ਗਏ ਹਨ ਅਤੇ ਇਸ ਦੀ ਜਾਂਚ ਸੀਬੀਆਈ ਕੋਲੋਂ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਜਗਦੀਸ਼ ਟਾਈਟਲਰ ਤੇ ਕਮਲਨਾਥ ਨੂੰ ਕਲੀਨ ਚਿੱਟ ਦੇ ਕੇ ਸਿੱਖਾਂ ਨਾਲ ਧ੍ਰੋਹ ਕਮਾਇਆ ਹੈ। ਉਨ੍ਹਾਂ ਮੰਗ ਕੀਤੀ ਕਿ ਅਭਿਸ਼ੇਕ ਵਰਮਾ, ਜਗਦੀਸ਼ ਟਾਈਟਲਰ ਅਤੇ ਕੈਪਟਨ ਵਿਚਕਾਰਲੇ ਸਬੰਧਾਂ ਦੀ ਜਾਂਚ ਕਰਵਾਈ ਜਾਵੇ ਅਤੇ ਵਰਮਾ ਅਤੇ ਟਾਈਟਲਰ ਉਪਰ ਗਵਾਹ ਨੂੰ ਲਾਲਚ ਦੇ ਕੇ ਮੂੰਹ ਬੰਦ ਕਰਨ ਦੇ ਦੋਸ਼ਾਂ ਤਹਿਤ ਵੱਖਰਾ ਕੇਸ ਦਰਜ ਕੀਤਾ ਜਾਵੇ।

# ਸਿੱਖ ਕਤਲੇਆਮ ਦੀ 32ਵੀਂ ਵਰ੍ਹੇਗੰਢ ਮੌਕੇ ਜਥੇਬੰਦੀਆਂ ਵੱਲੋਂ ਪ੍ਰਦਰਸ਼ਨ

**ਨਵੀਂ ਦਿੱਲੀ/ਬਿਊਰੋ ਨਿਊਜ਼ :**
1984 ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਲੋਕ ਰਾਜ ਸੰਗਠਨ ਦੇ ਬੈਨਰ ਹੇਠ ਕਰੀਬ ਢਾਈ ਦਰਜਨ ਤੋਂ ਵੱਧ ਜਥੇਬੰਦੀਆ ਦੇ ਨੁਮਾਇੰਦਿਆਂ ਤੇ ਇਨਸਾਫ ਪਸੰਦ ਲੋਕਾਂ ਵੱਲੋਂ ਮੰਡੀ ਹਾਊਸ ਤੋਂ ਜੰਤਰ ਮੰਤਰ ਤੱਕ ਇਨਸਾਫ ਮਾਰਚ ਕੱਢ ਕੇ ਅੱਤਵਾਦ, ਨਫ਼ਰਤ ਤੇ ਫਿਰਕਾਪ੍ਰਸਤੀ ਦੀ ਰਾਜਨੀਤੀ ਖਿਲਾਫ਼ ਆਵਾਜ਼ ਬੁਲੰਦ ਕੀਤੀ ਗਈ। ਜੰਤਰ-ਮੰਤਰ ਵਿਖੇ ਕੀਤੇ ਗਏ ਸਮੂਹਕ ਜਨ ਪ੍ਰਦਰਸ਼ਨ ਦੌਰਾਨ ਲੋਕਰਾਜ ਸੰਗਠਨ ਦੇ ਮੁਖੀ ਰਾਘਵਨ, ਐਡਵੋਕੇਟ ਐਚ.ਐਸ. ਫੂਲਕਾ, ਵਿਧਾਇਕ ਜਰਨੈਲ ਸਿੰਘ ਤਿਲਕ ਨਗਰ, ਵਿਧਾਇਕ ਜਗਦੀਪ ਸਿੰਘ ਤੇ ਹੋਰਨਾਂ ਬੁਲਾਰਿਆਂ ਨੇ ਕਿਹਾ ਕਿ 32 ਵਰ੍ਹੇ ਪਹਿਲਾਂ ਦਿੱਲੀ, ਕਾਨਪੁਰ ਤੇ ਹੋਰਨਾ ਸੂਬਿਆਂ ਵਿਚ ਨਿਰਦੋਸ਼ ਸਿੱਖਾਂ ਦੇ ਕਤਲੇਆਮ ਨੂੰ ਭੁਲਾਇਆ ਨਹੀਂ ਜਾ ਸਕਦਾ। ਦੇਸ਼ ਦੀ ਰਾਜਧਾਨੀ ਵਿਚ ਕਾਂਗਰਸ ਪਾਰਟੀ ਦੇ ਸੀਨੀਅਰ ਆਗੂਆਂ ਦੀ ਅਗਵਾਈ ਵਿਚ ਸੰਗਠਤ ਕਾਤਲਾਨਾ ਟੋਲੀ ਵੱਲੋਂ ਬੇਕਸੂਰ ਸਿੱਖਾਂ ਨੂੰ ਮਾਰਿਆ ਤੇ ਜਿੰਦਾ ਸਾੜ ਦਿੱਤਾ ਗਿਆ। ਇਸ ਦੌਰਾਨ ਪੀੜਤਾਂ ਦੀ ਰੱਖਿਆ ਕਰਨ ਦੀ ਬਜਾਏ ਰਾਜ ਤੇ ਸੁਰੱਖਿਆ ਬਲਾਂ ਨੇ ਕਾਤਲ ਟੋਲੀ ਦੀ ਪੂਰੀ ਮਦਦ ਕੀਤੀ। ਉਸ ਤੋਂ ਬਾਅਦ ਪੀੜਤਾਂ ਦੇ ਮਾਮਲਿਆਂ ਨੂੰ ਠੀਕ ਤਰ੍ਹਾਂ ਨਾਲ ਦਰਜ ਨਾ ਕਰਨਾ, ਉਨ੍ਹਾਂ 'ਤੇ ਕੋਈ ਕਾਰਵਾਈ ਨਾ ਕਰਨਾ ਜਾਂ ਠੀਕ ਜਾਂਚ ਨਾ ਕਰਨਾ, ਇਹ ਸਭ ਇਹੀ ਸਾਬਤ ਕਰਦਾ ਹੈ ਕਿ 1984 ਕਤਲੇਆਮ ਨੂੰ ਉੱਚੇ ਤੋਂ ਉੱਚੇ ਸਿਆਸੀ ਹਲਕਿਆਂ ਦਾ ਸਮਰਥਨ ਤੇ ਸ਼ਹਿ ਮਿਲੀ ਹੋਈ ਸੀ ਅਤੇ ਇਸ ਵਿਚ ਕੋਈ ਦੋ ਰਾਇ ਨਹੀਂ ਕਿ 1984 ਦਾ ਸਿੱਖ ਕਤਲੇਆਮ ਰਾਜ ਦੁਆਰਾ ਆਯੋਜਿਤ ਸੰਪਰਦਾਇਕ ਕਤਲੇਆਮ ਸੀ।

# ਰਿਪਬਲਿਕਨ ਉਮੀਦਵਾਰ ਰਾਜਾ ਕ੍ਰਿਸ਼ਨਾਮੂਰਤੀ ਗੁਰਦੁਆਰਾ ਸਾਹਿਬ ਵਿਖੇ ਲੋਕਾਂ ਦੇ ਰੂਬਰੂ ਹੋਏ





**ਪੈਲਾਟਾਈਨ/ਬਿਊਰੋ ਨਿਊਜ਼ :**
ਸ਼ਿਕਾਗੋ ਦੇ ਅਰਧ-ਸ਼ਹਿਰੀ ਸਿੱਖ ਗੁਰਦੁਆਰਾ ਸਾਹਿਬ ਵਿਖੇ ਆਜ਼ਾਦ ਫੋਰਮ ਸਿੱਖ ਰਿਲੀਜੀਅਸ ਸੁਸਾਇਟੀ, ਪੈਲਾਟਾਈਨ, ਇਲੀਨੋਇਸ ਵਲੋਂ ਅਮਰੀਕੀ ਰਾਸ਼ਟਰਪਤੀ ਦੀਆਂ ਚੋਣਾਂ ਦੌਰਾਨ ਪਰਵਾਸੀ ਭਾਈਚਾਰੇ ਦੇ ਉਮੀਦਵਾਰਾਂ ਦੀ ਹਮਾਇਤ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਪਰਵਾਸੀਆਂ ਦੇ ਮੁੱਦਿਆਂ 'ਤੇ ਵਿਚਾਰਾਂ ਹੋਈਆਂ। ਇਹ ਚੋਣਾਂ 8 ਨਵੰਬਰ ਨੂੰ ਹੋ ਰਹੀਆਂ ਹਨ। ਸ਼ਿਕਾਗੋ ਦੇ ਪੱਛਮੀ ਤੇ ਉਤਰ-ਪੱਛਮ ਸਬਅਰਬ ਵਿਚ ਪਰਵਾਸੀਆਂ ਦੀ ਵਧੇਰੇ ਸੰਖਿਆ ਹੈ ਅਤੇ ਲਗਾਤਾਰ ਨਵੇਂ ਪਰਵਾਸੀ ਇਸ ਦੇ ਸ਼ਹਿਰਾਂ ਵਿਚ ਆ ਕੇ ਵਸਦੇ ਰਹਿੰਦੇ ਹਨ।

ਇਸ ਮੀਟਿੰਗ ਵਿਚ ਸੌ ਤੋਂ ਵਧੇਰੇ ਲੋਕਾਂ ਨੇ ਸ਼ਿਰਕਤ ਕੀਤੀ ਜਦਕਿ ਠੀਕ ਉਸੇ ਸਮੇਂ ਵਰਲਡ ਸੀਰੀਜ਼ ਬੇਸਬਾਲ ਦੇ ਮੁਕਾਬਲੇ ਚੱਲ ਰਹੇ ਸਨ। ਇਹ ਮੈਚ ਸ਼ਿਕਾਗੋ ਕੱਬਜ਼ ਅਤੇ ਕਲੀਵਲੈਂਡ ਇੰਡੀਅਨਜ਼ ਵਿਚਾਲੇ ਖੇਡਿਆ ਜਾ ਰਿਹਾ ਸੀ। ਗੁਰਦੁਆਰਾ ਸਾਹਿਬ ਵਿਚ ਹੋਈ ਮੀਟਿੰਗ ਦੌਰਾਨ ਚੋਣਾਂ ਦੇ ਉਮੀਦਵਾਰ ਰਾਜਾ ਕ੍ਰਿਸ਼ਨਾਮੂਰਤੀ (ਡੀ) ਅਤੇ ਪੀਟ ਡਿਸੀਆਨੀ (ਆਰ) ਨੂੰ ਭਾਈਚਾਰੇ ਦੇ ਰੂਬਰੂ ਕਰਵਾਉਣ ਲਈ ਸੱਦਿਆ ਗਿਆ ਸੀ ਤਾਂ ਜੋ ਪਰਵਾਸੀਆਂ ਦੇ ਅਹਿਮ ਮੁੱਦਿਆਂ 'ਤੇ ਉਨ੍ਹਾਂ ਦੀ ਰਾਏ ਜਾਣੀ ਜਾ ਸਕੇ। ਇਹ ਪ੍ਰੋਗਰਾਮ ਏਸ਼ੀਅਨ ਅਮੈਰੀਕਨਜ਼ ਅਡਵਾਂਸਿੰਗ ਜਸਟਿਸ, ਸ਼ਿਕਾਗੋ, ਸੈਂਟਰੋ ਡੀ ਇਨਫੋਰਮੇਸ਼ਨ, ਇਲੀਨੋਇਸ ਕੋਲੀਜ਼ਨ ਫਾਰ ਇਮੀਗਰਾਂਟ ਐਂਡ ਰਫਿਊਜੀ ਰਾਈਟਸ, ਨਾਰਦਨ ਅਲਾਇੰਸ ਫਾਰ ਇਮੀਗਰਾਂਟਸ, ਸਾਊਥ ਏਸ਼ੀਅਨ ਅਮੈਰੀਕਨ

ਬਾਕੀ ਸਫ਼ਾ 30 'ਤੇ

## ਕੋਚ ਪਰਮਜੀਤ ਪੰਮੀ ਦੀ ਮੌਤ ਉੱਤੇ ਵੱਖ ਵੱਖ ਸਖਸ਼ੀਅਤਾਂ ਵਲੋਂ ਦੁੱਖ ਦਾ ਪ੍ਰਗਟਾਵਾ



**ਫਰੀਮਾਂਟ/ਬਿਊਰੋ ਨਿਊਜ਼:** ਵੱਖ ਵੱਖ ਸਖਸ਼ੀਅਤਾਂ ਵਲੋਂ ਕਬੱਡੀ ਦੇ ਨਾਮੀ ਸਾਬਕਾ ਖਿਡਾਰੀ ਅਤੇ ਕਬੱਡੀ ਕੋਚ ਪਰਮਜੀਤ ਸਿੰਘ ਪੰਮੀ ਦੀ ਅਚਾਨਕ ਮੌਤ ਉੱਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਉਨ੍ਹਾਂ ਦਾ ਹਾਲ ਵਿੱਚ ਹੀ ਰਾਜਪੁਰਾ ਨੇੜ੍ਹਲੇ ਕਸਬਾ ਬਨੂੜ (ਪਟਿਆਲਾ) 'ਚ ਅਚਾਨਕ ਦਿਹਾਤ ਹੋ ਗਿਆ। ਉਹ ਸੱਤਰਵੇਂ ਦਹਾਕੇ ਦੀ ਉਮਰ ਵਿੱਚੋਂ ਗੁਜ਼ਰ ਰਹੇ ਸਨ। ਉਨ੍ਹਾਂ ਦੀ ਅੰਤਿਮ ਵਿਦਾਈ ਤੇ ਉਨ੍ਹਾਂ ਦੇ ਪਿੰਡ ਬਨੂੜ ਵਿਚ ਹੋਏ ਭਾਰੀ ਇਕੱਠ ਤੋਂ ਪਰਮਜੀਤ ਸਿੰਘ ਸੰਧੂ ਦੀ ਲੋਕ ਪਿਆਰ ਦਾ ਅੰਦਾਜ਼ਾ ਲੱਗਦਾ।

ਮੌਤ ਤੋਂ ਇਕ ਦਿਨ ਪਹਿਲਾਂ ਪਰਮਜੀਤ ਸਿੰਘ ਪੰਮੀ ਨੇ ਮਡੈਸਟੋ ਵਸਦੇ ਆਪਣੇ ਪਰਮ ਮਿੱਤਰ ਬਲਜਿੰਦਰ ਸਿੰਘ ਭੱਟੀ ਨਾਲ ਫੋਨ ਤੇ ਗੱਲਬਾਤ ਕੀਤੀ ਕਿ ਮੈਨੂੰ ਕੁਝ ਚੰਗਾ ਮਹਿਸੂਸ ਨਹੀਂ ਹੋ ਰਿਹਾ। ਹੁਣ ਮੈਂ ਚਾਹੁੰਦਾ ਹਾਂ ਕਿ ਅਮਰੀਕਾ ਹੀ ਆ ਜਾਵਾ ਹਮੇਸ਼ਾਂ ਚੜ੍ਹਦੀ ਕਲਾਵਿਚ ਰਹਿਣ ਵਾਲਾ ਵਿਅਕਤੀ ਉਸ ਦਿਨ ਉਦਾਸ ਸੀ, ਤੇ ਸਵੇਰ ਵੇਲੇ ਦਿਲ ਫੇਲ ਹੋਣ ਕਰਕੇ ਆਪਣੇ ਜੱਦੀ ਪਿੰਡ ਬਨੂੜ ਵਿਚ ਆਪਣੇ

ਬਾਕੀ ਸਫ਼ਾ 30 'ਤੇ

## ਕਤਲ ਦੇ ਮਾਮਲੇ 'ਚ ਹਿੰਦੂ ਪੁਜਾਰੀ ਗ੍ਰਿਫ਼ਤਾਰ

### *ਮ੍ਰਿਤਕ ਦੀ ਪਤਨੀ ਨਾਲ ਪ੍ਰੇਮ ਸਬੰਧਾਂ ਦਾ ਸ਼ੱਕ*

**ਸੈਕਰਾਮੈਂਟੋ/ਬਿਊਰੋ ਨਿਊਜ਼ :** ਅਸ਼ੋਕ ਕੁਮਾਰ ਦੇ ਕਤਲ ਦੇ ਮਾਮਲੇ ਵਿਚ ਕਈ ਹੈਰਾਨੀਜਨਕ ਤੱਥ ਸਾਹਮਣੇ ਆ ਰਹੇ ਹਨ। ਹੁਣ ਇਸ ਮਾਮਲੇ ਵਿਚ ਇਕ ਹਿੰਦੂ ਪੁਜਾਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਥੋਂ ਦੇ ਗਰੈਂਡਸਟਾਫ ਡਰਾਈਵ ਸਥਿਤ ਅਸ਼ੋਕ ਕੁਮਾਰ (60) ਅਗਸਤ ਵਿਚ ਆਪਣੇ ਘਰ ਵਿਚ ਮ੍ਰਿਤਕ ਮਿਲਿਆ ਸੀ। ਇਕ ਮਹੀਨੇ ਬਾਅਦ ਸੈਕਰਾਮੈਂਟੋ ਪੁਲੀਸ ਨੇ ਟੀਵਾਨ ਗਰੀਨਵੇਡ, ਵਿੱਕੀ ਰਾਨੋਨ ਅਤੇ ਅਸ਼ੋਕ ਕੁਮਾਰ ਦੀ ਪਤਨੀ ਰੋਹਿਨੀ



ਕੁਮਾਰ ਨੂੰ ਕਤਲ ਦੇ ਦੋਸ਼ ਤਹਿਤ ਗ੍ਰਿਫ਼ਤਾਰ ਕੀਤਾ ਸੀ। ਪਿਛਲੇ ਹਫ਼ਤੇ ਇਨ੍ਹਾਂ ਦੋਸ਼ਾਂ ਤਹਿਤ ਹੀ ਰਘੂ ਸ਼ਰਮਾ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਪੁਲੀਸ ਅਧਿਕਾਰੀਆਂ ਦਾ ਕਹਿਣਾ ਕਿ ਸਾਰੇ ਸ਼ੱਕੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।

ਇਸ ਘਟਨਾ ਨੇ ਹਿੰਦੂ ਭਾਈਚਾਰੇ ਵਿਚ ਸੋਗ ਦੀ ਲਹਿਰ ਪੈਦਾ ਕਰ ਦਿੱਤੀ ਹੈ ਜਿਸ ਦਾ ਅਸਰ ਪਿਛਲੇ ਦਿਨੀਂ ਦੀਵਾਲੀ ਦੇ ਜਸ਼ਨਾਂ ਦੌਰਾਨ ਵੀ ਦੇਖਿਆ ਗਿਆ। ਪੰਡਿਤ ਗਿਰਵਰ ਮਹਾਰਾਜ ਨੇ ਇਸ 'ਤੇ ਆਪਣੀ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਕਿਹਾ ਕਿ ਇਹ ਬੇਹੱਦ ਨਿੰਦਣਯੋਗ ਕਾਰਵਾਈ ਹੈ। ਇਸ ਨਾਲ ਹਿੰਦੂ ਭਾਈਚਾਰੇ ਨੂੰ ਬਹੁਤ ਵੱਡਾ ਧੱਕਾ ਲੱਗਾ ਹੈ। ਉਨ੍ਹਾਂ ਕਿਹਾ ਕਿ ਇਕ ਪੁਜਾਰੀ ਕੀੜੀ ਤਕ ਨਹੀਂ ਮਾਰ ਸਕਦਾ ਪਰ ਇਕ ਆਦਮੀ ਦੇ ਕਤਲ ਨੂੰ ਕਿਵੇਂ ਬਰਦਾਸ਼ਤ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਪੁਜਾਰੀ ਹੀ ਅਜਿਹੇ ਕੰਮ ਕਰੇਗਾ ਤਾਂ ਉਹ ਲੋਕਾਂ ਨੂੰ ਕੀ ਸਿੱਖਿਆ ਦਏਗਾ। ਪੁਲੀਸ ਨੇ ਪਹਿਲਾਂ ਇਸ ਨੂੰ ਲੁੱਟ-ਖੋਹ ਦੀ ਘਟਨਾ ਸਮਝਿਆ ਸੀ ਪਰ ਜਾਂਚ ਮਗਰੋਂ ਇਸ ਦੀਆਂ ਪਰਤਾਂ ਖੁੱਲ੍ਹਦੀਆਂ ਗਈਆਂ। ਸ਼ਰਮਾ ਨੇ ਆਪਣੇ ਬੱਚਿਆਂ ਅਤੇ ਪਤਨੀ ਦੀ ਮਦਦ ਲਈ ਇਕ ਦੋਸਤ, ਜੋ ਕਿ ਇਸ ਕਤਲ ਵਿਚ ਸ਼ਾਮਲ ਹੈ, ਵਲੋਂ ਸਥਾਪਤ GoFundMe ਗੋਫੰਡਮੀ ਨੂੰ ਪੰਜ ਡੋਲਰ ਦਾਨ ਕੀਤੇ ਸਨ। ਪੁਲੀਸ ਚਾਰੇ ਮੁਲਜ਼ਮਾਂ ਵਿਚਾਲੇ ਸਬੰਧਾਂ ਨੂੰ ਖੰਘਾਲ ਰਹੀ ਹੈ। ਪਰ ਸੈਕਰਾਮੈਂਟੋ ਦਾ ਹਿੰਦੂ ਭਾਈਚਾਰਾ ਕੁਮਾਰ ਦੀ ਪਤਨੀ ਰੋਹਿਨੀ ਅਤੇ ਪੁਰੋਹਿਤ ਰਘੂ ਸ਼ਰਮਾ ਵਿਚਾਲੇ ਪ੍ਰੇਮ ਸਬੰਧਾਂ ਨੂੰ ਇਸ ਕਤਲ ਲਈ ਜ਼ਿੰਮੇਵਾਰ ਮੰਨ ਰਿਹਾ ਹੈ। ਅਸ਼ੋਕ ਸ਼ਰਮਾ ਨੇ ਆਪਣਾ ਜੀਵਨ ਬੀਮਾ ਵੀ ਕਰਵਾਇਆ ਹੋਇਆ ਸੀ ਤੇ ਪਤਨੀ ਦੇ ਰਘੂ ਸ਼ਰਮਾ ਨਾਲ ਸਬੰਧ ਸੀ ਤੇ ਉਹ ਉਸ ਕੋਲੋਂ ਪੈਸੇ ਹੜੱਪਣਾ ਚਾਹੁੰਦੇ ਸਨ।


ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533



CIS CALIFORNIA
IMMIGRATION SERVICES
(Registered & Bonded)
➢ FAMILY IMMIGRATION
➢ GREEN CARD PETITION
➢ CITIZENSHIP
➢ OCI CARD / INDIAN PASSPORT
➢ BUSINESS / VISITOR VISA
➢ H-1 B VISA PETITION
➢ STUDENT VISA
➢ RELIGIOUS VISA
➢ LEGAL SERVICES





Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com

# Sikh Panchayat

BRINGING THE COMMUNITY TOGETHER

## Voter Guide for Union City and Fremont, California

**President**
Hillary Clinton

**United State Senator**
Kamala D Harris

**United States Representative (15th Dist)**
Eric Swalwell

**United States Representative (17th Dist)**
Mike Honda

**Fremont Mayor**
Bill Harrison

**Fremont City Council**
Raj Salwan

**Union City Council**
Gary Singh

**Member of State Assembly**
Bill Quirk

**New Haven School Dist.**
Sharan Kaur

**Superior Court Judge**
Scott Jackson

**Water Dist.**
John Weed and Aziz Akbari

### Measures:

| | | |
|---|---|---|
| 51 | Yes | School Bond |
| 52 | Yes | Med-Cal hospital fee |
| 53 | No | Revenue Bond |
| 54 | No | Legislature |
| 55 | Yes | Tax extension edu / Healthcare |
| 56 | Yes | Cigarette Tax to fund Healthcare |
| 57 | Yes | Criminal extension parole |
| 58 | Yes | English proficiency imitative |
| 59 | Yes | Corporation political spending |
| 62 | Yes | Death penalty |
| 63 | Yes | Firearm ammunition sale |
| 66 | No | Death penalty procedures |
| 67 | Yes | Ban on single use plastic bags |
| A1 | Yes | Alameda county affordable housing |
| QQ | Yes | Union city parcel tax extension |


# ਬਾਪੂ ਸੂਰਤ ਸਿੰਘ ਖਾਲਸਾ ਵਲੋਂ ਪਹਿਲੀ ਨਵੰਬਰ ਤੋਂ ਮੁੜ ਪਾਣੀ ਤਿਆਗਣ ਦਾ ਐਲਾਨ



**ਲੁਧਿਆਣਾ/ਬਿਊਰੋ ਨਿਊਜ਼ :**
ਪਿਛਲੇ ਲੰਮੇਂ ਸਮੇਂ ਤੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਲਗਾਤਾਰ ਭੁੱਖ ਹੜਤਾਲ ’ਤੇ ਚੱਲ ਰਹੇ ਬਾਪੂ ਸੂਰਤ ਸਿੰਘ ਖਾਲਸਾ ਵਲੋਂ ਇਸ ਸੰਘਰਸ਼ ਨੂੰ ਕਿਸੇ ਕੰਢੇ ਬੰਨੇ ਲਾਉਣ ਦਾ ਫੈਸਲਾ ਕਰਦਿਆਂ ਪੰਜਾਬੀ ਸੂਬੇ ਦੀ 50ਵੀਂ ਵਰ੍ਹੇਗੰਢ ’ਤੇ ਪਹਿਲੀ ਨਵੰਬਰ ਤੋਂ ਮੁੜ ਪਾਣੀ ਤਿਆਗਣ ਦਾ ਐਲਾਨ ਕੀਤਾ ਗਿਆ ਹੈ। ਉਹ ਅੱਜ ਕੱਲ੍ਹ ਪੁਲੀਸ ਪਹਿਰੇ ਹੇਠ ਦਯਾਨੰਦ ਹਸਪਤਾਲ ਵਿਖੇ ਜ਼ਬਰੀ ਇਲਾਜ ਅਧੀਨ ਹਨ। ਬਾਪੂ ਸੂਰਤ ਸਿੰਘ ਨੇ ਕਿਹਾ ਕਿ ਉਹ ਪਹਿਲੇ ਦਿਨ ਤੋਂ ਆਪਣੇ ਇਸ ਸੰਘਰਸ਼ ਨੂੰ ਆਰ-ਪਾਰ ਦੀ ਲੜਾਈ ਵਜੋਂ ਲੈ ਕੇ ਚੱਲ ਰਹੇ ਹਨ, ਪਰ ਪੰਜਾਬ ਪੁਲੀਸ ਨੇ ਸਰਕਾਰ ਦੇ ਇਸ਼ਾਰੇ ’ਤੇ ਉਨ੍ਹਾਂ ਨੂੰ ਜਬਰੀ ਘਰੋਂ ਚੁੱਕ ਕੇ ਕਈ ਵਾਰੀ ਹਸਪਤਾਲ ਦਾਖਲ ਕਰਾ ਦਿੱਤਾ ਜਿੱਥੇ ਪੁਲੀਸ ਨੇ ਧੱਕੇਸ਼ਾਹੀ ਨਾਲ ਡਾਕਟਰਾਂ ਪਾਸੋਂ ਉਨ੍ਹਾਂ ਨੂੰ ਸਿਹਤ ਬਚਾਓ ਦਵਾਈਆਂ ਤੋਂ ਇਲਾਵਾ ਨੱਕ ਵਿਚ ਖੁਰਾਕ ਨਾਲ਼ੀ ਲਾ ਕੇ ਜ਼ਬਰੀ ਤਰਲ ਖੁਰਾਕ ਦੇਣੀ ਸ਼ੁਰੂ ਕਰ ਦਿੱਤੀ। ਜਥੇਦਾਰ ਖਾਲਸਾ ਨੇ ਸਮੂਹ ਪੰਥ ਦਰਦੀਆਂ ਨੂੰ 10 ਨਵੰਬਰ ਦੇ ਸਰਬੱਤ ਖਾਲਸਾ ਵਿਚ ਹੁੰਮ ਹੁੰਮਾ ਕੇ ਪਹੁੰਚਣ ਤੇ ਸਿੱਖ ਕੌਮ ਦੇ ਉਜਲੇ ਭਵਿੱਖ ਲਈ ਲੰਮੇਂ ਸਮੇਂ ਦੀ ਠੋਸ ਤੇ ਉਸਾਰੂ ਰਣਨੀਤੀ ਬਣਾਉਣ ਦੀ ਅਪੀਲ ਕਰਦਿਆਂ ਵੱਖੋ ਵੱਖ ਪੰਥਕ ਜਥੇਬੰਦੀਆਂ ਨੂੰ ਪੰਥਕ ਹਿੱਤਾਂ ਖਾਤਰ ਨਿੱਜੀ ਹਉਮੈ ਤਿਆਗ ਕੇ ਇਕਮੁੱਠ ਹੋਣ ਦੀ ਵੀ ਮੰਗ ਕੀਤੀ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ 5 ਨਵੰਬਰ ਨੂੰ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸੁਪਰੀਮ ਕੋਰਟ ਵੱਲੋਂ ਸ਼੍ਰੋਮਣੀ ਕਮੇਟੀ ਦੀਆਂ 2011 ਵਿੱਚ ਹੋਈਆਂ ਚੋਣਾਂ ਨੂੰ ਹਰੀ ਝੰਡੀ ਦਿੱਤੇ ਜਾਣ ਮਗਰੋਂ ਹੁਣ ਕੇਂਦਰੀ ਗ੍ਰਹਿ ਮੰਤਰਾਲੇ ਨੇ ਵੀ ਇਸ ਚੋਣ ਪ੍ਰਕਿਰਿਆ ਨੂੰ ਮੁਕੰਮਲ ਕਰਨ ਦੀ ਹਾਮੀ ਭਰ ਦਿੱਤੀ ਹੈ। ਇਸ ਤਹਿਤ ਪੰਜ ਨਵੰਬਰ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਜਨਰਲ ਇਜਲਾਸ ਸੱਦਿਆ ਗਿਆ ਹੈ। ਇਸ ਪਲੇਠੇ ਜਨਰਲ ਇਜਲਾਸ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ 11 ਮੈਂਬਰੀ ਅੰਤ੍ਰਿੰਗ ਕਮੇਟੀ ਦੀ ਚੋਣ ਹੋਵੇਗੀ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਦੱਸਿਆ ਕਿ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਪ੍ਰਵਾਨਗੀ ਮਿਲਣ ਕਰਕੇ ਪੰਜ ਨਵੰਬਰ ਨੂੰ ਜਨਰਲ ਇਜਲਾਸ ਦੀ ਪਹਿਲੀ ਮੀਟਿੰਗ ਸੱਦੀ ਗਈ ਹੈ। ਇਸ ਦੀ ਪ੍ਰਧਾਨਗੀ ਡਿਪਟੀ ਕਮਿਸ਼ਨਰ ਵੱਲੋਂ ਕੀਤੀ ਜਾਵੇਗੀ। ਇਹ ਮੀਟਿੰਗ ਪੰਜ ਨਵੰਬਰ ਨੂੰ ਸ੍ਰੀ ਦਰਬਾਰ ਸਾਹਿਬ ਸਮੂਹ ਵਿਚ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਹੋਵੇਗੀ। ਇਸ ਵਿੱਚ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਤੇ ਕਾਰਜਕਾਰਨੀ ਦੇ ਮੈਂਬਰਾਂ ਦੀ ਚੋਣ ਹੋਵੇਗੀ। ਉਨ੍ਹਾਂ ਦੱਸਿਆ ਕਿ ਜਲਦੀ ਹੀ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਜਾਣਗੇ। ਦੱਸਿਆ ਜਾ ਰਿਹਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਪਲੇਠੇ ਸਦਨ ਦੀ ਪ੍ਰਧਾਨਗੀ ਕਿਸੇ ਸਿੱਖ ਡਿਪਟੀ ਕਮਿਸ਼ਨਰ ਕੋਲੋਂ ਹੀ ਕਰਵਾਈ ਜਾਵੇਗੀ। ਜਨਰਲ ਇਜਲਾਸ ਦੀ ਤਰੀਕ ਤੈਅ ਹੋਣ ਤੋਂ ਬਾਅਦ ਹੁਣ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੇ ਨਾਵਾਂ ਦੀ ਚਰਚਾ ਨੇ ਜ਼ੋਰ ਫੜ ਲਿਆ ਹੈ। ਇਨ੍ਹਾਂ ਵਿੱਚ ਜਥੇਦਾਰ ਅਵਤਾਰ ਸਿੰਘ, ਸਾਬਕਾ ਮੰਤਰੀ ਸੇਵਾ ਸਿੰਘ ਸੇਖਵਾਂ ਤੇ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਦੇ ਨਾਮ ਦੀ ਚਰਚਾ ਹੈ ।ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ 170 ਮੈਂਬਰਾਂ ਦੀ ਚੋਣ ਵਾਸਤੇ ਆਮ ਚੋਣਾਂ 18 ਸਤੰਬਰ 2011 ਨੂੰ ਹੋਈਆਂ ਸਨ। ਇਸ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਸੰਤ ਸਮਾਜ ਦੋਵਾਂ ਨੇ ਕੁੱਲ 170 ਸੀਟਾਂ ਵਿੱਚੋਂ 157 ਸੀਟਾਂ ’ਤੇ ਜਿੱਤ ਹਾਸਲ ਕੀਤੀ ਸੀ। ਸਤੰਬਰ 2011 ਵਿੱਚ ਹੋਈਆਂ ਚੋਣਾਂ ਦੀ ਪ੍ਰਕਿਰਿਆ ਮੁਕੰਮਲ ਹੋਣ ਤੋਂ ਪਹਿਲਾਂ ਹੀ ਦਸੰਬਰ 2011 ਵਿੱਚ ਇਸ ਚੋਣ ਪ੍ਰਕਿਰਿਆ ’ਤੇ ਉਸ ਵੇਲੇ ਰੋਕ ਲੱਗ ਗਈ ਸੀ ਜਦੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਹਿਜਧਾਰੀਆਂ ਨੂੰ ਵੋਟ ਪਾਉਣ ਤੋਂ ਰੋਕਣ ਬਾਰੇ ਕੇਂਦਰ ਸਰਕਾਰ ਵਲੋਂ ਜਾਰੀ ਨੋਟੀਫਿਕੇਸ਼ਨ ਨੂੰ ਰੱਦ ਕਰ ਦਿੱਤਾ ਗਿਆ ਸੀ। ਇਸ ਕਾਰਨ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਦਾ ਭਵਿੱਖ ਹਵਾ ਵਿੱਚ ਲਟਕ ਗਿਆ ਸੀ। ਇਹ ਮਾਮਲਾ ਪਿਛਲੇ ਪੰਜ ਸਾਲ ਤੋਂ ਸੁਪਰੀਮ ਕੋਰਟ ਦੇ ਵਿਚਾਰਅਧੀਨ ਸੀ। ਇਸ ਦੌਰਾਨ ਸੁਪਰੀਮ ਕੋਰਟ ਵਲੋਂ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਦਾ ਕੰਮਕਾਜ ਚਲਾਉਣ ਲਈ ਨਵੰਬਰ 2010 ਦੀ ਅੰਤ੍ਰਿੰਗ ਕਮੇਟੀ ਨੂੰ ਅਧਿਕਾਰ ਦਿੱਤੇ ਗਏ ਸਨ। ਕੇਸ ਦੀ ਚੱਲ ਰਹੀ ਸੁਣਵਾਈ ਦੌਰਾਨ ਕੇਂਦਰ ਸਰਕਾਰ ਵੱਲੋਂ ਸਿੱਖ ਗੁਰਦੁਆਰਾ ਐਕਟ 1925 ਵਿੱਚ ਸੰਸਦ ਰਾਹੀਂ ਸੋਧ ਕਰਦਿਆਂ ਸਹਿਜਧਾਰੀ ਸਿੱਖਾਂ ਨੂੰ ਵੋਟ ਪਾਉਣ ਤੋਂ ਰੋਕਣ ਸਬੰਧੀ ਕਾਨੂੰਨ ਬਣਾ ਦਿੱਤਾ ਗਿਆ ਸੀ। ਕੇਂਦਰ ਦੇ ਫ਼ੈਸਲੇ ਮਗਰੋਂ ਹੁਣ 15 ਸਤੰਬਰ 2016 ਨੂੰ ਸੁਪਰੀਮ ਕੋਰਟ ਨੇ ਸਹਿਜਧਾਰੀ ਸਿੱਖ ਫੈਡਰੇਸ਼ਨ ਦੀ ਉਸ ਪਟੀਸ਼ਨ ਨੂੰ ਰੱਦ ਕਰ ਦਿੱਤਾ ਹੈ, ਜਿਸ ਰਾਹੀਂ ਉਨ੍ਹਾਂ ਨੇ ਸਹਿਜਧਾਰੀ ਸਿੱਖਾਂ ਨੂੰ ਵੋਟ ਪਾਉਣ ਦਾ ਹੱਕ ਮੰਗਿਆ ਸੀ। ਸੁਪਰੀਮ ਕੋਰਟ ਨੇ ਇਸ ਪਟੀਸ਼ਨ ਨੂੰ ਰੱਦ ਕਰਦਿਆਂ ਸਤੰਬਰ 2011 ਵਿੱਚ ਸ਼੍ਰੋਮਣੀ ਕਮੇਟੀ ਦੀਆਂ ਹੋਈਆਂ ਆਮ ਚੋਣਾਂ ਨੂੰ ਜਾਇਜ਼ ਕਰਾਰ ਦਿੱਤਾ ਸੀ। ਇਸ ਤਹਿਤ 2011 ਦੇ ਸਦਨ ਦੀ ਪਹਿਲੀ ਮੀਟਿੰਗ ਹੋਵੇਗੀ।

# ਕਬੱਡੀ ਫੈਡਰੇਸ਼ਨਾਂ ਵਲੋਂ ਪੰਜਾਬ ’ਚ ਹੋ ਰਹੇ ਵਿਸ਼ਵ ਕਬੱਡੀ ਕੱਪ ਦੇ ਬਾਈਕਾਟ ਦੇ ਫੈਸਲੇ ਦੀ ਸ਼ਲਾਘਾ

**ਲੰਡਨ/ਬਿਊਰੋ ਨਿਊਜ਼ :**ਯੂਨਾਈਟਿਡ ਖਾਲਸਾ ਦਲ ਯੂ.ਕੇ. ਨੇ ਪੰਜਾਬ ਵਿੱਚ ਹੋ ਰਹੇ ਵਿਸ਼ਵ ਕਬੱਡੀ ਕੱਪ ਦਾ ਬਾਈਕਾਟ ਕਰਨ ਵਾਲੀਆਂ ਸਮੂਹ ਕਬੱਡੀ ਫੈਡਰੇਸ਼ਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ ਅਤੇ ਆਸ ਪ੍ਰਗਟਾਈ ਕਿ ਇਹ ਫੈਸਲਾ ਲੈਣ ਵਾਲੇ ਵੀਰ ਹਮੇਸ਼ਾਂ ਸਿੱਖ ਕੌਮ ਦਾ ਡੱਟ ਕੇ ਸਾਥ ਦਿੰਦੇ ਰਹਿਣਗੇ। ਦਲ ਦੇ ਪ੍ਰਧਾਨ ਸ੍ਰ. ਨਿਰਮਲ ਸਿੰਘ ਸੰਧੂ, ਜਨਰਲ ਸਕੱਤਰ ਸ੍ਰ. ਲਵਸ਼ਿੰਦਰ ਸਿੰਘ ਡੱਲੇਵਾਲ, ਪ੍ਰੈੱਸ ਸਕੱਤਰ ਸ੍ਰ. ਬਲਵਿੰਦਰ ਸਿੰਘ ਢਿੱਲੋਂ ਅਤੇ ਸ੍ਰ. ਸੁਖਵਿੰਦਰ ਸਿੰਘ ਖਾਲਸਾ ਨੇ ਕਿਹਾ ਕਿ ਪੰਜਾਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵੱਖ ਵੱਖ ਥਾਵਾਂ ’ਤੇ ਲਗਾਤਾਰ ਹੋ ਰਹੀ ਬੇਅਦਬੀ ਦੇ ਰੋਸ ਵਜੋਂ ਵਿਦੇਸ਼ਾਂ ਦੀਆਂ ਕਬੱਡੀ ਫੈਡਰੇਸ਼ਨਾਂ ਵਲੋਂ ਵਿਸ਼ਵ ਕੱਪ ਦੇ ਬਾਈਕਾਟ ਦਾ ਫੈਸਲਾ ਲੈਣਾ ਨਿਰਸੰਦੇਹ ਸ਼ਲਾਘਾਯੋਗ ਕਾਰਵਾਈ ਹੈ। ਇਸ ਵਾਸਤੇ ਇੰਗਲੈਂਡ, ਯੂਰਪ ਅਤੇ ਉੱਤਰੀ ਅਮਰੀਕਾ ਵਿੱਚ ਸਥਾਪਤ ਕਬੱਡੀ ਫੈਡਰੇਸ਼ਨਾਂ ਦੇ ਮੈਂਬਰ ਵਧਾਈ ਦੇ ਪਾਤਰ ਹਨ। ਇਨ੍ਹਾਂ ਫੈਡਰੇਸ਼ਨਾਂ ਨੇ ਪੰਜਾਬ ’ਤੇ ਹਕੂਮਤ ਕਰ ਰਹੀ ਬਾਦਲ ਸਰਕਾਰ ਨੂੰ ਹਲੂਣਾ ਦਿੰਦਿਆਂ ਸੁਨੇਹਾ ਦਿੱਤਾ ਹੈ ਕਿ ਸਿੱਖ ਘਰਾਣਿਆਂ ਵਿੱਚ ਜਨਮ ਲੈਣ ਵਾਲਿਆਂ ਵਾਸਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਬਹੁਤ ਮਹਾਨਤਾ ਰੱਖਦਾ ਹੈ ਅਤੇ ਇਸ ਦੀ ਬੇਅਦਬੀ ਨੂੰ ਕੋਈ ਵੀ ਸਿੱਖ ਬਰਦਾਸ਼ਤ ਨਹੀਂ ਕਰ ਸਕਦਾ।


ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ’ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
"The opinions expressed in this newspaper donot necessarily represent the views or opinions of the staff or employees of Quomantry Amritsar times. "All Disputes must be Handled in Santa Clara Superior Court.

# ਬੰਦੀ ਛੋੜ ਦਿਵਸ ਤੇ ਦੀਵਾਲੀ ਮੌਕੇ ਦਰਬਾਰ ਸਾਹਿਬ 'ਚ ਹੋਈ ਦੀਪਮਾਲਾ ਤੇ ਆਤਿਸ਼ਬਾਜ਼ੀ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਬੰਦੀ ਛੋੜ ਦਿਵਸ ਤੇ ਦੀਵਾਲੀ ਦਾ ਤਿਉਹਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ। ਇਸ ਮੌਕੇ ਲੱਖਾਂ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਪੁੱਜੇ ਤੇ ਪਵਿੱਤਰ ਸਰੋਵਰ 'ਚ ਇਸ਼ਨਾਨ ਕਰਕੇ ਗੁਰੂ ਦਰ 'ਤੇ ਸੀਸ ਨਿਵਾਇਆ। ਸ਼ਾਮ ਨੂੰ ਹਰਿਮੰਦਰ ਸਾਹਿਬ ਸਮੂਹ ਵਿਖੇ ਕੀਤੀ ਗਈ ਮਨਮੋਹਕ ਦੀਪਮਾਲਾ ਤੇ ਆਤਿਸ਼ਬਾਜ਼ੀ ਦਾ ਅਨੰਦ ਮਾਣਦਿਆਂ ਸੰਗਤਾਂ ਨੇ ਸਰਵੋਰ ਕਿਨਾਰੇ ਰਵਾਇਤੀ ਦੀਪ ਤੇ ਮੋਮਬੱਤੀਆਂ ਜਗਾ ਕੇ ਵੀ ਗੁਰੂ ਘਰ ਪ੍ਰਤੀ ਆਪਣੀ ਅਕੀਦਤ ਦਾ ਪ੍ਰਗਟਾਵਾ ਕੀਤਾ। ਦੀਪਮਾਲਾ ਤੇ ਆਤਿਸ਼ਬਾਜ਼ੀ ਦੇ ਸੁੰਦਰ ਤੇ ਯਾਦਗਾਰੀ ਪਲਾਂ ਨੂੰ ਹਜ਼ਾਰਾਂ ਸ਼ਰਧਾਲੂਆਂ ਨੇ ਕੈਮਰਿਆਂ 'ਚ ਵੀ ਕੈਦ ਕੀਤਾ। ਇਸ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਵਿਸ਼ਾਲ ਗੁਰਮਤਿ ਸਮਾਗਮ ਤੇ ਢਾਡੀ ਦਰਬਾਰ ਸਜਾਏ ਗਏ। ਸ੍ਰੀ ਅਕਾਲ ਤਖਤ ਸਾਹਿਬ ਵਿਖੇ ਤਿੰਨ ਦਿਨ ਅੰਮ੍ਰਿਤ ਸੰਚਾਰ ਦਾ ਪ੍ਰਵਾਹ ਚਲਿਆ, ਜਿਸ ਦੌਰਾਨ ਸੈਂਕੜੇ ਪ੍ਰਾਣੀ ਗੁਰੂ ਵਾਲੇ ਬਣੇ।

**ਜਥੇਦਾਰ ਗਿਆਨੀ ਗੁਰਬਚਨ ਸਿੰਘ ਵਲੋਂ ਕੌਮ ਦੇ ਨਾਂਅ ਸੰਦੇਸ਼ :**
ਇਸ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜੀ ਤੋਂ ਸਿੱਖ ਕੌਮ ਦੇ ਨਾਂਅ ਸੰਦੇਸ਼ ਜਾਰੀ ਕੀਤਾ, ਜਿਸ 'ਚ ਉਨ੍ਹਾਂ ਕਿਹਾ ਕਿ ਅਜੋਕੇ ਸਮੇਂ 'ਚ ਸਿੱਖੀ ਤੋਂ ਬੇਮੁੱਖ ਹੋ ਰਹੀ ਨੌਜਵਾਨ ਪੀੜ੍ਹੀ ਨੂੰ ਮੁੜ ਗੁਰਸਿੱਖੀ ਜੀਵਨ ਵੱਲ ਪ੍ਰੇਰਤ ਕਰਨ ਲਈ ਅੱਜ ਪਰਿਵਾਰਕ ਤੇ ਪੰਥਕ ਏਕਤਾ ਦੀ ਬੇਹੱਦ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀਆਂ ਹੋ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਮੰਦਭਾਗੀਆਂ ਹਨ। ਇਨ੍ਹਾਂ ਘਟਨਾਵਾਂ ਪ੍ਰਤੀ ਵੱਖ-ਵੱਖ ਬਿਆਨਬਾਜ਼ੀਆਂ ਤੇ ਦੂਸ਼ਣਬਾਜ਼ੀਆਂ ਕਰਨ ਤੋਂ ਗੁਰੇਜ਼ ਕਰਦਿਆਂ ਸਾਨੂੰ ਸਾਰਿਆਂ ਨੂੰ ਇਕਮੁੱਠ ਹੋ ਅਜਿਹੀਆਂ ਕਾਰਵਾਈਆਂ ਨੂੰ ਅੰਜ਼ਾਮ ਦੇਣ ਵਾਲਿਆਂ ਵਿਰੁੱਧ ਲਾਮਬੰਦ ਹੋਣਾ ਚਾਹੀਦਾ ਹੈ ਤੇ ਸਮੇਂ ਦੀਆਂ ਸਰਕਾਰਾਂ ਨੂੰ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਅੰਜ਼ਾਮ ਦੇਣ ਵਾਲੇ ਦੋਸ਼ੀਆਂ ਨੂੰ ਬੇਨਕਾਬ ਕਰਕੇ ਉਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਇਸ ਮੌਕੇ ਗੁਰਮਤਿ ਵਿਚਾਰਾਂ ਸਾਂਝੀਆਂ ਕਰਦਿਆਂ ਕਿਹਾ ਕਿ ਸਿੱਖ ਕੌਮ ਦਾ ਇਤਿਹਾਸ ਸੰਘਰਸ਼ ਨਾਲ ਭਰਿਆ ਪਿਆ ਹੈ, ਪਰ ਦੁੱਖ ਦੀ ਗੱਲ ਹੈ ਕਿ ਅੱਜ ਅਸੀਂ ਆਪਣੇ ਇਤਿਹਾਸ ਨੂੰ ਭੁੱਲਦੇ ਜਾ ਰਹੇ ਹਾਂ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਕਥਾਵਾਚਕ ਗੌਹਰ ਏ ਮਸਕੀਨ ਭਾਈ ਰਣਜੀਤ ਸਿੰਘ ਨੇ ਵੀ ਸੰਗਤਾਂ ਨੂੰ ਬੰਦੀ ਛੋੜ ਦਿਵਸ ਦੀ ਵਧਾਈ ਦਿੱਤੀ।

## ਓਬਾਮਾ ਦੇ ਓਵਲ ਦਫ਼ਤਰ 'ਚ ਪਹਿਲੀ ਵਾਰ ਦੀਵਾਲੀ ਦੀ ਰੌਣਕ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਰਾਸ਼ਟਰਪਤੀ ਬਰਾਕ ਓਬਾਮਾ ਨੇ ਪਹਿਲੀ ਵਾਰ ਇਥੇ ਵਾਈਟ ਹਾਊਸ ਸਥਿਤ ਆਪਣੇ ਓਵਲ ਦਫ਼ਤਰ ਵਿੱਚ ਦੀਵਾ ਜਗਾ ਕੇ ਦੀਵਾਲੀ ਦਾ ਤਿਉਹਾਰ ਮਨਾਇਆ। ਉਨ੍ਹਾਂ ਨਾਲ ਹੀ ਉਮੀਦ ਜ਼ਾਹਰ ਕੀਤੀ ਕਿ ਉਨ੍ਹਾਂ ਦੇ ਉਤਰਅਧਿਕਾਰੀ ਵੀ ਇਹ ਰਵਾਇਤ ਜਾਰੀ ਰੱਖਣਗੇ। ਵੱਖ-ਵੱਖ ਕਾਨੂੰਨਸਾਜ਼ਾਂ ਨੇ ਵੀ ਦੀਵਾਲੀ ਮੌਕੇ ਭਾਰਤੀ ਭਾਈਚਾਰੇ ਨੂੰ ਮੁਬਾਰਕਬਾਦ ਦਿੱਤੀ। ਸ੍ਰੀ ਓਬਾਮਾ ਹੀ ਮੁਲਕ ਦੇ ਅਜਿਹੇ ਪਹਿਲੇ ਸਦਰ ਸਨ ਜਿਨ੍ਹਾਂ 2009 ਵਿੱਚ ਵ੍ਹਾਈਟ ਹਾਊਸ ਵਿੱਚ ਨਿਜੀ ਤੌਰ 'ਤੇ ਦੀਵਾਲੀ ਮਨਾਉਣ ਦੀ ਸ਼ੁਰੂਆਤ ਕੀਤੀ ਸੀ। ਜਦੋਂ ਉਨ੍ਹਾਂ ਆਪਣੇ ਓਵਲ ਦਫ਼ਤਰ ਵਿੱਚ ਦੀਵਾ ਜਗਾਇਆ ਤਾਂ ਇਸ ਯਾਦਗਾਰੀ ਪਲ ਨੂੰ ਫੇਸਬੁੱਕ ਉਤੇ ਸਾਂਝਾ ਕੀਤਾ। ਇਸ ਮੌਕੇ ਉਨ੍ਹਾਂ ਦੇ ਪ੍ਰਸ਼ਾਸਨ ਵਿਚਲੇ ਕਈ ਭਾਰਤੀ-ਅਮਰੀਕੀ ਵੀ ਹਾਜ਼ਰ ਸਨ। ਉਨ੍ਹਾਂ ਲਿਖਿਆ, "ਮੈਨੂੰ ਮਾਣ ਹੈ ਕਿ ਮੈਂ 2009 ਵਿੱਚ ਵ੍ਹਾਈਟ ਹਾਊਸ ਵਿੱਚ ਦੀਵਾਲੀ ਮਨਾਉਣ ਵਾਲਾ ਪਹਿਲਾ ਰਾਸ਼ਟਰਪਤੀ ਬਣਿਆ।

# ਮੈਂ ਹਾਲੇ ਵੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦੀ ਦੌੜ ਵਿਚ ਹਾਂ : ਅਵਤਾਰ ਸਿੰਘ ਮੱਕੜ

*"ਸ਼੍ਰੋਮਣੀ ਕਮੇਟੀ ਪ੍ਰਸ਼ਾਸਨ ਵਿਚ ਮੁੱਖ ਸਕੱਤਰ ਦੇ ਵਿਸ਼ੇਸ਼ ਤੌਰ 'ਤੇ ਕਾਇਮ ਕੀਤੇ ਗਏ ਅਹੁਦੇ ਬਾਰੇ ਤੁਸੀਂ ਸਭ ਕੁਝ ਜਾਣਦੇ ਹੀ ਹੋ। ਮੈਨੂੰ ਇਹਦੇ ਬਾਰੇ ਕੁਝ ਵੀ ਕਹਿਣ ਲਈ ਮਜਬੂਰ ਨਾ ਕਰੋ।"*

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਾਊਸ ਪਿਛਲੇ ਸਾਲ 2011 ਵਿਚ ਚੁਣਿਆ ਗਿਆ ਸੀ, ਹੁਣ ਇਸ ਦੇ ਨਵੇਂ ਪ੍ਰਧਾਨ ਦੀ ਚੋਣ 5 ਨਵੰਬਰ ਨੂੰ ਹੋਵੇਗੀ। ਅਵਤਾਰ ਸਿੰਘ ਮੱਕੜ ਪਿਛਲੇ 11 ਵਰ੍ਹਿਆਂ ਤੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੱਲੇ ਆ ਰਹੇ ਹਨ ਤੇ ਹਾਲੇ ਵੀ ਦਾਅਵਾ ਕਰ ਰਹੇ ਹਨ ਕਿ ਪ੍ਰਧਾਨਗੀ ਦੀ ਦੌੜ ਵਿਚ ਸ਼ਾਮਲ ਹਨ। ਇਸ ਸਬੰਧ ਵਿਚ 'ਇੰਡੀਅਨ ਐਕਸਪ੍ਰੈੱਸ' ਦੇ ਸੀਨੀਅਰ ਪੱਤਰਕਾਰ ਕਮਲਦੀਪ ਸਿੰਘ ਬਰਾੜ ਵਲੋਂ ਉਨ੍ਹਾਂ ਨਾਲ ਕੀਤੀ ਗਈ ਵਿਸ਼ੇਸ਼ ਮੁਲਾਕਾਤ ਤੁਹਾਡੇ ਲਈ ਪੇਸ਼ ਹੈ।**

**ਸਵਾਲ-ਤੁਸੀਂ ਖ਼ੁਦ ਨੂੰ ਹਾਲੇ ਵੀ ਪ੍ਰਧਾਨਗੀ ਦਾ ਦਾਅਵੇਦਾਰ ਮੰਨਦੇ ਹੋ ?**
ਜਥੇਦਾਰ ਮੱਕੜ- ਇਥੇ ਦਾਅਵਾ ਨਾ ਕਰਨ ਦਾ ਤਾਂ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ, ਪਰ ਹਾਂ, ਆਖ਼ਰੀ ਫ਼ੈਸਲਾ ਤਾਂ ਪਾਰਟੀ ਨੇ ਹੀ ਲੈਣਾ ਹੈ।

**ਸਵਾਲ- ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੁੰਦਿਆਂ, ਪਿਛਲੇ 11 ਵਰ੍ਹਿਆਂ ਦੀ ਤੁਹਾਡੀ ਸਭ ਤੋਂ ਵੱਡੀ ਪ੍ਰਾਪਤੀ ਕੀ ਹੈ ?**
ਜਥੇਦਾਰ ਮੱਕੜ- ਮੇਰੀ ਸਭ ਤੋਂ ਵੱਡੀ ਪ੍ਰਾਪਤੀ ਸਿੱਖਿਆ ਦੇ ਖੇਤਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਸਥਾਰ ਕਰਨਾ ਹੈ। ਕਈ ਨਵੇਂ ਕਾਲਜ ਅਤੇ ਦੋ ਯੂਨੀਵਰਸਿਟੀਆਂ, ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਅਤੇ ਗੁਰੂ ਰਾਮਦਾਸ ਮੈਡੀਕਲ ਯੂਨੀਵਰਸਿਟੀ ਮੇਰੇ ਕਾਰਜਕਾਲ ਦੌਰਾਨ ਹੋਂਦ ਵਿਚ ਆਏ। ਇਹ ਸੰਸਥਾਵਾਂ ਯੂਨੀਵਰਸਿਟੀ ਗਰਾਂਟ ਕਮਿਸ਼ਨ ਅਤੇ ਨੈਸ਼ਨਲ ਅਸੈੱਸਮੈਂਟ ਐਂਡ ਐਕਰੀਡੇਸ਼ਨ ਕੌਂਸਲ ਵਲੋਂ ਤੈਅ ਮਾਪਦੰਡਾਂ ਮੁਤਾਬਕ ਵਧੀਆ ਕਾਰਗੁਜ਼ਾਰੀ ਕਰ ਰਹੀਆਂ ਹਨ। ਅਸੀਂ ਲਗਾਤਾਰ ਤਿੰਨ ਵਾਰ ਨਹਿਰੂ ਮੈਮੋਰੀਅਲ ਹਾਕੀ ਕੱਪ ਜਿੱਤਿਆ ਹੈ।

**ਸਵਾਲ- ਪਰ ਕਈ ਵਾਰ, ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਮੁਖੀ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਖੁੱਲ੍ਹੇ ਤੌਰ 'ਤੇ ਸ਼੍ਰੋਮਣੀ ਕਮੇਟੀ ਦੀਆਂ ਧਾਰਮਿਕ ਸਿੱਖਿਆਵਾਂ ਦੀ ਬਜਾਏ ਸਿੱਖਿਆ ਖੇਤਰ ਵਿਚ ਤਰਜੀਹਾਂ 'ਤੇ ਇਤਰਾਜ਼ ਕੀਤਾ ਹੈ ?**
ਜਥੇਦਰਾ ਮੱਕੜ- ਧਾਰਮਿਕ ਸਿੱਖਿਆਵਾਂ ਦੇ ਖੇਤਰ ਵਿਚ ਕਿਤੇ ਕੋਈ ਕਮੀ ਨਹੀਂ ਆਈ। ਅਸੀਂ ਬੱਚਿਆਂ ਅਤੇ ਨੌਜਵਾਨਾਂ ਵਿਚ ਗੁਰਬਾਣੀ ਕੀਰਤਨ ਕਰਨ ਨੂੰ ਹੱਲਾਸ਼ੇਰੀ ਦੇਣ ਲਈ ਟੀ.ਵੀ. ਟੈਲੰਟ ਹੰਟ ਸ਼ੋਅ ਪ੍ਰੋਗਰਾਮ ਕਰਵਾਏ। ਸਿੱਖ ਨੌਜਵਾਨ ਵੱਡੀ ਗਿਣਤੀ ਵਿਚ ਪਤਿਤ ਹੁੰਦੇ ਜਾ ਰਹੇ ਹਨ ਤੇ ਅਸੀਂ ਉਨ੍ਹਾਂ ਨੂੰ ਲੀਹ 'ਤੇ ਲੈ ਕੇ ਆ ਰਹੇ ਹਾਂ। ਅਸੀਂ ਸਿੱਖ ਧਰਮ ਦੇ ਪਾਸਾਰ ਲਈ ਬਹੁਤ ਕੁਝ ਕਰ ਰਹੇ ਹਾਂ।

**ਸਵਾਲ- ਇਸ ਦਾ ਮਤਲਬ ਤੁਸੀਂ ਸੁਖਬੀਰ ਸਿੰਘ ਬਾਦਲ ਦੇ ਇਤਰਾਜ਼ ਨਾਲ ਸਹਿਮਤ ਨਹੀਂ ਹੋ ?**
ਜਥੇਦਾਰ ਮੱਕੜ- ਸਾਡਾ ਜ਼ੋਰ ਸਿਰਫ਼ ਸਿੱਖਿਆ ਵੱਲ ਨਹੀਂ ਹੈ। ਮੈਂ ਪਹਿਲਾਂ ਸ਼੍ਰੋਮਣੀ ਕਮੇਟੀ ਅੰਦਰਲੀ ਮੈਨੇਜਮੈਂਟ ਵਿਚ ਸੁਧਾਰ ਕੀਤਾ। ਮੈਂ ਗੁਰੂ ਕਾ ਲੰਗਰ ਵਿਚ ਆਏ ਵੀ.ਆਈ.ਪੀ. ਕਲਚਰ



ਨੂੰ ਖ਼ਤਮ ਕੀਤਾ। ਮੰਜੀ ਸਾਹਿਬ ਗੁਰਦੁਆਰਾ ਤੋਂ ਰੋਜ਼ ਕਥਾ ਸ਼ੁਰੂ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਨੇ ਕਸ਼ਮੀਰ ਅਤੇ ਸੰਸਾਰ ਦੇ ਹੋਰਨਾਂ ਹਿੱਸਿਆਂ ਵਿਚ ਆਈ ਕੁਦਰਤੀ ਆਫ਼ਤ ਦੌਰਾਨ ਬੇਸ਼ੁਮਾਰ ਕੰਮ ਕੀਤਾ। ਅਸੀਂ ਕਸ਼ਮੀਰੀ ਸਿੱਖ ਲੜਕੀਆਂ ਨੂੰ ਮੁਫ਼ਤ ਸਿੱਖਿਆ ਦੇ ਨਾਲ ਨਾਲ ਹੋਸਟਲ ਤੇ ਖਾਣੇ ਦੀ ਵੀ ਸਹੂਲਤ ਦੇ ਰਹੇ ਹਾਂ। ਅਸੀਂ ਪੰਜਾਬ ਵਿਚ ਕੈਂਸਰ ਨਾਲ ਸਿੱਝਣ ਲਈ 20 ਕਰੋੜ ਰੁਪਏ ਦਿੱਤੇ। ਅਸੀਂ ਸ਼ਰਧਾਲੂਆਂ ਲਈ ਨਵੇਂ ਆਧੁਨਿਕ ਕਮਰੇ ਬਣਾਏ। ਪੰਜਾਬ ਦੇ ਵੱਖ ਵੱਖ ਹਿੱਸਿਆਂ ਵਿਚ ਸ਼੍ਰੋਮਣੀ ਕਮੇਟੀ ਦੀ ਹਜ਼ਾਰ ਏਕੜ ਤੋਂ ਵੱਧ ਜ਼ਮੀਨ ਨਾਜਾਇਜ਼ ਕਬਜ਼ਿਆਂ ਤੋਂ ਛੁਡਾਈ ਗਈ ਹੈ।

**ਸਵਾਲ- ਤੁਹਾਨੂੰ ਨਹੀਂ ਲਗਦਾ ਕਿ ਸ਼੍ਰੋਮਣੀ ਕਮੇਟੀ ਦੇ ਆਦਮੀ ਜ਼ਮੀਨ ਦਾ ਕਥਿਤ ਨਾਜਾਇਜ਼ ਕਬਜ਼ਾ ਛੁਡਾਉਣ ਵੇਲੇ ਜਿਸ ਤਰ੍ਹਾਂ ਲੜਾਈ ਕਰਦੇ ਹਨ, ਇਸ ਨਾਲ ਸ਼੍ਰੋਮਣੀ ਕਮੇਟੀ ਦੀ ਦਿੱਖ ਨੂੰ ਨੁਕਸਾਨ ਹੁੰਦਾ ਹੈ ?**
ਜਥੇਦਾਰ ਮੱਕੜ- ਇਸ ਨਾਲ ਸਾਡੀ ਦਿਖ 'ਤੇ ਕੋਈ ਅਸਰ ਨਹੀਂ ਪੈਂਦਾ। ਲੋਕ ਚਾਹੁੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੀ ਜ਼ਮੀਨ 'ਤੇ ਕੋਈ ਨਾਜਾਇਜ਼ ਕਬਜ਼ਾ ਨਹੀਂ ਹੋਣਾ ਚਾਹੀਦਾ ਹੈ। ਅਤੇ ਅਸੀਂ ਇਹ ਕਬਜ਼ੇ ਸਰਕਾਰ ਅਤੇ ਪੁਲੀਸ ਦੇ ਸੁਰੱਖਿਆ ਘੇਰੇ ਵਿਚ ਰਹਿ ਕੇ ਛੁਡਵਾਏ ਹਨ। ਅਸੀਂ ਇਸ ਕੰਮ ਲਈ ਕਦੇ ਕਿਸੇ ਤਰ੍ਹਾਂ ਦੀ ਹਿੰਸਾ ਨਹੀਂ ਕੀਤੀ। ਅਜਿਹਾ ਕੋਈ ਵੀ ਮਾਮਲਾ ਸਾਹਮਣੇ ਨਹੀਂ ਆਇਆ। ਮੈਂ ਖੇਤੀਬਾੜੀ ਜ਼ਮੀਨ ਤੋਂ ਸ਼੍ਰੋਮਣੀ ਕਮੇਟੀ ਦੀ ਆਮਦਨ ਵਿਚ ਵੀ ਵਾਧਾ ਕੀਤਾ ਹੈ। ਜਦੋਂ ਮੈਂ ਪ੍ਰਧਾਨ ਬਣਿਆ ਸੀ, ਸ਼੍ਰੋਮਣੀ ਕਮੇਟੀ ਨੂੰ ਆਪਣੀ ਖੇਤੀਬਾੜੀ ਜ਼ਮੀਨ ਲਈ 500 ਰੁਪਏ ਪ੍ਰਤੀ ਏਕੜ ਸਾਲਾਨਾ ਕਿਰਾਇਆ ਮਿਲ ਰਿਹਾ ਸੀ, ਹੁਣ ਘੱਟੋ-ਘੱਟ ਠੇਕੇ ਦੇ 20 ਤੋਂ 25000 ਰੁਪਏ ਮਿਲ ਰਹੇ ਹਨ। ਸ਼੍ਰੋਮਣੀ ਕਮੇਟੀ ਦਾ ਕੁੱਲ ਬੱਜਟ 250 ਕਰੋੜ ਰੁਪਏ ਦਾ ਸੀ। ਇਸ ਸਾਲ ਇਹ ਬੱਜਟ 1060 ਕਰੋੜ ਰੁਪਏ ਰਿਹਾ।

**ਸਵਾਲ- ਤੁਹਾਨੂੰ ਕੀ ਲਗਦਾ ਹੈ ਕਿ ਨਵੇਂ ਪ੍ਰਧਾਨ ਦੀ ਨਿਯੁਕਤੀ ਵੇਲੇ ਪਾਰਟੀ ਤੁਹਾਡੀਆਂ ਪ੍ਰਾਪਤੀਆਂ ਨੂੰ ਧਿਆਨ ਵਿਚ ਰੱਖੇਗੀ ?**
ਜਥੇਦਾਰ ਮੱਕੜ- ਮੇਰੀਆਂ ਪ੍ਰਾਪਤੀਆਂ ਤੇ ਕਾਰਗੁਜ਼ਾਰੀ ਸਭ ਦੇ ਸਾਹਮਣੇ ਹੈ। ਸਮੇਂ ਸਮੇਂ 'ਤੇ ਜਦੋਂ ਕੋਈ ਵਿਵਾਦਤ ਮੁੱਦੇ ਉਠੇ ਹਨ ਤਾਂ ਮਾਮਲਾ ਹੱਲ ਕਰਨ ਵਿਚ ਮੇਰੀ ਹਮੇਸ਼ਾ ਉਸਾਰੂ ਭੂਮਿਕਾ ਰਹੀ ਹੈ। ਮੇਰੀ ਜ਼ਿੰਦਗੀ ਪੂਰੀ ਤਰ੍ਹਾਂ ਖੁੱਲ੍ਹੀ ਹੈ ਤੇ ਮੇਰੇ 'ਤੇ ਭ੍ਰਿਸ਼ਟਾਚਾਰ ਦਾ ਕੋਈ ਧੱਬਾ ਨਹੀਂ ਲੱਗਾ। ਪਰ ਆਖ਼ਰੀ ਫ਼ੈਸਲਾ ਪਾਰਟੀ ਦਾ ਹੀ ਹੋਵੇਗਾ।

**ਸਵਾਲ- ਕੀ ਪਿਛਲੇ ਸਾਲ ਸ਼੍ਰੋਮਣੀ ਕਮੇਟੀ ਪ੍ਰਸ਼ਾਸਨ ਵਿਚ ਮੁੱਖ ਸਕੱਤਰ ਦੇ ਵਿਸ਼ੇਸ਼ ਤੌਰ 'ਤੇ ਕਾਇਮ ਕੀਤੇ ਗਏ ਅਹੁਦੇ ਨੇ ਤੁਹਾਡੇ ਅਧਿਕਾਰਾਂ ਨੂੰ ਘੱਟ ਕੀਤਾ ?**
ਜਥੇਦਾਰ ਮੱਕੜ- ਤੁਸੀਂ ਇਸ ਬਾਰੇ ਸਭ ਕੁਝ ਜਾਣਦੇ ਹੀ ਹੋ। ਮੈਨੂੰ ਇਹਦੇ ਬਾਰੇ ਕੁਝ ਵੀ ਕਹਿਣ ਲਈ ਮਜਬੂਰ ਨਾ ਕਰੋ।

**ਸਵਾਲ- ਪਰ ਤੁਹਾਨੂੰ ਨਹੀਂ ਲਗਦਾ ਕਿ ਫ਼ੈਸਲੇ ਲੈਣ ਦੀਆਂ ਤਾਕਤਾਂ ਸ਼੍ਰੋਮਣੀ ਕਮੇਟੀ ਦੀ ਸਿਆਸੀ ਲੀਡਰਸ਼ਿਪ ਕੋਲ ਹੋਣੀਆਂ ਚਾਹੀਦੀਆਂ ਹਨ ਨਾ ਕਿ ਪ੍ਰਸ਼ਾਸਨਿਕ ਅਧਿਕਾਰੀਆਂ ਕੋਲ ?**
ਜਥੇਦਾਰ ਮੱਕੜ- ਮੈਂ ਉਸ ਨੂੰ (ਮੁੱਖ ਸਕੱਤਰ ਹਰਚਰਨ ਸਿੰਘ) ਨੂੰ ਕੋਈ ਅਥਾਰਟੀ ਨਹੀਂ ਦਿੱਤੀ। ਉਹ ਸਿਰਫ਼ ਲਿਖਤ-ਪੜ੍ਹਤ ਦਾ ਕੰਮ ਕਰਦੇ ਹਨ।

ਅੰਮ੍ਰਿਤਸਰ ਟਾਈਮਜ਼ AMRITSAR TIMES

02 ਨਵੰਬਰ 2016 ਤੋਂ 08 ਨਵੰਬਰ 2016

## ਭੁਪਾਲ : ਫਰਜ਼ੀ ਮੁਕਾਬਲਾ ਜਾਂ ਸਿਆਸੀ ਕਤਲ

ਮੁਲਕ ਦੀਆਂ ਸਭ ਤੋਂ ਸੁਰੱਖਿਅਤ ਜੇਲ੍ਹਾਂ ਵਿਚ ਸ਼ੁਮਾਰ ਭੁਪਾਲ ਦੀ ਸੈਂਟਰਲ ਜੇਲ੍ਹ। ਸੋਮਵਾਰ ਤੜਕੇ ਇਸ ਜੇਲ੍ਹ 'ਚੋਂ ਪਾਬੰਦੀਸ਼ੁਦਾ ਜਥੇਬੰਦੀ ਸਟੂਡੈਂਟਸ ਇਸਲਾਮਿਕ ਮੂਵਮੈਂਟ ਆਫ਼ ਇੰਡੀਆ, ਭਾਵ ਸਿਮੀ ਦੇ 8 ਕਾਰਕੁਨ ਫਰਾਰ ਹੋ ਜਾਂਦੇ ਹਨ ਤੇ ਮਹਿਜ਼ ਕੁਝ ਘੰਟਿਆਂ ਅੰਦਰ ਹੀ ਪੁਲੀਸ ਮੁਕਾਬਲੇ ਦੌਰਾਨ ਮਾਰੇ ਜਾਂਦੇ ਹਨ। ਸੋਮਵਾਰ ਰਾਤ ਤਕ ਸੁਰਖ਼ੀਆਂ ਬਣੀ ਇਹ ਖ਼ਬਰ ਅਗਲੇ ਦਿਨ ਹੀ ਮੱਧ ਪ੍ਰਦੇਸ਼ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿੰਦੀ ਹੈ। ਕਿਉਂ, ਕਿਵੇਂ ਦੇ ਸਵਾਲਾਂ ਨੇ ਇਸ ਪਿਛਲੀ ਡੂੰਘੀ ਸਾਜ਼ਿਸ਼ ਨੂੰ ਬੇਪਰਦ ਕਰਨਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਕੈਦੀਆਂ ਕੋਲ ਬੈਰਕ ਦੀਆਂ ਚਾਬੀਆਂ ਕਿਵੇਂ ਆਈਆਂ, ਹਥਿਆਰ ਕਿਥੋਂ ਆਏ, ਜੇ ਨਿੱਹਥੇ ਸਨ ਤਾਂ ਪੁਲੀਸ ਨੇ ਮੁਕਾਬਲਾ ਕਿਵੇਂ ਦਿਖਾ ਦਿੱਤਾ, ਵਗੈਰਾ ਵਗੈਰਾ ਸਵਾਲਾਂ ਦੀ ਝੜੀ ਵਿਚ 'ਕਿਉਂ' ਨੇ ਜ਼ਿਆਦਾ ਬੇਚੈਨ ਕਰ ਦਿੱਤਾ ਹੈ। ਆਖ਼ਰ ਕਿਉਂ ਹੋ ਰਿਹਾ ਹੈ ਇਹ ਸਭ ? ਹਾਂ, ਇਹ ਕੋਈ ਪਹਿਲੀ ਵਾਰ ਤਾਂ ਨਹੀਂ ਵਾਪਰਿਆ। ਦਰਅਸਲ, ਗੋਰੇ ਹਾਕਮਾਂ ਦੀ ਗੱਦੀ ਸੰਭਾਲਣ ਵਾਲੇ ਭੂਰੇ ਹਾਕਮਾਂ ਦੇ ਪੰਜੇ ਜ਼ਿਆਦਾ ਖ਼ੂੰਖਾਰ ਹਨ ਜੋ ਪਿਛਿਓਂ ਲੁਕਵਾਂ ਵਾਰ ਕਰਦੇ ਹਨ। ਕਾਫ਼ੀ ਸਮੇਂ ਤੋਂ ਲਗਾਤਾਰ ਸਿਮੀ ਤੇ ਆਈ.ਐਮ. ਦੇ ਨਾਂ 'ਤੇ ਜੇਲ੍ਹਾਂ ਵਿਚ ਬੰਦ ਉਨ੍ਹਾਂ ਕੈਦੀਆਂ ਦੀ ਹੱਤਿਆ ਕੀਤੀ ਜਾ ਰਹੀ ਹੈ, ਜਿਨ੍ਹਾਂ ਦੀ ਰਿਹਾਈ ਹੋਣ ਵਾਲੀ ਹੁੰਦੀ ਹੈ। ਕੁਝ ਸਮਾਂ ਪਹਿਲਾਂ ਵਾਰੰਗਲ ਵਿਚ ਵੀ ਪੰਜ ਨੌਜਵਾਨਾਂ ਦੀ ਜੇਲ੍ਹ ਲਿਜਾਂਦੇ ਸਮੇਂ ਹਿਰਾਸਤ ਵਿਚ ਹੱਤਿਆ ਕਰ ਦਿੱਤੀ ਗਈ ਕਿਉਂਕਿ ਉਨ੍ਹਾਂ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਾਰਨ ਦੀ ਸਾਜ਼ਿਸ਼ ਘੜਨ ਦਾ ਦੋਸ਼ ਸੀ। ਸ਼ਾਇਦ ਜੇ ਉਹ ਬਰੀ ਹੋ ਜਾਂਦੇ ਤਾਂ ਕੇਂਦਰੀ ਖ਼ੁਫ਼ੀਆ ਏਜੰਸਆਂ-ਸੁਰੱਖਿਆ ਤੇ ਇਸ ਅੱਤਵਾਦ ਦੀ ਸਿਆਸਤ ਦਾ ਪਰਦਾਫ਼ਾਸ਼ ਹੋ ਜਾਣਾ ਸੀ। ਇਸੇ ਤਰ੍ਹਾਂ ਯਰਵਦਾ ਜੇਲ੍ਹ ਵਿਚ ਕਤੀਲ ਸਦੀਕੀ ਤੇ ਲਖਨਊ ਵਿਚ ਖਾਲਿਦ ਮੁਜਾਹਿਦ ਦਾ ਪੁਲੀਸ ਹਿਰਾਸਤ ਵਿਚ ਕਤਲ ਹੁੰਦਾ ਹੈ। ਹਾਲੇ ਕੁਝ ਦਿਨ ਪਹਿਲਾਂ ਹੀ ਬਿਹਾਰ ਦੇ ਬਸਤਰ ਜ਼ਿਲ੍ਹੇ ਵਿਚ 33 ਨਕਸਲੀਆਂ ਨੂੰ ਮੁਕਾਬਲਾ ਦਿਖਾ ਕੇ ਮਾਰ ਦਿੱਤਾ ਗਿਆ। ਧਰਮ, ਜਾਤ ਦੇ ਨਾਂ ਤਾਂ ਭਾਰਤ ਅੰਦਰ ਦੰਗਿਆਂ, ਕਤਲੇਆਮਾਂ ਦੇ ਦੌਰ ਵਿਚ ਘੱਟ ਗਿਣਤੀ ਭਾਈਚਾਰੇ ਦੇ ਨੌਜਵਾਨਾਂ ਜਾਂ ਦਲਿਤਾਂ ਨੂੰ ਸ਼ੱਕ ਦੇ ਆਧਾਰ 'ਤੇ ਜੇਲ੍ਹਾਂ ਵਿਚ ਸੁੱਟ ਦੇਣਾ ਫੈਸ਼ਨ ਬਣਦਾ ਜਾ ਰਿਹਾ ਹੈ। ਵਰ੍ਹਿਆਂ ਵਰ੍ਹਿਆਂ ਤਕ ਕੇਸ ਅਦਾਲਤਾਂ ਵਿਚ ਚਲਦੇ ਰਹਿੰਦੇ ਹਨ ਤੇ ਨੌਜਵਾਨ ਬੁਢਾਪੇ ਦੀ ਦਹਿਲੀਜ਼ ਤਕ ਪੁੱਜ ਜਾਂਦੇ ਹਨ। ਅਕਸਰ ਹੀ ਇਨ੍ਹਾਂ ਦੇ ਪੁਲੀਸ ਮੁਕਾਬਲੇ ਹੁੰਦੇ ਹਨ। ਜੇ ਕੋਈ ਬਾ-ਇੱਜ਼ਤ ਬਰੀ ਹੋ ਵੀ ਜਾਵੇ ਤਾਂ ਵੀ ਉਮਰ ਭਰ ਲਈ ਅਪਰਾਧੀ ਹੀ ਰਹਿੰਦਾ ਹੈ। ਪੁਲੀਸ ਕਿਸੇ ਵੇਲੇ ਵੀ ਥਾਣੇ ਸੱਦ ਕੇ ਜ਼ਲੀਲ ਕਰ ਸਕਦੀ ਹੈ।

ਪਰ ਫਰਜ਼ੀ ਮੁਕਾਬਲਿਆਂ ਦਾ ਇਹ ਸਿਲਸਿਲਾ ਕੋਈ ਨਵਾਂ ਨਹੀਂ ਹੈ। ਪੀਲੀਭੀਤ ਵਿਚ 1991 ਵਿਚ ਮਾਰੇ ਗਏ ਸਿੱਖ ਤੀਰਥ ਯਾਤਰੀਆਂ ਨੂੰ ਕਿਵੇਂ ਭੁਲਾਇਆ ਜਾ ਸਕਦਾ ਹੈ, ਜਿਨ੍ਹਾਂ ਨੂੰ ਬੱਸ 'ਚੋਂ ਜਬਰੀ ਹੇਠਾਂ ਲਾਹ ਕੇ ਫਰਜ਼ੀ ਮੁਕਾਬਲਾ ਕਰਕੇ ਮਾਰ ਦਿੱਤਾ ਗਿਆ ਹੋਵੇ। ਉਨ੍ਹਾਂ ਦੀਆਂ ਲਾਸ਼ਾਂ ਤਕ ਵਾਰਿਸਾਂ ਨੂੰ ਨਾ ਦਿੱਤੀਆਂ ਜਾਣ। ਭਾਵੇਂ ਪੀੜਤ ਪਰਿਵਾਰਾਂ ਨੂੰ ਨਿਆਂ ਮਿਲਿਆ ਪਰ ਨਿਆਂ ਮਿਲਦਿਆਂ ਮਿਲਦਿਆਂ 25 ਵਰ੍ਹੇ ਲੰਘ ਗਏ। ਏਨੇ ਵਰ੍ਹਿਆਂ ਦੌਰਾਨ ਇਨ੍ਹਾਂ ਪਰਿਵਾਰਾਂ ਦੀਆਂ ਕਿੰਨੀਆਂ ਆਸਾਂ ਟੁੱਟੀਆਂ, ਕਿੰਨੇ ਸਾਹ ਟੁੱਟੇ, ਕੋਈ ਹਿਸਾਬ ਨਹੀਂ। ਪੰਜਾਬ ਦਾ ਨਕਸਲੀ ਦੌਰ ਹੋਵੇ ਜਾਂ '84 ਵੇਲੇ ਖਾੜਕੂ ਲਹਿਰ, ਹਾਲੇ ਤਕ ਜ਼ਖ਼ਮਾਂ ਨੂੰ ਭਰਿਆ ਨਹੀਂ ਜਾ ਸਕਿਆ। ਹਕੂਮਤ ਵੀ ਭਾਵੇਂ ਪ੍ਰਕਾਸ਼ ਸਿੰਘ ਬਾਦਲ ਦੀ ਰਹੀ ਹੋਵੇ ਜਾਂ ਬੇਅੰਤ ਸਿੰਘ ਦੀ ਤੇ ਭਾਵੇਂ ਕੇਂਦਰ ਵਿਚ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦੀ। ਤਾਜ਼ਾ ਹਾਲਾਤ ਜੰਮੂ-ਕਸ਼ਮੀਰ ਦੇ ਹਨ। ਕਸ਼ਮੀਰ ਇਸ ਵੇਲੇ ਸਿਆਸੀ ਸੰਕਟ ਨਾਲ ਜੂਝ ਰਿਹਾ ਹੈ ਤੇ ਇਸ ਦਾ ਖਮਿਆਜ਼ਾ ਉਥੋਂ ਦੀ ਜਨਤਾ ਨੂੰ ਭੁਗਤਣਾ ਪੈ ਰਿਹਾ ਹੈ। ਇਹੀ ਕਾਰਨ ਹੈ ਕਿ ਉਥੇ ਬਗ਼ਾਵਤੀ ਸੁਰਾਂ ਹੋਰ ਹੋਰ ਤੇਜ਼ ਹੁੰਦੀਆਂ ਜਾ ਰਹੀਆਂ ਹਨ। ਕੇਂਦਰ ਤੇ ਸੂਬਾਈ ਸਰਕਾਰਾਂ ਕੋਲ ਇਹਦਾ ਕੇਵਲ ਇਕੋ-ਇਕ ਤੋੜ ਸ਼ਰੇਆਮ ਗੋਲੀ ਤੋਂ ਬਿਨਾਂ ਹੋਰ ਕੁਝ ਨਹੀਂ। ਪਿਛਲੇ ਚਾਰ ਕੁ ਮਹੀਨਿਆਂ ਦੌਰਾਨ ਇੱਥੇ ਸੌ ਦੇ ਕਰੀਬ ਨੌਜਵਾਨ ਪੁਲੀਸ ਗੋਲੀ ਦਾ ਸ਼ਿਕਾਰ ਹੋ ਚੁੱਕੇ ਹਨ ਤੇ ਦਸ ਹਜ਼ਾਰ ਤੋਂ ਵੱਧ ਲੋਕ ਜ਼ਖ਼ਮੀ ਹਨ ਤੇ ਪੈਲੇਟ ਗਨ ਦੇ ਨਿਸ਼ਾਨੇ ਨੇ ਉਨ੍ਹਾਂ ਦੀ ਜ਼ਿੰਦਗੀ ਵਿਚ ਹਮੇਸ਼ਾ ਲਈ ਹਨੇਰੀ ਕਰ ਦਿੱਤੀ ਹੈ।

ਸਵਾਲਾਂ ਦਾ ਸਵਾਲ ਕਿ ਆਖ਼ਰ ਘੱਟ ਗਿਣਤੀਆਂ ਜਾਂ ਦਲਿਤ ਹੀ ਕੇਂਦਰੀ ਜਾਂ ਸੂਬਾਈ ਹਕੂਮਤ ਦਾ ਨਿਸ਼ਾਨਾ ਕਿਉਂ ਹੁੰਦੇ ਹਨ ? ਇਨ੍ਹਾਂ ਨੌਜਵਾਨਾਂ ਦੇ ਹੀ ਝੂਠੇ ਪੁਲੀਸ ਮੁਕਾਬਲੇ ਕਿਉਂ ਬਣਦੇ ਹਨ ? ਕਿਉਂਕਿ ਉਹ ਆਪਣੀ ਹੋਂਦ ਦੀ, ਆਪਣੇ ਹੱਕਾਂ, ਆਜ਼ਾਦੀ ਤੇ ਖ਼ੁਦਮੁਖ਼ਤਾਰੀ ਦੀ ਲੜਾਈ ਲੜਦੇ ਹਨ। ਜਦ ਆਜ਼ਾਦ ਭਾਰਤ ਦੀਆਂ ਸਰਕਾਰਾਂ ਨੇ ਅੱਜ ਤੱਕ ਦਲਿਤਾਂ, ਆਦੀਵਾਸੀਆਂ, ਘੱਟ-ਗਿਣਤੀਆਂ ਦੀਆਂ ਸਮੱਸਿਆਵਾਂ ਵੱਲ ਧਿਆਨ ਹੀ ਨਹੀਂ ਦਿੱਤਾ, ਜ਼ਾਹਰਾ ਤੌਰ 'ਤੇ ਸਰਕਾਰੀ ਜ਼ੁਲਮ ਦਾ ਸ਼ਿਕਾਰ ਲੋਕ ਇਕ ਦਿਨ ਬਗ਼ਾਵਤ ਕਰਨਗੇ ਹੀ। ਆਮ ਲੋਕਾਂ ਨੂੰ ਰੁਜ਼ਗਾਰ, ਕਲਮ ਦੇਣ ਦੀ ਥਾਂ ਸਰਕਾਰਾਂ ਖ਼ੁਦ ਹਥਿਆਰ ਫੜਾਉਂਦੀਆਂ ਹਨ ਤਾਂ ਜੋ ਇਨ੍ਹਾਂ ਹਥਿਆਰਾਂ ਦੀ ਆਪਣੇ ਮੁਫ਼ਾਦਾਂ ਲਈ ਵਰਤੋਂ ਵੀ ਕਰ ਸਕੇ ਤੇ ਜੇ ਇਹ ਹਥਿਆਰ ਹਕੂਮਤ ਵੱਲ ਤਣ ਜਾਣ ਤਾਂ ਉਨ੍ਹਾਂ ਨੂੰ ਖੁੰਡਾ ਕਰਨ ਦਾ ਵਲ਼ ਵੀ ਆਉਂਦਾ ਹੈ।ਗੱਲ ਸਿਮੀ ਕਾਰਕੁਨਾਂ ਦੇ ਫਰਜ਼ੀ ਮੁਕਾਬਲੇ ਦੇ 'ਕਿਉਂ' ਸਵਾਲ 'ਤੇ ਅਟਕੀ ਸੀ। ਕੀ ਇਹਦਾ ਸਬੰਧ ਵੀ ਕਿਸੇ ਆਗਾਮੀ ਸਿਆਸੀ ਮਸਲੇ ਨਾਲ ਤਾਂ ਨਹੀਂ ? ਤੁਸੀਂ ਠੀਕ ਹੀ ਸੋਚਿਆ ਹੈ, ਇਸ ਦੀਆਂ ਤਾਰਾਂ ਉਤਰ ਪ੍ਰਦੇਸ਼ ਵਿਚ ਆ ਰਹੀਆਂ ਵਿਧਾਨ ਸਭਾ ਚੋਣਾਂ ਨਾਲ ਜਾ ਕੇ ਜੁੜਦੀਆਂ ਹਨ। ਜਦੋਂ ਦਲਿਤਾਂ ਅਤੇ ਮੁਸਲਮਾਨਾਂ 'ਤੇ ਅਤਿਆਚਾਰ ਹੋ ਰਹੇ ਹਨ ਤਾਂ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਹਿ ਰਹੇ ਹਨ-"ਦਲਿਤਾਂ ਨੂੰ ਨਾ ਮਾਰੋ, ਤੁਸੀਂ ਮੈਨੂੰ ਹੀ ਮਾਰ ਲਓ। ਤੁਸੀਂ ਮੁਸਲਮਾਨਾਂ ਨੂੰ ਨਾ ਮਾਰੋ, ਇਹ ਆਪਣੇ ਹੀ ਭਰਾ ਹਨ।" ਭਲਾ ਮੋਦੀ ਦਾ ਹੁਕਮ ਵਜਾਉਣ ਵਾਲੇ, ਹੁਕਮ ਅਦੂਲੀ ਕਿਉਂ ਕਰਨਗੇ ? ਕੋਈ ਤਾਂ ਰਾਜ਼ ਹੈ, ਜਿਹਦੇ ਅੰਦਰ ਝਾਤ ਮਾਰਨ ਦੀ ਲੋੜ ਹੈ। ਸ਼ਾਇਦ ਮੋਦੀ ਨੂੰ ਯੂ.ਪੀ. ਚੋਣਾਂ ਵਿਚ ਆਪਣੀ ਹਾਰ ਦੀ ਬੂ ਪ੍ਰੇਸ਼ਾਨ ਕਰ ਰਹੀ ਹੈ। 'ਅੱਛੇ ਦਿਨਾਂ' ਵਿਚ ਤਾਂ ਸਭ ਕੁਝ ਅੱਛਾ ਹੀ ਦਿਖਾਉਣਾ ਹੈ। ਆਪਣੀ ਦਿਖ ਸਾਫ਼-ਸੁਥਰੀ ਰੱਖਣੀ ਹੈ। 'ਦੁਸ਼ਮਣ' ਨੂੰ ਖ਼ਤਮ ਕਰਕੇ ਮੋਢੇ 'ਤੇ ਨਿਆਂ ਪਸੰਦ ਹਾਕਮ ਦੀ ਫੀਤੀ ਲਵਾਉਣੀ ਹੈ। ਇਹ 'ਦੁਸ਼ਮਣ' ਭਾਵੇਂ ਜੇਲ੍ਹਾਂ ਵਿਚ ਬੰਦ ਹੋਵੇ ਤੇ ਭਾਵੇਂ ਸਰਹੱਦ ਪਾਰ ਬੈਠੇ 'ਦੁਸ਼ਮਣ' ਨੂੰ 'ਸਰਜੀਕਲ ਸਟਰਾਈਕ' ਰਾਹੀਂ ਮਾਰਨਾ ਪਵੇ... ਭਾਰਤ ਸਵੱਛ ਰੱਖਣਾ ਹੈ...ਬੇਦਾਗ਼ ਰੱਖਣਾ ਹੈ। ਅੱਗ ਨੂੰ ਜਿੰਨਾ ਮਰਜ਼ੀ ਕੱਜ ਲਓ, ਧੂੰਏ ਨੇ ਬਾਹਰ ਆਉਣਾ ਹੀ ਹੈ ਤੇ ਹਾਕਮਾਂ ਦੀ ਅੱਖ ਵਿਚ ਰੜਕ ਪੈਦਾ ਕਰਨੀ ਹੈ। ਜਦੋਂ ਤਕ ਨਿਆਂ ਨਹੀਂ ਮਿਲਣਗੇ, ਹੱਕ-ਸੱਚ ਦੀ ਲੜਾਈ ਹਕੂਮਤੀ ਅੱਖ ਵਿਚ ਚੋਬ ਕਰਦੀ ਹੀ ਰਹੇਗੀ।

# ਸਰਬੱਤ ਖ਼ਾਲਸਾ ਇਕ ਵਾਰ ਮੁੜ ਚਰਚਾ ਵਿਚ



**ਕੀ ਪੰਜ ਸਿੰਘਾਂ ਦੀ ਸ਼ਮੂਲੀਅਤ ਨਾਲ ਸਰਬੱਤ ਖ਼ਾਲਸਾ ਦੇ ਪ੍ਰਬੰਧਕਾਂ ਵਿਚ ਹੋਈ ਏਕਤਾ ਦਿਲਾਂ ਦੀ ਹੈ ? ਸ਼ਾਇਦ ਨਹੀਂ ਤੇ ਸ਼ਾਇਦ ਹਾਂ। ਸ਼ੱਕ ਕਾਇਮ ਹਨ, ਜਿਉਂਦੇ ਹਨ ਪਰ ਕਦੇ ਸ਼ੱਕ ਜਗਦੇ ਹਨ ਕਦੇ ਬੁੱਝਦੇ ਹਨ। ਕੁਝ ਲੋਕਾਂ ਦਾ ਵਿਚਾਰ ਹੈ ਕਿ 10 ਨਵੰਬਰ 2016 ਤੱਕ ਇਸੇ ਤਰ੍ਹਾਂ ਕਦੇ ਪਤਝੜ ਤੇ ਕਦੇ ਬਹਾਰ ਦੇ ਮੌਸਮ ਆਉਂਦੇ ਰਹਿਣਗੇ। ਪਰ ਇਕ ਗੱਲ ਸਪਸ਼ਟ ਹੈ ਕਿ ਇਸ ਵਾਰ ਵੀ ਸਰਬੱਤ ਖ਼ਾਲਸਾ ਵਿਚ ਸੰਗਤ ਵੱਡੀ ਗਿਣਤੀ ਵਿਚ ਸ਼ਾਮਲ ਹੋਏਗੀ।**

**ਕਰਮਜੀਤ ਸਿੰਘ**
ਮੋਬਾਈਲ : 99150-91063

ਸਰਬੱਤ ਖ਼ਾਲਸਾ ਦੀ ਇਤਿਹਾਸਕ ਸੰਸਥਾ ਰਾਜਨੀਤਿਕ ਅਤੇ ਧਾਰਮਿਕ ਹਲਕਿਆਂ ਵਿਚ ਇਕ ਵਾਰ ਮੁੜ ਚਰਚਾ ਦਾ ਵਿਸ਼ਾ ਬਣ ਗਈ ਹੈ। 10 ਨਵੰਬਰ ਨੂੰ ਪੰਥਕ ਧਿਰਾਂ



ਵਲੋਂ ਸਰਬੱਤ ਖ਼ਾਲਸਾ ਸੱਦਿਆ ਗਿਆ ਹੈ। ਇਸ ਲਈ ਇਸ ਸਮਾਗਮ ਦੀ ਇਤਿਹਾਸਕ ਮਹਾਨਤਾ ਇਸ ਕਰਕੇ ਵੀ ਵੱਧ ਗਈ ਹੈ ਕਿਉਂਕਿ ਮਾਲਵੇ ਦੇ ਇਸ ਅਸਥਾਨ 'ਤੇ ਦਸਮੇਸ਼ ਪਿਤਾ ਨੇ ਜੰਗੀ ਸਰਗਰਮੀਆਂ ਨੂੰ ਅੱਗੇ ਪਾ ਕੇ ਕੁੱਝ ਚਿਰ ਲਈ ਦਮ ਲਿਆ ਸੀ, ਜਿਸ ਕਰਕੇ ਇਹ ਥਾਂ ਦਮਦਮਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਦਾ ਦੂਜਾ ਨਾਂ ਤਲਵੰਡੀ ਸਾਬੋ ਵੀ ਹੈ। ਹਰ ਸਾਲ ਵਿਸਾਖੀ ਦੇ ਮੌਕੇ 'ਤੇ ਇਸ ਥਾਂ ਉਤੇ ਭਾਰੀ ਮੇਲਾ ਲਗਦਾ ਹੈ, ਜਿਸ ਵਿਚ ਰਾਜਸੀ ਅਤੇ ਧਾਰਮਿਕ ਜਥੇਬੰਦੀਆਂ ਆਪਣੇ ਪ੍ਰੋਗਰਾਮਾਂ ਬਾਰੇ ਜਨਤਾ ਨੂੰ ਜਾਣੂ ਕਰਾਉਂਦੀਆਂ ਹਨ। ਇਸੇ ਹੀ ਥਾਂ 'ਤੇ ਦਸਵੇਂ ਗੁਰੂ ਨੇ ਗੁਰੂ ਗ੍ਰੰਥ ਸਾਹਿਬ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਸ਼ਾਮਲ ਕੀਤੀ ਅਤੇ ਇਸ ਨੂੰ ਦਮਦਮੀ ਬੀੜ ਕਿਹਾ ਗਿਆ। ਬਾਅਦ ਵਿਚ ਉਨ੍ਹਾਂ ਨੇ ਨਾਂਦੇੜ ਦੇ ਅਸਥਾਨ 'ਤੇ ਇਸੇ ਬੀੜ ਨੂੰ ਗੁਰਗੱਦੀ ਬਖ਼ਸ਼ ਕੇ ਦੇਹਧਾਰੀ ਗੁਰੂ ਦੀ ਪ੍ਰੰਪਰਾ ਨੂੰ ਸਦਾ ਲਈ ਖ਼ਤਮ ਕਰ ਦਿੱਤਾ। ਇਸੇ ਹੀ ਅਸਥਾਨ 'ਤੇ ਕਲਮ ਦੀ ਕਰਾਮਾਤ ਅਤੇ ਤਾਕਤ ਦਾ ਪ੍ਰਚਮ ਬੁਲੰਦ ਕਰਕੇ 'ਲਿਖਣਸਰ' ਗੁਰਦੁਆਰੇ ਦੀ ਨੀਂਹ ਗੁਰੂ ਗੋਬਿੰਦ ਸਿੰਘ ਜੀ ਨੇ ਰੱਖੀ ਅਤੇ ਇੰਜ ਬੌਧਿਕਤਾ ਦੀ ਪ੍ਰਚੰਡ ਲਹਿਰ ਦਾ ਉਦਘਾਟਨ ਕੀਤਾ।

10 ਨਵੰਬਰ ਨੂੰ ਹੋ ਰਹੇ ਸਰਬੱਤ ਖਾਲਸੇ ਦੀ ਨੁਹਾਰ, ਇਸ ਦੀ ਰੂਪ ਰੇਖਾ ਅਤੇ ਇਸ ਦੀ ਕਾਰਜਸ਼ੈਲੀ ਪਹਿਲਾਂ ਹੋਏ ਸਰਬੱਤ ਖ਼ਾਲਸਾ ਦੇ ਸਮਾਗਮਾਂ ਨਾਲੋਂ ਵੱਖਰੀ ਹੋਵੇਗੀ। ਜੇ ਸਰਬੱਤ ਖ਼ਾਲਸਾ ਬਾਰੇ ਚੱਲ ਰਹੀ ਬਹਿਸ ਦੀ ਨੀਝ ਲਾ ਕੇ ਪੜਚੋਲ ਕੀਤੀ ਜਾਵੇ ਤਾਂ ਪਤਾ ਲੱਗੇਗਾ ਕਿ ਸਰਬੱਤ ਖ਼ਾਲਸਾ ਦੇ ਅੰਦਰ ਹੀ ਸੱਤਾ ਦੇ ਚਾਰ ਕੇਂਦਰ ਉਭਰ ਕੇ ਸਾਹਮਣੇ ਆਏ ਹਨ। ਇਕ ਕੇਂਦਰ ਭਾਈ ਜਗਤਾਰ ਸਿੰਘ ਹਵਾਰਾ ਦਾ ਹੈ ਜਿਸ ਨੂੰ ਪਿਛਲੇ ਸਾਲ ਚੱਬਾ ਦੇ ਸਰਬੱਤ ਖ਼ਾਲਸਾ ਨੇ ਬੇਮਿਸਾਲ ਹੁੰਗਾਰੇ ਦੇ ਮਾਹੌਲ ਵਿਚ ਅਕਾਲ ਤਖ਼ਤ ਦਾ ਜਥੇਦਾਰ ਬਣਾਇਆ ਸੀ। ਅਸਲ ਵਿਚ ਇਸ ਸਮੇਂ ਸਾਰੇ ਕੇਂਦਰਾਂ ਦਾ ਕੇਂਦਰ ਜਗਤਾਰ ਸਿੰਘ ਹਵਾਰਾ ਹੀ ਬਣ ਗਏ ਹਨ ਕਿਉਂਕਿ ਪੰਥਕ ਏਕਤਾ ਨੂੰ ਧਿਆਨ ਵਿਚ ਰੱਖ ਕੇ ਹੀ ਉਨ੍ਹਾਂ ਨੇ ਪੰਜ ਸਿੰਘਾਂ ਦੀ ਪਰੰਪਰਾ ਨੂੰ ਸਮਾਗਮ ਦਾ ਮਹੱਤਵਪੂਰਨ ਹਿੱਸਾ ਬਣਾ ਕੇ ਸਿੱਖ ਇਤਿਹਾਸ ਨੂੰ ਨਵਾਂ ਮੋੜ ਦਿੱਤਾ ਹੈ। ਇਸ ਨਾਲ ਸਮਾਗਮ ਨੂੰ ਜ਼ਿੰਮੇਵਾਰੀ, ਸੰਜਮ ਅਤੇ ਗੰਭੀਰਤਾ ਦੀ ਦਿੱਖ ਹਾਸਲ ਹੋਏਗੀ। ਸੱਤਾ ਦਾ ਦੂਜਾ ਕੇਂਦਰ ਤਿੰਨ ਜਥੇਦਾਰ ਹਨ ਅਤੇ ਉਹ ਵੀ ਚੱਬਾ ਦੇ ਸਰਬੱਤ ਖ਼ਾਲਸਾ ਨੇ ਹੀ ਚੁਣੇ ਹਨ। ਤੀਜਾ ਕੇਂਦਰ ਸਿਮਰਨਜੀਤ ਸਿੰਘ ਮਾਨ ਹੈ ਜੋ ਸਰਬੱਤ ਖ਼ਾਲਸਾ ਸੱਦਣ ਵਾਲੀ ਪ੍ਰਮੁੱਖ ਧਿਰ ਹੈ। ਸੱਤਾ ਦਾ ਚੌਥਾ ਤੇ ਅਹਿਮ ਕੇਂਦਰ ਪੰਜ ਸਿੰਘ ਹਨ ਜਿਨ੍ਹਾਂ ਦਾ ਜ਼ਿਕਰ ਉੱਤੇ ਆਇਆ ਹੈ। ਇਹ ਪੰਜ ਸਿੰਘ ਉਹ ਵਿਅਕਤੀ ਹਨ, ਜਿਨ੍ਹਾਂ ਨੇ ਪੰਜ ਪਿਆਰਿਆਂ ਦੇ ਰੂਪ ਵਿਚ ਅਕਾਲ ਤਖ਼ਤ ਦੇ ਜਥੇਦਾਰ ਅਤੇ ਬਾਕੀ ਜਥੇਦਾਰਾਂ ਨੂੰ ਇਸ ਆਧਾਰ ਉਤੇ ਤਲਬ ਕਰ ਲਿਆ ਸੀ ਕਿਉਂਕਿ ਉਨ੍ਹਾਂ ਨੇ ਸਿਰਸਾ ਦੇ ਡੇਰਾ ਮੁਖੀ ਨੂੰ ਪੰਥਕ ਧਿਰਾਂ ਨੂੰ ਭਰੋਸੇ ਵਿਚ ਲਏ ਤੋਂ ਬਿਨਾਂ ਹੀ ਮੁਆਫ਼ ਕਰਨ ਦਾ ਫ਼ੈਸਲਾ ਕਰ ਦਿੱਤਾ ਸੀ ਅਤੇ ਜਿਸ ਫ਼ੈਸਲੇ ਨੂੰ ਭਾਰੀ ਗੁੱਸੇ ਤੇ ਰੋਸ ਕਰਕੇ ਬਾਅਦ ਵਿਚ ਵਾਪਸ ਵੀ ਲੈਣਾ ਪਿਆ ਸੀ।

ਪੰਜ ਸਿੰਘਾਂ ਦੀ ਸ਼ਮੂਲੀਅਤ ਜਿਸ ਨੂੰ ਮੀਡੀਆ ਹੁਣ ਪੰਜ ਪਿਆਰੇ ਹੀ ਕਹਿਣ ਲੱਗ ਪਿਆ ਹੈ, ਦੇ ਨਵੇਂ ਰੁਝਾਨ ਦੀ ਵਿਆਖਿਆ ਕਈ ਦ੍ਰਿਸ਼ਟੀਕੋਣਾਂ ਤੋਂ ਕੀਤੀ ਜਾ ਸਕਦੀ ਹੈ। ਇਕ ਗੱਲ ਤਾਂ ਸਪਸ਼ਟ ਹੈ ਕਿ ਜਿਵੇਂ ਸਿੱਖ ਸਿਆਸਤਦਾਨਾਂ ਨੇ ਪੰਜ ਪਿਆਰਿਆਂ ਦੀ ਸੰਸਥਾ ਨੂੰ ਇਕ ਰਸਮੀ ਜ਼ਰੂਰਤ ਸਮਝ ਲਿਆ ਸੀ, ਉਹ ਹੁਣ ਬਦਲਦੀਆਂ ਹਾਲਤਾਂ ਵਿਚ ਸਿੱਖ ਹਲਕਿਆਂ ਅੰਦਰ ਸਿਰਮੌਰ, ਮਹੱਤਵਪੂਰਨ ਅਤੇ ਸਤਿਕਾਰਯੋਗ ਹਕੀਕਤ ਬਣ ਗਿਆ ਹੈ। ਜਮਹੂਰੀਅਤ ਦੇ ਵੋਟ-ਮਾਡਲ ਸਾਹਮਣੇ ਪੰਜ ਪਿਆਰਿਆਂ ਦੇ ਜਮਹੂਰੀ-ਮਾਡਲ ਦਾ ਕੀ ਸਥਾਨ ਹੈ ਅਤੇ ਇਸ ਨੂੰ ਮੌਜੂਦਾ ਹਾਲਤਾਂ ਮੁਤਾਬਕ ਅਮਲ ਵਿਚ ਕਿਵੇਂ ਲਿਆਂਦਾ ਜਾ ਸਕਦਾ ਹੈ, ਇਹ ਇਕ ਡੂੰਘੀ ਬਹਿਸ ਦਾ ਵਿਸ਼ਾ ਹੈ। ਸਿੱਖਾਂ ਦੀ ਲੀਡਰਸ਼ਿਪ ਨੇ ਇਸ ਵਿਸ਼ੇ ਵਿਚ ਖਾਸ ਦਿਲਚਸਪੀ ਅਜੇ ਨਹੀਂ ਲਈ, ਪਰ ਸਰਬੱਤ ਖ਼ਾਲਸਾ ਦੀ ਮੁੜ ਸੁਰਜੀਤੀ ਪੜ੍ਹੇ ਲਿਖੇ ਨੌਜਵਾਨ ਵਰਗ ਵਿਚ ਜਗਿਆਸਾ ਦਾ ਮਾਹੌਲ ਤਾਂ ਪੈਦਾ ਕਰ ਹੀ ਰਹੀ ਹੈ। ਵੈਸੇ ਇਹ ਵਿਸ਼ਾ ਇਸ ਸਮੇਂ ਇਕ ਸਮੱਸਿਆ ਵੀ ਹੈ ਅਤੇ ਗੰਭੀਰ ਚੁਣੌਤੀ ਵੀ ਹੈ।

ਹੁਣ ਇਕ ਹੋਰ ਪ੍ਰਸ਼ਨ ਖੜ੍ਹਾ ਹੋ ਗਿਆ ਹੈ। ਕੀ ਸਰਬੱਤ ਖ਼ਾਲਸਾ ਸਮਾਗਮ ਦੇ ਪ੍ਰਬੰਧਾਂ ਵਿਚ ਪੰਜ ਸਿੰਘਾਂ ਦੀ ਸ਼ਮੂਲੀਅਤ ਇਕ ਆਰਜ਼ੀ ਵਰਤਾਰਾ ਹੈ ਜਾਂ ਇਸ ਨੂੰ ਸਥਾਈ ਵਰਤਾਰਾ ਬਣਾ ਦੇਣਾ ਚਾਹੀਦਾ ਹੈ ? ਇਹ ਗੰਭੀਰ ਸਵਾਲ ਹੁਣ ਪੰਥ ਦੇ ਵਿਹੜੇ ਵਿਚ ਹੈ। ਇਕ ਵਿਚਾਰ ਇਹ ਹੈ ਕਿ ਪੰਥ ਦੇ ਵੱਖ ਵੱਖ ਹਿੱਸਿਆਂ ਦਰਮਿਆਨ ਵੱਡੇ ਮੱਤਭੇਦਾਂ ਨਾਲ ਪੈਦਾ ਹੋਏ ਸੰਕਟ ਸਮੇਂ ਪੰਜ ਸਿੰਘਾਂ ਦੀ ਸ਼ਮੂਲੀਅਤ ਸੰਕਟ ਨੂੰ ਦੂਰ ਕਰਨ ਵਿਚ ਮਹੱਤਵਪੂਰਨ ਰੋਲ ਅਦਾ ਕਰ ਸਕਦੀ ਹੈ। ਪਰ ਇਸੇ ਸਮੇਂ ਇਕ ਟਕਰਾਉਂਦਾ ਵਿਚਾਰ ਇਹ ਵੀ ਹੈ ਕਿ ਜੇਕਰ ਇਸ ਰੁਝਾਨ ਨੂੰ ਸਥਾਈ ਬਣਾ ਦਿੱਤਾ ਗਿਆ ਤਾਂ ਸਰਬੱਤ ਖ਼ਾਲਸਾ ਦੀ ਸੁਤੰਤਰ ਫੈਸਲੇ ਕਰਨ ਦੀ ਆਜ਼ਾਦੀ ਉਤੇ ਕੁਝ ਰੋਕ ਲੱਗ ਸਕਦੀ ਹੈ। ਬਿਨਾਂ ਸ਼ੱਕ ਸਰਬੱਤ ਖ਼ਾਲਸਾ ਨੇ ਬੀਤੇ ਵਿਚ ਇਤਿਹਾਸ ਨੂੰ ਨਵੇਂ ਮੋੜ ਦਿੱਤੇ ਹਨ ਅਤੇ ਪੰਥਕ ਸ਼ਕਤੀ ਦਾ ਪ੍ਰਚਮ ਬੁਲੰਦ ਹੋਇਆ ਹੈ। ਪਰ ਭਖ਼ਦਾ ਸਵਾਲ ਇਹ ਹੈ ਕਿ ਨਵੀਆਂ ਹਾਲਤਾਂ ਵਿਚ ਸਰਬੱਤ ਖ਼ਾਲਸਾ ਕਿਵੇਂ ਆਪਣੇ ਫੈਸਲਿਆਂ ਨੂੰ ਲਾਗੂ ਕਰਵਾ ਸਕੇਗਾ ? ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਸ ਵਾਰ ਸਰਬੱਤ ਖ਼ਾਲਸਾ ਜੋ ਵੀ ਮਤੇ ਪੇਸ਼ ਕਰੇਗਾ ਉਨ੍ਹਾਂ ਮਤਿਆਂ ਨੂੰ ਲਾਗੂ ਕਰਾਉਣ ਲਈ ਬਾਕਾਇਦਾ ਕਮੇਟੀਆਂ ਬਣਾਈਆਂ ਜਾਣਗੀਆਂ ਅਤੇ ਇਹ ਕਮੇਟੀਆਂ ਮਤਿਆਂ ਨੂੰ ਲਾਗੂ ਕਰਾਉਣ ਦੀ ਜ਼ਿੰਮੇਵਾਰੀ ਸੰਭਾਲਣਗੀਆਂ।

ਦਿਲਚਸਪ ਗੱਲ ਇਹ ਹੈ ਕਿ ਸਰਬੱਤ ਖ਼ਾਲਸਾ ਤੋਂ ਬਾਹਰ ਵੀ ਇਕ ਮਹੱਤਵਪੂਰਨ ਧਿਰ ਹੈ ਜਿਸ ਨੇ ਹਾਲ ਦੀ ਘੜੀ ਸਰਬੱਤ ਖ਼ਾਲਸਾ ਤੋਂ ਇਕ ਦੂਰੀ ਵੀ ਬਣਾ ਰੱਖੀ ਹੈ ਅਤੇ ਨੇੜਤਾ ਵੀ। ਇਹ ਧਿਰ ਇਸ ਦਲੀਲ ਨਾਲ ਤਾਂ ਸਹਿਮਤ ਹੈ ਕਿ ਮੌਜੂਦਾ ਹਾਲਤਾਂ ਵਿਚ ਸਰਬੱਤ ਖ਼ਾਲਸਾ ਦੀ ਇਤਿਹਾਸਕ ਪ੍ਰੰਪਰਾ ਨੂੰ ਮੁੜ ਅਮਲ ਵਿਚ ਲਿਆਉਣ ਦੀ ਭਾਰੀ ਲੋੜ ਹੈ, ਪਰ ਇਹ ਧਿਰ ਇਸ ਨੁਕਤੇ ਉਤੇ ਵੀ ਦ੍ਰਿੜ ਹੈ ਕਿ ਜੇਕਰ ਸਰਬੱਤ ਖ਼ਾਲਸਾ ਅਤੇ ਜਥੇਦਾਰ ਦੇ ਅਧਿਕਾਰ ਖੇਤਰ ਅਤੇ ਤਾਕਤਾਂ ਬਾਰੇ ਕੋਈ ਵਿਧੀ-ਵਿਧਾਨ ਨਹੀਂ ਬਣਾਇਆ ਜਾਂਦਾ, ਉਦੋਂ ਤੱਕ ਇਸ ਤਰ੍ਹਾਂ ਦਾ ਸਮਾਗਮ ਹੋਰਨਾਂ ਸਮਾਗਮਾਂ ਵਾਂਗ ਮਹਿਜ਼ ਇਕ ਜਲਸਾ ਹੀ ਬਣ ਕੇ ਰਹਿ ਜਾਵੇਗਾ ਅਤੇ ਹੋਰਨਾਂ ਸਮਾਗਮਾਂ ਵਾਂਗ ਰਸਮੀ ਮਤੇ ਪਾਸ ਕਰਵਾ ਕੇ ਸਮਾਪਤ ਹੋ ਜਾਵੇਗਾ। ਇਸ ਧਿਰ ਦੀ ਇਹ ਦਲੀਲ ਹੈ ਕਿ ਸਰਬੱਤ ਖ਼ਾਲਸਾ ਆਪਣੇ ਨਿਰਮਲ ਸਰੂਪ ਵਿਚ ਕੋਈ ਵੱਖਰੀ ਤੇ ਵਿਲੱਖਣ ਇਤਿਹਾਸਕ ਸਚਾਈ ਹੈ ਅਤੇ ਜਦੋਂ ਤੱਕ ਸਰਬੱਤ ਖ਼ਾਲਸਾ ਇਹੋ ਜਿਹੀ ਵਿਲੱਖਣਤਾ ਅਤੇ ਨਿਆਰੇਪਣ ਦਾ ਨਿਰਮਲ ਅਹਿਸਾਸ ਨਹੀਂ ਕਰਾਉਂਦਾ ਉਦੋਂ ਤੱਕ ਸਿੱਖ ਪੰਥ ਦੀ ਤਰਜ਼-ਏ-ਜ਼ਿੰਦਗੀ ਦੇ ਵੱਖ ਵੱਖ ਪਹਿਲੂਆਂ ਵਿਚ ਕੋਈ ਵੱਡੀ ਸਿਫ਼ਤੀ ਤਬਦੀਲੀ ਨਹੀਂ ਲਿਆਂਦੀ ਜਾ ਸਕਦੀ। ਇਸ ਲਈ ਸਿੱਖ ਲੀਡਰਸ਼ਿਪ ਨੂੰ ਜਵਾਬਦੇਹ ਬਣਾਉਣ ਲਈ ਵਿਧੀ-ਵਿਧਾਨ ਦੀ ਭਾਰੀ ਲੋੜ ਹੈ। ਇਹ ਇਕ ਹਕੀਕਤ ਹੈ ਕਿ ਸਿੱਖ ਲੀਡਰਸ਼ਿਪ ਕਿਸੇ ਸਿਸਟਮ ਵਿਚ ਰਹਿਣ ਦੀ ਪਾਬੰਦ ਨਹੀਂ। ਹਾਲ ਵਿਚ ਹੀ ਕਰੀਬ ਚਾਰ ਦਰਜਨ ਜਥੇਬੰਦੀਆਂ ਨੇ ਸਰਬੱਤ ਖ਼ਾਲਸਾ ਦੇ ਵਿਧੀ-ਵਿਧਾਨ ਲਈ ਇਕ ਕਮੇਟੀ ਵੀ ਕਾਇਮ ਕੀਤੀ ਹੈ, ਜਿਸ ਵਿਚ ਅਮਰੀਕਾ, ਆਸਟ੍ਰੇਲੀਆ ਅਤੇ ਬਰਤਾਨੀਆ ਤੋਂ ਕਰਮਵਾਰ ਭਾਈ ਹਰਿੰਦਰ ਸਿੰਘ, ਭਾਈ ਸ਼ਾਮ ਸਿੰਘ ਅਤੇ ਭਾਈ ਮਨਪ੍ਰੀਤ ਸਿੰਘ ਨਾਂ ਦੇ ਸਿੱਖ ਮਾਹਰ ਵੀ ਸ਼ਾਮਲ ਕੀਤੇ ਗਏ ਹਨ। ਦਿਲਚਸਪ ਗੱਲ ਇਹ ਹੈ ਕਿ ਵਿਦੇਸ਼ਾਂ ਤੋਂ ਵਿਧੀ-ਵਿਧਾਨ ਨੂੰ ਲੈ ਕੇ ਇਕ ਦਰਜਨ ਖਰੜੇ ਸਾਹਮਣੇ ਆਏ ਹਨ ਅਤੇ ਇਨ੍ਹਾਂ ਦੇ ਆਧਾਰ ਉਤੇ ਇਕ ਖਰੜਾ 10 ਨਵੰਬਰ ਦੇ ਸਰਬੱਤ ਖ਼ਾਲਸਾ ਦੇ ਸਮਾਗਮ ਵਿਚ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇਗਾ, ਜਿਸ ਨੂੰ ਸਿੱਖ ਹਲਕੇ

ਬਾਕੀ ਸਫ਼ਾ 30 'ਤੇ

# ਪੰਜਾਬ ਨੂੰ ਸੁਹਿਰਦ ਤੇ ਸਿਆਣੇ ਸਿਆਸਤਦਾਨਾਂ ਦੀ ਲੋੜ

**ਕੇ. ਸੀ. ਸਿੰਘ***

**ਬਾਦਲ ਸਰਕਾਰ ਦੇ ਮੌਜੂਦਾ ਕਾਰਜਕਾਲ (2012-17) ਦੌਰਾਨ ਭਾਈ-ਭਤੀਜਾਵਾਦ ਦੀ ਪੁਰਾਣੀ ਪ੍ਰਣਾਲੀ ਦੀ ਥਾਂ ਉਨ੍ਹਾਂ ਦੇ ਆਪਣੇ ਪਰਿਵਾਰ ਦਾ ਗ਼ਲਬਾ ਵਧਣ, ਸਰਕਾਰੀ ਤੇ ਸੂਬਾਈ ਹਿਤਾਂ ਦੀ ਥਾਂ ਪਰਿਵਾਰ ਦੇ ਕਾਰੋਬਾਰੀ ਹਿਤਾਂ ਨੂੰ ਪਹਿਲ ਦੇਣ ਦੀ ਬਿਰਤੀ ਅਤੇ ਸਾਬਕਾ ਸੋਵੀਅਤ ਸੰਘ ਵਾਂਗ ਪ੍ਰਸ਼ਾਸਨ ਦੀ ਨਿਗਰਾਨੀ' ਦੀ ਜ਼ਿੰਮੇਵਾਰੀ ਹਲਕਾ ਇੰਚਾਰਜਾਂ ਨੂੰ ਸੌਂਪਣ ਦੀ ਪ੍ਰਥਾ ਨੇ ਪ੍ਰਸ਼ਾਸਨਿਕ ਨਿਘਾਰ ਲਿਆਂਦਾ।**
**ਕੈਪਟਨ ਅਮਰਿੰਦਰ ਸਿੰਘ ਕੋਲ ਤਜਰਬਾ ਤਾਂ ਹੈ ਪਰ ਉਨ੍ਹਾਂ ਦੀ ਸਾਖ਼ ਲੋਕਾਂ ਦੀ ਪਹੁੰਚ ਤੋਂ ਦੂਰ ਹੋਣ, ਪ੍ਰਸ਼ਾਸਨ ਨੂੰ ਢਿੱਲੇ-ਢਾਲੇ ਤੇ ਤਫ਼ਰੀਹੀ ਢੰਗ ਨਾਲ ਚਲਾਉਣ ਅਤੇ ਆਪਣੇ ਦਰਬਾਰੀਆਂ' ਉੱਤੇ ਕੁਝ ਜ਼ਿਆਦਾ ਹੀ ਨਿਰਭਰ ਹੋਣ ਵਾਲੀ ਬਣੀ ਹੋਈ ਹੈ।**
**ਆਮ ਆਦਮੀ ਪਾਰਟੀ ਨੇ ਕੁਝ ਆਸ ਤਾਂ ਜਗਾਈ ਹੈ ਪਰ ਉਸ ਕੋਲ ਤਜਰਬੇ ਦੀ ਘਾਟ ਹੈ, ਜਦਕਿ ਅਕਾਲੀ ਦਲ ਅਤੇ ਕਾਂਗਰਸ ਦੋਵਾਂ ਕੋਲ ਤਜਰਬਾ ਤਾਂ ਹੈ ਪਰ ਉਮੀਦ ਕੋਈ ਨਹੀਂ।**



ਜਿਵੇਂ ਜਿਵੇਂ ਸਾਲ 2016 ਦਾ ਅੰਤ ਨੇੜੇ ਆ ਰਿਹਾ ਹੈ, ਤਿਵੇਂ ਹੀ ਚਾਰ ਅਜਿਹੀਆਂ ਅਹਿਮ ਵਰ੍ਹੇਗੰਢਾਂ ਵੀਂ ਆਣ ਖਲੋਤੀਆਂ ਹਨ, ਜਿਨ੍ਹਾਂ ਦੀ ਸਮਕਾਲੀਨ ਪ੍ਰਸੰਗਿਕਤਾ ਹੈ। ਪਹਿਲੀ ਨਵੰਬਰ ਨੂੰ ਪੰਜਾਬ ਦੀ ਸਥਾਪਨਾ ਦੀ 50 ਵੀਂ ਵਰ੍ਹੇਗੰਢ ਹੈ। ਭਾਸ਼ਾਈ ਆਧਾਰ 'ਤੇ ਸੂਬਿਆਂ ਦੇ ਪੁਨਰਗਠਨ ਲਈ ਰੋਸ ਮੁਜ਼ਾਹਰੇ 1955 'ਚ ਸ਼ੁਰੂ ਹੋ ਗਏ ਸਨ ਤੇ ਅਖ਼ੀਰ 1966 'ਚ ਪੰਜਾਬ ਬਣਿਆ ਸੀ। ਮੌਜੂਦਾ ਵਰ੍ਹਾ ਸੋਵੀਅਤ ਯੂਨੀਅਨ ਦੇ ਪਤਨ ਦੀ ਵੀਂ 25ਵੀਂ ਵਰ੍ਹੇਗੰਢ ਹੈ, ਜਿਸ ਬਾਰੇ ਹਾਰਵਰਡ ਯੂਨੀਵੀਂਰਸਟੀ ਦੇ ਫ਼ਰਾਂਸਿਸ ਫ਼ੁਕੂਯਾਮਾ ਨੇ ਦਿ ਐਂਡ ਆੱਫ਼ ਹਿਸਟਰੀ' (ਇਤਿਹਾਸ ਦਾ ਅੰਤ) ਨਾਂਅ ਦੀ ਇੱਕ ਕਿਤਾਬ ਲਿਖੀ ਹੈ। 20 ਸਾਲ ਪਹਿਲਾਂ ਪੀ. ਵੀਂ. ਨਰਸਿਮਹਾ ਰਾਓ ਦਾ ਭਾਰਤੀ ਪ੍ਰਧਾਨ ਮੰਤਰੀ ਵਜੋਂ ਉਹ ਕਾਰਜਕਾਲ ਸਮਾਪਤ ਹੋਇਆ ਸੀ ਜਿਸ ਦੌਰਾਨ ਉਨ੍ਹਾਂ ਨੇ ਭਾਰਤੀ ਅਰਥਵਿਵਸਥਾ ਅਤੇ ਵਿਦੇਸ਼ ਨੀਤੀ ਨੂੰ ਠੰਢੀ ਜੰਗ ਤੋਂ ਬਾਅਦ ਦੀ ਦੁਨੀਆ ਦੇ ਅਨੁਕੂਲ ਬਣਾਇਆ ਸੀ। 11 ਸਤੰਬਰ, 2016 ਅਲ-ਕਾਇਦਾ ਵੱਲੋਂ ਅਮਰੀਕਾ ਉੱਤੇ ਕੀਤੇ ਗਏ 9/11 ਹਮਲੇ ਦੀ 15ਵੀਂ ਵਰ੍ਹੇਗੰਢ ਸੀ। ਉਸ ਹਮਲੇ ਮਗਰੋਂ ਕੱਟੜਪੰਥੀ ਇਸਲਾਮ ਵਿਰੁੱਧ ਅਮਰੀਕੀ ਜੰਗ ਦੇ ਨਤੀਜੇ ਹਾਲੇ ਤੱਕ ਬਾਕੀ ਦੁਨੀਆ ਨੂੰ ਭੁਗਤਣੇ ਪੈ ਰਹੇ ਹਨ।

ਪੰਜਾਬ ਪਿਛਲੇ 50 ਵੀਂਰ੍ਹਿਆਂ ਦੌਰਾਨ ਭਾਰਤ ਲਈ ਅੰਨ ਦਾ ਭੰਡਾਰ ਬਣਿਆ ਪਰ ਇੱਥੇ ਖਾੜਕੂਵਾਦ ਵੀ ਪਨਪਣ ਲੱਗ ਪਿਆ ਸੀ; ਭਾਰਤ ਦੀ ਖੜਗ-ਭੁਜਾ ਵਜੋਂ ਜਾਣਿਆ ਜਾਂਦਾ ਇਹ ਰਾਜ, ਕੇਂਦਰ ਦੀ ਜ਼ੋਰ-ਜ਼ਬਰਦਸਤੀ ਖ਼ਿਲਾਫ਼ ਵੀਂ ਸਦਾ ਬਾਗ਼ੀਆਨਾ ਰੁਖ਼ ਅਖ਼ਤਿਆਰ ਕਰਦਾ ਆਇਆ ਹੈ। ਅਕਾਲੀ ਦਲ ਆਪਣੀ ਪੰਥਕ ਅਪੀਲ, ਕਿਸਾਨਾਂ ਨੂੰ ਮੁਫ਼ਤ ਸਹੂਲਤਾਂ ਦੇਣ ਦੀ ਬਿਰਤੀ ਅਤੇ ਪ੍ਰਕਾਸ਼ ਸਿੰਘ ਬਾਦਲ ਤੱਕ ਲੋਕਾਂ ਦੀ ਆਸਾਨ ਪਹੁੰਚ ਤੇ ਉਨ੍ਹਾਂ ਦੀ ਟਕਰਾਅ ਤੋਂ ਬਚਣ ਵਾਲੀ ਸਿਆਸਤ ਕਾਰਨ ਰਾਜ ਸੱਤਾ ਦੀਆਂ ਮੌਜਾਂ ਮਾਣਦਾ ਰਿਹਾ। ਇਹ ਵੱਖਰੀ ਗੱਲ ਹੈ ਕਿ ਬਾਦਲ ਸਰਕਾਰ ਦੇ ਮੌਜੂਦਾ ਕਾਰਜਕਾਲ (2012-17) ਦੌਰਾਨ ਭਾਈ-ਭਤੀਜਾਵਾਦ ਦੀ ਪੁਰਾਣੀ ਪ੍ਰਣਾਲੀ ਦੀ ਥਾਂ ਉਨ੍ਹਾਂ ਦੇ ਆਪਣੇ ਪਰਿਵਾਰ ਦਾ ਗ਼ਲਬਾ ਵਧਣ, ਸਰਕਾਰੀ ਤੇ ਸੂਬਾਈ ਹਿਤਾਂ ਦੀ ਥਾਂ ਪਰਿਵਾਰ ਦੇ ਕਾਰੋਬਾਰੀ ਹਿਤਾਂ ਨੂੰ ਪਹਿਲ ਦੇਣ ਦੀ ਬਿਰਤੀ ਅਤੇ ਸਾਬਕਾ ਸੋਵੀਅਤ ਸੰਘ ਵਾਂਗ ਪ੍ਰਸ਼ਾਸਨ ਦੀ ਨਿਗਰਾਨੀ' ਦੀ ਜ਼ਿੰਮੇਵਾਰੀ ਹਲਕਾ ਇੰਚਾਰਜਾਂ ਨੂੰ ਸੌਂਪਣ ਦੀ ਪ੍ਰਥਾ ਨੇ ਪ੍ਰਸ਼ਾਸਨਿਕ ਨਿਘਾਰ ਲਿਆਂਦਾ। ਕਿਸੇ ਵੇਲੇ ਅਕਾਲੀ ਦਲ ਨੂੰ ਤਿਕੜੀਂ ਚਲਾਇਆ ਕਰਦੀ ਸੀ; ਗੁਰਚਰਨ ਸਿੰਘ ਟੌਹੜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਵ ਅਕਾਲੀ ਦਲ ਦੇ ਧਾਰਮਿਕ ਵਿੰਗ ਦੀ ਅਗਵਾਈ ਕਰਦੇ ਸਨ, ਜਥੇਦਾਰ ਜਗਦੇਵ ਸਿੰਘ ਤਲਵੰਡੀ ਪਾਰਟੀ ਨੂੰ ਸੰਭਾਲਦੇ ਸਨ ਅਤੇ ਪ੍ਰਕਾਸ਼ ਸਿੰਘ ਬਾਦਲ ਸਰਕਾਰ ਚਲਾਉਂਦੇ ਸਨ ਪਰ ਉਹ ਸਾਰਾ ਢਾਂਚਾ ਹੁਣ ਬਾਦਲ ਪਰਿਵਾਰ ਦੇ ਹੱਥਾਂ ਵਿੱਚ ਹੈ ਅਤੇ ਇਨ੍ਹਾਂ ਤਿੰਨਾਂ ਵਿੰਗਾਂ ਉੱਤੇ ਬਾਦਲਾਂ ਦਾ ਹੀ ਕੰਟਰੋਲ ਹੈ। ਉਹ ਪੁਰਾਣੀ ਮਹਾਨ ਪਾਰਟੀ, ਜਿਹੜੀ ਲੱਖਾਂ ਲੋਕਾਂ ਦੀਆਂ ਕੁਰਬਾਨੀਆਂ ਸਦਕਾ ਵਜੂਦ ਵਿੱਚ ਆਈ ਸੀ, ਅਤੇ ਜੋ ਕਿ ਪਹਿਲਾਂ ਤਾਂ ਪੰਜਾਬ ਦੀ ਸਿਰਜਣਾ ਲਈ ਜੂਝਦੀ ਰਹੀ ਅਤੇ ਫਿਰ ਐਮਰਜੈਂਸੀ ਦੌਰਾਨ ਜਬਰ ਤੇ ਜ਼ੁਲਮ ਦਾ ਵਿਰੋਧ ਕਰਨ ਵਿੱਚ ਮੋਹਰੀ ਰਹੀ ਪਰ ਅੱਜ ਉਹ ਕੇਵਲ ਬਾਦਲਾਂ ਦੇ ਸੱਤਾ 'ਚ ਬਣੇ ਰਹਿਣ ਅਤੇ ਉਨ੍ਹਾਂ ਲਈ ਧਨ ਇਕੱਠਾ ਕਰਨ ਦਾ ਵਸੀਲਾ ਬਣ ਕੇ ਰਹਿ ਗਈ ਹੈ।

ਕਾਂਗਰਸ, ਇਤਿਹਾਸਕ ਤੌਰ 'ਤੇ ਪੰਜਾਬ ਵਿੱਚ ਅਕਾਲੀ ਦਲ ਦੇ ਗ਼ੈਰ-ਫਿਰਕੂ ਅਤੇ ਦਿੱਲੀ ਦੇ ਪ੍ਰਭਾਵ ਵਾਲੀ ਰਾਜਸੀ ਤਾਕਤ ਵਜੋਂ ਅਕਾਲੀ ਦਲ ਦਾ ਬਦਲ ਪੇਸ਼ ਕਰਦੀ ਆਈ ਹੈ। ਬਲੂ ਸਟਾਰ ਅਪਰੇਸ਼ਨ ਤੋਂ ਬਾਅਦ ਸਿੱਖ ਕੌਮ 'ਚ ਪੈਦਾ ਹੋਏ ਰੋਹ ਨੂੰ ਇਸ ਪਾਰਟੀ ਨੇ ਉਸ ਕੈਪਟਨ ਅਮਰਿੰਦਰ ਸਿੰਘ ਨੂੰ ਅੱਗੇ ਲਿਆ ਕੇ ਕਾਫ਼ੀ ਸ਼ਾਂਤ ਕਰ ਲਿਆ ਜਿਸ ਨੇ ਸ੍ਰੀ ਹਰਿਮੰਦਰ ਸਾਹਿਬ ਉੱਤੇ ਹੋਏ ਹਮਲੇ ਤੋਂ ਬਾਅਦ ਤੁਰੰਤ ਆਪਣੀ ਸੰਸਦੀ ਸੀਟ ਤੋਂ ਅਸਤੀਫ਼ਾ ਦੇ ਦਿੱਤਾ ਸੀ। ਪਾਰਟੀ ਨੇ ਪਹਿਲਾਂ ਉਨ੍ਹਾਂ ਨੂੰ ਪਾਰਟੀ ਦਾ ਪ੍ਰਦੇਸ਼ ਪ੍ਰਧਾਨ ਬਣਾਇਆ ਅਤੇ ਫਿਰ 2002 'ਚ ਮੁੱਖ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਬਣਾਇਆ ਕਿਉਂਕਿ ਸ਼ਾਹੀ ਖ਼ਾਨਦਾਨ ਦੇ ਫਰਜ਼ੰਦ ਹੋਣ ਕਾਰਨ ਉਨ੍ਹਾਂ ਦੇ ਰੱਜੇ-ਪੁੱਜੇ ਤੇ ਈਮਾਨਦਾਰ ਹੋਣ ਦਾ ਅਕਸ ਬਣਿਆ ਹੋਇਆ ਸੀ, ਇਸ ਦਾ ਲਾਭ ਵੀਂ ਕਾਂਗਰਸ ਨੂੰ ਹੋਇਆ। ਉਹ ਹਾਲੇ ਵੀਂ ਕਾਂਗਰਸ ਦਾ ਚਿਹਰਾ ਹਨ ਅਤੇ ਆਪਣੀ ਚੋਣ ਪ੍ਰਚਾਰ ਮੁਹਿੰਮ ਲਈ ਸੋਸ਼ਲ ਮੀਡੀਆ ਦਾ ਚੰਗਾ ਸਹਾਰਾ ਲੈ ਰਹੇ ਹਨ, ਕੌਫ਼ੀ ਚੈਟਸ ਕਰਦੇ ਹਨ ਅਤੇ ਨੌਜਵਾਨਾਂ ਨਾਲ ਸੰਵਾਦ ਰਚਾਉਂਦੇ ਆ ਰਹੇ ਹਨ। ਉਨ੍ਹਾਂ ਕੋਲ ਤਜਰਬਾ ਤਾਂ ਹੈ ਪਰ ਉਨ੍ਹਾਂ ਦੀ ਸਾਖ਼ ਲੋਕਾਂ ਦੀ ਪਹੁੰਚ ਤੋਂ ਦੂਰ ਹੋਣ, ਪ੍ਰਸ਼ਾਸਨ ਨੂੰ ਢਿੱਲੇ-ਢਾਲੇ ਤੇ ਤਫ਼ਰੀਹੀ ਢੰਗ ਨਾਲ ਚਲਾਉਣ ਅਤੇ ਆਪਣੇ ਦਰਬਾਰੀਆਂ' ਉੱਤੇ ਕੁਝ ਜ਼ਿਆਦਾ ਹੀ ਨਿਰਭਰ ਹੋਣ ਵਾਲੀ ਬਣੀ ਹੋਈ ਹੈ।

ਪਹਿਲੀ ਵਾਰ ਚੋਣ ਮੈਦਾਨ 'ਚ ਨਿੱਤਰ ਰਹੀ ਆਮ ਆਦਮੀ ਪਾਰਟੀ ਨੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਤਿਕੋਨੇ ਮੁਕਾਬਲੇ ਵਿੱਚ ਤਬਦੀਲ ਕਰ ਦਿੱਤਾ ਹੈ। ਆਮ ਲੋਕ ਹੁਣ ਤਬਦੀਲੀ, ਜਵਾਬਦੇਹੀ ਅਤੇ ਈਮਾਨਦਾਰੀ ਚਾਹੁੰਦੇ ਹਨ, ਤਾਂ ਜੋ ਪੰਜਾਬ ਵਿਚੋਂ ਨਸ਼ਿਆਂ ਦੇ ਮਾਫ਼ੀਆ ਖ਼ਤਮ ਹੋ ਸਕਣ, ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣ, ਸਾਫ਼-ਸੁਥਰੇ ਸ਼ਹਿਰ ਵਿਕਸਿਤ ਹੋਣ ਅਤੇ ਸਿਹਤ, ਸਿੱਖਿਆ ਅਤੇ ਹੋਰ ਜਨਤਕ ਸੇਵਾਵਾਂ ਵਿੱਚ ਸੁਧਾਰ ਹੋਵੇ। ਆਮ ਆਦਮੀ ਪਾਰਟੀ ਨੇ ਕੁਝ ਆਸ ਤਾਂ ਜਗਾਈ ਹੈ ਪਰ ਉਸ ਕੋਲ ਤਜਰਬੇ ਦੀ ਘਾਟ ਹੈ, ਜਦਕਿ ਅਕਾਲੀ ਦਲ ਅਤੇ ਕਾਂਗਰਸ ਦੋਵਾਂ ਕੋਲ ਤਜਰਬਾ ਤਾਂ ਹੈ ਪਰ ਉਮੀਦ ਕੋਈ ਨਹੀਂ।

ਸਮੁੱਚੇ ਸੰਸਾਰ 'ਤੇ ਜੇ ਝਾਤ ਮਾਰੀਏ, ਤਾਂ ਰੁਝਾਨ ਕੁਝ ਅਜਿਹੀਆਂ ਨਵੀਂਆਂ ਸਿਆਸੀ ਇਕਾਈਆਂ ਦੇ ਹੱਕ ਵਿੱਚ ਚੱਲ ਰਿਹਾ ਹੈ, ਜਿਹੜੀਂਆਂ ਲੋਕਾਂ ਦੀਆਂ ਇੱਛਾਵਾਂ ਤੇ ਉਮਾਹਾਂ ਨੂੰ ਸੰਬੋਧਤ ਹੁੰਦੀਆਂ ਹਨ ਅਤੇ ਸਮੱਸਿਆਵਾਂ ਨੂੰ ਵਧੇਰੇ ਸਿਰਜਣਸ਼ੀਲ ਤਰੀਕੇ ਨਾਲ ਹੱਲ ਕਰਨ ਦੀ ਗੱਲ ਕਰਦੀਆਂ ਹਨ ਭਾਵੇਂ ਉਹ ਵਿਚਾਰਧਾਰਾ ਤੋਂ ਵਿਹੂਣੀਆਂ ਹਨ ਜਾਂ ਡੋਨਲਡ ਟਰੰਪ ਵਾਂਗ ਹਰ ਗੱਲ ਮਰਜ਼ੀ ਮੁਤਾਬਕ ਕਰਨ ਵਾਲੀਆਂ ਹਨ। ਇਟਲੀ ਦੀ ਪੰਜ-ਸਿਤਾਰਾ ਲਹਿਰ (ਫ਼ਾਈਵ ਸਟਾਰ ਮੂਵਮੈਂਟ) ਜਾਂ ਬੇਪੇ ਗ੍ਰਿਲੋ ਵੱਲੋਂ ਸਥਾਪਤ ਐਮ5ਐਸ' ਦੀ ਚੜ੍ਹਤ ਹੈ। ਗ੍ਰਿਲੋ ਇੱਕ ਹਾਸਰਸ ਕਲਾਕਾਰ, ਅਦਾਕਾਰ ਅਤੇ ਰਾਜਸੀ ਕਾਰਕੁਨ ਹਨ ਜੋ ਲੋਕਾਂ ਨੂੰ ਖ਼ੁਸ਼ ਕਰਨ ਵਾਲੀਆਂ ਗੱਲਾਂ ਕਰਦਾ ਹੈ, ਅਤੇ ਜੋ ਭ੍ਰਿਸ਼ਟਾਚਾਰ ਨੂੰ ਨਫ਼ਰਤ ਕਰਦਾ ਹੈ, ਵਿਚਾਰਧਾਰਕ ਪੱਖ ਤੋਂ ਉਹ ਨਾ ਸੱਜੇ ਪੱਖੀ ਹੈ ਤੇ ਨਾ ਹੀ ਖੱਬੇ ਪੱਖੀ ਅਤੇ ਉਹ ਲੋਕਾਂ ਦੇ ਨੁਮਾਇੰਦਿਆਂ ਵੱਲੋਂ ਚਲਾਈ ਜਾਣ ਵਾਲੀ ਜਮਹੂਰੀਅਤ ਨੂੰ ਬਦਲ ਕੇ ਪੁਰਾਣੇ ਏਥਨਜ਼ ਵਰਗੀ ਆਮ ਜਨਤਾ ਵੱਲੋਂ ਸਿੱਧੇ ਤੌਰ 'ਤੇ ਚੁਣੀ ਹਕੂਮਤ ਲਾਗੂ ਕੀਤੇ ਜਾਣ ਦਾ ਮੁਦਈ ਹੈ। ਭਾਵੇਂ ਉਨ੍ਹਾਂ ਦਾ ਕੁਝ ਸ਼ਹਿਰਾਂ ਉੱਤੇ ਨਿਯੰਤ੍ਰਣ ਹੈ ਪਰ ਜੇ 4 ਦਸੰਬਰ ਦੀ ਰਾਇਸ਼ੁਮਾਰੀ ਵਿੱਚ ਸੰਵਿਧਾਨਕ ਸੋਧਾਂ ਪਾਸ ਹੋ ਜਾਂਦੀਆਂ ਹਨ, ਤਾਂ ਉਹ ਰਾਸ਼ਟਰੀ ਪੱਧਰ ਦੀ ਸ਼ਕਤੀ ਵੀਂ ਹਾਸਲ ਕਰ ਲੈਣਗੇ। ਉਹ ਉਮੀਦਵਾਰ ਆਨਲਾਈਨ ਚੁਣਦੇ ਹਨ, ਜਿਹੜਾ ਵਿਅਕਤੀ ਪਹਿਲਾਂ ਕਦੇ ਸੇਵਾ ਕਰ ਚੁੱਕਾ ਹੈ, ਉਸ ਨੂੰ ਰੱਦ ਕਰ ਦਿੰਦੇ ਹਨ।

ਪੰਜਾਬ ਨੂੰ ਚੰਗੇ ਸ਼ਾਸਨ ਦੀ ਬਹੁਤ ਲੋੜ ਹੈ ਅਤੇ ਇਸ ਦੀ ਖੇਤੀਬਾੜੀਂ ਤੇ ਉਦਯੋਗਾਂ ਦੋਵਾਂ ਉੱਤੇ ਆਧਾਰਿਤ ਅਰਥਵਿਵਸਥਾ ਨੂੰ ਦੂਰ-ਦ੍ਰਿਸ਼ਟੀ ਨਾਲ ਇੱਕ ਨਵਾਂ ਰੂਪ ਦੇਣਾ ਜ਼ਰੂਰੀ ਹੈ। ਦੋ ਸਾਲਾਂ ਦੇ ਸੋਕੇ ਤੋਂ ਬਾਅਦ, ਪੰਜਾਬ 'ਚ 1966 ਤੋਂ ਹਰੇ ਇਨਕਲਾਬ ਦੀ ਸ਼ੁਰੂਆਤ ਹੋ ਗਈ ਸੀ ਤੇ ਇਹ ਸੂਬਾ ਭਾਰਤ ਦੇ ਕੁੱਲ ਕਣਕ ਉਤਪਾਦਨ ਵਿੱਚ 62 ਫ਼ੀਸਦੀ ਅਤੇ ਚੌਲ਼ਾਂ ਦੇ ਉਤਪਾਦਨ ਵਿੱਚ 8 ਫ਼ੀਸਦੀ ਯੋਗਦਾਨ ਪਾਉਣ ਲੱਗ ਪਿਆ ਸੀ। ਪਰ ਕਣਕ ਅਤੇ ਝੋਨੇ ਦੇ ਇਸ ਚੱਕਰ ਨਾਲ ਵਾਤਾਵਰਣਕ ਸੰਤੁਲਨ ਵਿਗੜ ਗਿਆ, ਧਰਤੀ ਹੇਠਲੇ ਪਾਣੀ ਦਾ ਪੱਧਰ ਹੇਠਾਂ ਚਲਾ ਗਿਆ ਅਤੇ ਉਸ ਪਾਣੀ ਵਿੱਚ ਖਾਦਾਂ ਸਿੰਮਣ ਲੱਗ ਪਈਆਂ। 1985-86 ਤੋਂ ਲੈ ਕੇ 2000-01 ਤੱਕ ਕਣਕ ਹੇਠਲਾ ਖੇਤਰ 32 ਲੱਖ ਹੈਕਟੇਅਰ ਤੋਂ ਵਧ ਕੇ 34 ਲੱਖ ਹੈਕਟੇਅਰ ਹੋ ਗਿਆ ਪਰ ਚੌਲ਼ਾਂ ਅਧੀਨ ਖੇਤਰ 17 ਤੋਂ ਵਧ ਕੇ 26 ਲੱਖ ਹੈਕਟੇਅਰ ਹੋ ਗਿਆ। ਇਸ ਦੌਰਾਨ ਪੰਜਾਬ ਦਾ ਸ਼ਹਿਰੀਕਰਨ ਵਧੇਰੇ ਹੋ ਗਿਆ ਹੈ ਅਤੇ ਉਦਯੋਗ ਖ਼ਤਮ ਹੁੰਦੇ ਜਾ ਰਹੇ ਹਨ। ਇਸ ਸੂਬੇ ਨੂੰ ਕੈਲੀਫ਼ੋਰਨੀਆ ਮਾਡਲ ਅਨੁਸਾਰ ਉੱਚ-ਤਕਨਾਲੋਜੀ ਵਾਲੇ ਪ੍ਰਦੂਸ਼ਣ-ਮੁਕਤ ਉਦਯੋਗ ਦੀ ਲੋੜ ਹੈ। ਇਹ ਤਬਦੀਲੀ ਲਿਆਉਣ ਲਈ ਪੰਜਾਬ ਨੂੰ ਆਪਣੇ ਬੁਨਿਆਦੀ ਢਾਂਚੇ, ਸਿੱਖਿਆ, ਸਿਹਤ ਪ੍ਰਣਾਲੀਆਂ ਨੂੰ ਅਪਗ੍ਰੇਡ ਕਰਨ ਦੇ ਨਾਲ-ਨਾਲ ਜੀਵਨ ਦੇ ਸ਼ਹਿਰੀ ਮਿਆਰ ਵਿੱਚ ਵੀਂ ਸੁਧਾਰ ਲਿਆਉਣਾ ਹੋਵੇਗਾ।

ਪਰ ਇਸ ਦੇ ਉਲਟ ਸਾਰੀਆਂ ਪਾਰਟੀਆਂ ਸਬਸਿਡੀਆਂ ਦੇਣ, ਗ਼ੈਰ-ਪ੍ਰਤੀਯੋਗੀ ਇਕਾਈਆਂ ਨੂੰ ਕਾਰੋਬਾਰੀ ਸੁਰੱਖਿਆ ਦੇਣ ਦੀ ਗੱਲ ਕਰਦੀਆਂ ਹਨ ਅਤੇ ਪੁਰਾਣੀਆਂ ਘਿਸੀਆਂ-ਪਿਟੀਆਂ ਯੋਜਨਾਵਾਂ ਰਾਹੀਂ ਅੱਗੇ ਵਧਣ ਦੀ ਗੱਲ ਕਰਦੀਆਂ ਹਨ ਜਦੋਂਕਿ ਇਸ ਵੇਲੇ ਜ਼ਰੂਰਤ ਪ੍ਰਦੂਸ਼ਣ-ਮੁਕਤ, ਘੱਟ ਕਾਰਬਨ ਵਾਲੇ, ਉੱਚ-ਤਕਨਾਲੋਜੀ ਵਾਲੇ ਉਦਯੋਗਿਕ ਪੰਜਾਬ ਦੀ ਦ੍ਰਿਸ਼ਟੀ ਦੇ ਨਾਲ ਨਾਲ ਇੱਕ ਨਵਾਂ ਚਿੱਟਾ ਅਤੇ ਹਰਾ ਇਨਕਲਾਬ ਲਿਆਉਣ ਦੀ ਹੈ ਤਾਂ ਜੋ ਭਾਰਤ ਦੀ ਵੱਡੀਆਂ ਖ਼ਾਹਿਸ਼ਾਂ ਵਾਲੀ ਮੱਧ ਸ਼੍ਰੇਣੀ ਅਤੇ ਖਾੜੀਂ ਦੇਸ਼ਾਂ ਲਈ ਖੁਰਾਕੀ ਸਪਲਾਈ-ਲੜੀਂਆਂ ਆਰੰਭ ਕੀਤੀਆਂ ਜਾ ਸਕਣ।

ਸੋਵੀਅਤ ਸੰਘ ਦੇ ਪਤਨ ਤੋਂ 25 ਸਾਲਾਂ ਬਾਅਦ ਹੁਣ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੀ ਅਗਵਾਈ ਹੇਠ ਰੂਸ ਇੱਕ ਵਾਰ ਫਿਰ ਵਿਸ਼ਵ ਪੱਧਰ ਦਾ ਪ੍ਰਭਾਵ ਅਤੇ ਰਣਨੀਤਕ ਸਥਾਨ ਹਾਸਲ ਕਰਨ ਲਈ ਪੂਰੀ ਦ੍ਰਿੜ੍ਹਤਾ ਨਾਲ ਆਪਣਾ ਸਥਾਨ ਮਜ਼ਬੂਤ ਕਰਦਾ ਜਾ ਰਿਹਾ ਹੈ। ਉਂਜ, ਜੇ ਅਗਲੇ ਪੰਦਰਾਂ ਕੁ ਦਿਨਾਂ 'ਚ ਹਿਲੇਰੀ ਕਲਿੰਟਨ ਰਾਸ਼ਟਰਪਤੀ ਚੁਣੇ ਜਾਂਦੇ ਹਨ, ਤਾਂ ਇੱਕ ਨਵੀਂ ਠੰਢੀ ਜੰਗ ਸ਼ੁਰੂ ਹੋ ਸਕਦੀ ਹੈ ਕਿਉਂਕਿ ਆਪਣੀ ਚੋਣ ਮੁਹਿੰਮ ਦੌਰਾਨ ਸ੍ਰੀਮਤੀ ਕਲਿੰਟਨ ਨੇ ਕਿਹਾ ਹੈ ਕਿ ਰੂਸੀਆਂ ਨੇ ਡੈਮੋਕਰੈਟਿਕ ਪਾਰਟੀ ਦਾ ਕੰਪਿਊਟਰ ਹੈਕ ਕੀਤਾ ਸੀ ਅਤੇ ਪਾਰਟੀ ਦੇ ਉਮੀਦਵਾਰ ਨੂੰ ਨੁਕਸਾਨ ਪਹੁੰਚਾਉਣ ਲਈ ਈ-ਮੇਲ ਸੁਨੇਹੇ ਲੀਕ ਕੀਤੇ। ਉਧਰ, ਸੀਰੀਆ ਕਰ ਕੇ ਜਰਮਨੀ ਅਤੇ ਫ਼ਰਾਂਸ ਪਹਿਲਾਂ ਰੂਸ ਉੱਤੇ ਪਾਬੰਦੀਆਂ ਲਾਉਣ ਦੀ ਧਮਕੀ ਦੇ ਚੁੱਕੇ ਹਨ। ਰੂਸ ਅਤੇ ਅਮਰੀਕਾ ਵਿਚਾਲੇ ਖ਼ਰਾਬ ਹੁੰਦੇ ਜਾ ਰਹੇ ਸਬੰਧ ਭਾਰਤ ਲਈ ਇੱਕ ਚੁਣੌਤੀ ਹੋਣਗੇ ਕਿਉਂਕਿ ਭਾਰਤ ਇਨ੍ਹਾਂ ਦੋਵਾਂ ਵਿਚਾਲੇ ਇੱਕ ਸੰਤੁਲਨ ਬਣਾ ਕੇ ਚਲਦਾ ਹੈ। ਤੇਲ ਅਤੇ ਗੈਸ ਕੀਮਤਾਂ ਘੱਟ ਹੋਣ ਕਾਰਨ ਰੂਸੀ ਬਜਟ 'ਤੇ ਦਬਾਅ ਪਿਆ ਹੋਇਆ ਹੈ ਅਤੇ ਰੂਸ ਗ਼ੈਰ-ਫ਼ੌਜੀ ਸਾਧਨਾਂ ਰਾਹੀਂ ਜੰਗ ਆਰੰਭਣ ਲਈ ਦੋਗਲੀ' ਸਮਰੱਥਾ ਵਿਕਸਤ ਕਰ ਰਿਹਾ ਹੈ। ਜੇ ਟਰੰਪ ਚੋਣ ਨਹੀਂ ਜਿੱਤਦਾ ਤਾਂ ਅਮਰੀਕਾ ਤੇ ਉਸ ਦੇ ਭਾਈਵਾਲਾਂ ਵੱਲੋਂ ਵੀਂ ਰੂਸ ਖ਼ਿਲਾਫ਼ ਪ੍ਰਤੀਕਰਮ ਪ੍ਰਗਟਾਉਣਾ ਯਕੀਨੀ ਹੈ। ਉਧਰ, ਚੀਨ ਦੇ ਉਭਾਰ ਅਤੇ ਰੂਸ ਨਾਲ ਉਸ ਦੀ ਵਧਦੀ ਜਾ ਰਹੀ ਹਿੱਤਾਂ ਦੀ ਯਕਜਹਿਤੀ ਇਤਿਹਾਸ ਖ਼ਤਮ ਹੋਣ ਦਾ ਫੁਕੂਯਾਮਾ ਸਿਧਾਂਤ ਹੀ ਦਫ਼ਨ ਕਰਨ ਦੀਆਂ ਸੰਭਾਵਨਾਵਾਂ ਜਗਾ ਰਹੀ ਹੈ। ਇਹ ਜਾਪਦਾ ਹੈ ਕਿ ਏਸ਼ੀਆ ਵਿੱਚ ਇਤਿਹਾਸ ਨਵੇਂ ਜਾਮੇ ਵਿੱਚ ਖ਼ੁਦ ਨੂੰ ਦੁਹਰਾਉਣ ਦੇ ਰਾਹ ਤੁਰ ਰਿਹਾ ਹੈ।

ਪੀ. ਵੀਂ. ਨਰਸਿਮਹਾ ਰਾਓ ਉਤੇ ਦੋ ਕਿਤਾਬਾਂ ਆਈਆਂ ਹਨ। ਹਾਫ਼ ਲਾਇਨ' (ਅੱਧਾ ਸ਼ੇਰ) ਵਿਨੇ ਸੀਤਾਪਤੀ ਨੇ ਲਿਖੀ ਹੈ, ਜਿਹੜੀਂ ਉਨ੍ਹਾਂ ਦੇ ਇੱਕ ਸਿਆਸੀ ਆਗੂ ਵਜੋਂ ਵਿਕਾਸ ਦੀ ਕਹਾਣੀ ਬਿਆਨਦੀ ਹੈ। ਉਹ ਲਿਖਦੇ ਹਨ ਕਿ ਰਾਓ ਨੇ ਆਰਥਿਕ ਸੁਧਾਰ ਅਮਲ ਵਿੱਚ ਲਿਆਉਂਦਿਆਂ ਬੀਤੇ ਸਮੇਂ ਨੂੰ ਨਿਰੰਤਰ ਅੱਗੇ ਵਧਾਉਣ ਦਾ ਦਾਅਵਾ ਕਰਕੇ ਕਾਂਗਰਸ ਦੇ ਪੁਰਾਤਨਪੰਥੀ ਆਗੂਆਂ ਨੂੰ ਝਕਾਨੀ ਦਿੱਤੀ। ਚੀਨ ਵਿੱਚ ਤਿੰਗ ਸਿਆਓਪਿੰਗ ਨੇ ਵੀਂ ਮਾਓਵਾਦ ਦੀ ਮਹਿਮਾ ਗਾਉਂਦਿਆਂ ਇੰਜ ਹੀ ਕੀਤਾ ਸੀ। ਇਸੇ ਪ੍ਰਸੰਗ ਵਿੱਚ ਆਸ਼ੀਸ਼ ਨੰਦੀ ਦਾ ਕਹਿਣਾ ਹੈ ਕਿ "ਅਸਹਿਮਤੀ ਨੂੰ ਸਨਾਤਨੀ ਸੋਚ ਦਾ ਹੀ ਹਿੱਸਾ ਦਿਖਾ ਕੇ ਗ਼ਾਇਬ ਸੱਭਿਆਚਾਰ ਨੂੰ ਬਦਲਣਾ" ਭਾਰਤੀ ਪਰੰਪਰਾ ਰਹੀ ਹੈ। ਇਹ ਵਿਡੰਬਨਾ ਹੈ ਕਿ ਸੁਧਾਰਵਾਦੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਸੁਧਾਰਾਂ ਦੇ ਰਾਹ ਤੁਰਨ ਤੋਂ ਕਾਂਗਰਸ ਨੇ ਹੀ ਰੋਕ ਦਿੱਤਾ ਸੀ; ਹੁਣ ਨਰਿੰਦਰ ਮੋਦੀ ਨੂੰ ਵੀਂ ਆਰਐਸਐਸ ਦੇ ਪੁਰਾਤਨਪੰਥੀ ਵਿਚਾਰਕਾਂ ਦੀਆਂ ਮੂਲ ਪ੍ਰਵਿਰਤੀਆਂ ਕਾਰਨ ਵਿਰੋਧ ਨਾਲ ਦੋ-ਚਾਰ ਹੋਣਾ ਪੈ ਰਿਹਾ ਹੈ। ਲਿਹਾਜ਼ਾ, ਰਾਓ ਵੱਲੋਂ ਕੀਤੀ ਗਈ ਸ਼ੁਰੂਆਤ ਹਾਲੇ ਵੀਂ ਅਧੂਰੀ ਹੈ।

ਇਹ ਸਾਲ ਅਤੇ ਰਾਸ਼ਟਰਪਤੀ ਬਰਾਕ ਓਬਾਮਾ ਦੇ ਰਾਸ਼ਟਰਪਤੀ ਵਜੋਂ ਕਾਰਜਕਾਲ ਦੀ ਸਮਾਪਤੀ ਮੋਸੁਲ ਤੋਂ ਇਸਲਾਮਿਕ ਸਟੇਟ ਨੂੰ ਬਾਹਰ ਕੱਢਣ ਤੇ ਉਨ੍ਹਾਂ ਨੂੰ ਸੀਰੀਆ ਅੰਦਰ ਸੀਮਤ ਹੋਣ ਲਈ ਮਜਬੂਰ ਕਰਨ ਦੀਆਂ ਫ਼ੌਜੀ ਕਾਰਵਾਈਆਂ ਨਾਲ ਖ਼ਤਮ ਹੋਣ ਜਾ ਰਿਹਾ ਹੈ। ਦਹਿਸ਼ਤਗਰਦ ਸਮੂਹਾਂ ਨਾਲ ਲੜਨ ਦਾ ਦਿਖਾਵਾ ਕਰਨ ਅਤੇ ਅੰਦਰਖਾਤੇ ਉਨ੍ਹਾਂ ਦਾ ਪਾਲਣ-ਪੋਸ਼ਣ ਕਰਨ ਵਾਲੇ ਤੇ ਇੰਜ ਦੋਹਰੇ ਚਿਹਰੇ ਨਾਲ ਜਿਉਂ ਰਹੇ ਪਾਕਿਸਤਾਨ ਦਾ ਵਿਰੋਧ ਹੁਣ ਅਮਰੀਕਾ ਵੱਧ ਖੁੱਲ੍ਹ ਕੇ ਕਰਨ ਲੱਗਾ ਹੈ। ਭਾਰਤ ਦੇ ਪੱਛਮ ਵੱਲ ਸਥਿਤ ਸਮੁੱਚਾ ਇਸਲਾਮੀ ਖੇਤਰ ਹੀ ਇਸ ਵੇਲੇ ਗੜਬੜੀਂ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਅਲ-ਕਾਇਦਾ ਨੇ ਸੀਰੀਆ 'ਚ ਆਪਣੇ ਪੈਰ ਮੁੜ ਜਮਾਅ ਲਏ ਹਨ। ਇਹ ਜਥੇਬੰਦੀ ਸ਼ਰੀਅਤ ਨੂੰ ਇਸਲਾਮਿਕ ਸਟੇਟ ਨਾਲੋਂ ਘੱਟ ਸਖ਼ਤੀ ਨਾਲ ਲਾਗੂ ਕਰ ਰਹੀ ਹੈ, ਅਤੇ ਇਸ ਨੂੰ ਆਈਐੱਸ ਵਾਲਾ ਮੁਕਾਮ ਬਣਾ ਲੈਣ ਦੀ ਆਸ ਹੈ। ਸਮੁੱਚੇ ਪੱਛਮੀ ਏਸ਼ੀਆ ਵਿੱਚ ਲੱਗੀ ਇਸ ਅੱਗ ਨੂੰ ਸ਼ੀਆ-ਸੁੰਨੀ ਵਿਵਾਦ ਨੇ ਅਤੇ ਅਲੈਪੋ-ਕਿਰਕੁਕ ਧੁਰੇ ਨੂੰ ਹਥਿਆਉਣ ਦੀ ਕੁਰਦਾਂ ਦੀ ਇੱਛਾ ਨੇ ਹੋਰ ਵੀਂ ਵੱਧ ਖ਼ਤਰਨਾਕ ਬਣਾ ਦਿੱਤਾ ਹੈ। ਸਾਲ 2001 ਵਿੱਚ ਅਮਰੀਕਾ ਵੱਲੋਂ ਸ਼ੁਰੂ ਕੀਤੀ ਗਈ ਜੰਗ ਹੁਣ ਵੱਧ ਵਿਆਪਕ ਹੋ ਗਈ ਹੈ, ਉਹ ਵਧੇਰੇ ਗੁੰਝਲਦਾਰ ਵੀਂ ਹੋ ਗਈ ਹੈ। ਰੂਸ-ਇਰਾਨ ਸਾਂਝ ਜਿਵੇਂ ਮਜ਼ਬੂਤ ਹੋ ਰਹੀ ਹੈ, ਉਸ ਨਾਲ ਨਵੀਂ ਠੰਢੀ ਜੰਗ ਨਾਲ ਨਵਾਂ ਆਯਾਮ ਜੁੜ ਸਕਦਾ ਹੈ।

ਹਰੇਕ ਵਰ੍ਹੇਗੰਢ ਚੇਤੇ ਕਰਵਾਉਂਦੀ ਹੈ ਕਿ ਕਿਸੇ ਸੂਬੇ, ਰਾਸ਼ਟਰ ਜਾਂ ਕਿਸੇ ਖੇਤਰ ਵਿੱਚ ਸਥਿਰਤਾ ਅਤੇ ਵਿਕਾਸ ਲਈ ਲੀਡਰਸ਼ਿਪ ਅਤੇ ਦੂਰ-ਦ੍ਰਿਸ਼ਟੀ ਦੀ ਜ਼ਰੂਰਤ ਹੁੰਦੀ ਹੈ। ਲਿਹਾਜ਼ਾ, ਪੰਜਾਬ ਵਰਗੇ ਰਾਜ ਨੂੰ ਦੀਵਾਲੀ ਦੀ ਆਤਿਸ਼ਬਾਜ਼ੀ ਵਾਲੇ ਜਲੌਅ ਦੀ ਥਾਂ ਮਨੁੱਖੀ ਤਕਦੀਰ ਨੂੰ ਨਵੇਂ ਰੂਪ ਵਿੱਚ ਢਾਲਣ ਵਾਲੇ ਦੂਰਅੰਦੇਸ਼ਾਂ ਦੀ ਲੋੜ ਹੈ।

**' ਲੇਖਕ ਵਿਦੇਸ਼ ਮੰਤਰਾਲੇ ਦਾ ਸਾਬਕਾ ਸਕੱਤਰ ਹੈ।**

# ਸਿੱਖ ਵਿਰਾਸਤ ਬਨਾਮ ਆਧੁਨਿਕੀਕਰਨ ਤੇ ਸੁੰਦਰੀਕਰਨ

**ਸੁੰਦਰੀਕਰਨ ਦੀ ਇਸ ਮੁਹਿੰਮ ਦੀ ਤੁਲਨਾ ਸ੍ਰੀ ਦਰਬਾਰ ਸਾਹਿਬ ਵਿਖੇ 1984 ਵਿੱਚ ਕੀਤੀ ਗਈ ਫ਼ੌਜੀ ਕਾਰਵਾਈ ਦੌਰਾਨ ਨੁਕਸਾਨੇ ਗਏ ਰਾਮਗੜ੍ਹੀਆ ਬੁੰਗੇ ਦੇ ਦੋਵੇਂ ਮੀਨਾਰਾਂ ਨੂੰ ਮੁੜ ਤੋਂ ਨਾਨਕਸ਼ਾਹੀ ਇੱਟਾਂ ਨਾਲ ਬਣਾਉਣ ਦੀ ਥਾਂ ਪਿਆਜ਼ੀ ਰੰਗ ਦੀ ਪੱਥਰੀ ਦਿੱਖ ਦੇਣ ਦੀ ਕੁਹਜਮਈ ਕਾਰਵਾਈ ਨਾਲ ਕੀਤੀ ਜਾ ਸਕਦੀ ਹੈ। ਬੁਨਿਆਦੀ ਸੁਆਲ ਇਹ ਹੈ ਕਿ ਕੀ ਇਹ ਸੁੰਦਰੀਕਰਨ ਪ੍ਰਾਜੈਕਟ ਸ਼੍ਰੋਮਣੀ ਅਕਾਲੀ ਦਲ ਨੂੰ ਵੋਟਾਂ ਪੁਆ ਸਕੇਗਾ ਜਿਸ ਨੂੰ ਸਥਾਪਤੀ-ਵਿਰੋਧੀ ਲਹਿਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ? ਅਕਾਲੀ ਦਲ ਸਿੱਖਾਂ ਤੋਂ ਪੰਥ ਦੇ ਨਾਂ ਉੱਤੇ ਵੋਟਾਂ ਮੰਗਦਾ ਆ ਰਿਹਾ ਹੈ, ਪਰ ਪਿਛਲੇ ਕੁਝ ਸਾਲਾਂ ਤੋਂ ਪਾਰਟੀ ਨੇ ਆਪਣੀ ਪੰਥਕ ਦਿੱਖ ਤੇ ਕਿਰਦਾਰ ਖੋਰ ਲਿਆ ਹੈ।**




**ਜਗਤਾਰ ਸਿੰਘ***
(ਸੰਪਰਕ: 97797-11201)

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਵਸਾਏ ਤੇ ਸਿੱਖੀ ਦੇ ਧੁਰੇ ਵੱਲੋਂ ਜਾਣੇ ਜਾਂਦੇ ਇਤਿਹਾਸਕ ਨਗਰ ਅੰਮ੍ਰਿਤਸਰ ਦੇ ਐਨ ਵਿਚਕਾਰ ਸਥਿਤ ਰੂਹਾਨੀਅਤ ਦੇ



ਮਹਾਨ ਕੇਂਦਰ ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ, ਖ਼ਾਸ ਕਰਕੇ ਇਸ ਨੂੰ ਜਾਂਦੇ ਮੁੱਖ ਰਸਤੇ ਦੀ ਸਿਰਫ਼ ਤਿੰਨ ਸੌ ਦਿਨਾਂ ਵਿੱਚ ਬਦਲ ਦਿੱਤੀ ਗਈ ਨੁਹਾਰ ਵੇਖ ਕੇ ਹਰ ਕੋਈ ਹੈਰਾਨ ਤਾਂ ਹੁੰਦਾ ਹੈ ਅਤੇ ਬਹੁਤਿਆਂ ਨੂੰ ਇਹ ਸੋਹਣੀ ਤੇ ਖਿੱਚਪਾਊ ਵੀ ਲੱਗਦੀ ਹੈ, ਪਰ ਇਸ ਦਾ ਹੁਣ ਆਪਣੀ ਵਿਰਾਸਤ ਨਾਲ ਦੂਰ ਦਾ ਵੀ ਕੋਈ ਵਾਸਤਾ ਨਹੀਂ। ਸੁੰਦਰੀਕਰਨ ਪ੍ਰਾਜੈਕਟ ਤਹਿਤ ਟਾਊਨ ਹਾਲ ਤੋਂ ਸ੍ਰੀ ਦਰਬਾਰ ਸਾਹਿਬ ਤਕ ਦੇ ਅੱਠ ਸੌ ਮੀਟਰ ਰਸਤੇ ਦੀ ਭੰਨ-ਤੋੜ, ਮੁਰੰਮਤ ਅਤੇ ਨਵ-ਉਸਾਰੀ ਕਰਵਾ ਕੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ 'ਵਿਰਾਸਤ' ਦੀ ਨਵੀਂ ਪਰਿਭਾਸ਼ਾ ਸਿਰਜ ਦਿੱਤੀ ਹੈ। ਇਸ ਰਸਤੇ ਦੀ ਹਰ ਨੁਕਰ ਨੂੰ ਜਾਣਨ ਵਾਲੇ ਵਿਅਕਤੀ ਵੀ ਹੁਣ ਇਸ ਨੂੰ ਪਛਾਣ ਨਹੀਂ ਸਕਦੇ। ਉਪ ਮੁੱਖ ਮੰਤਰੀ ਨੇ ਐਲਾਨ ਕੀਤਾ ਹੈ ਕਿ ਇਸੇ 'ਵਿਰਾਸਤੀ ਰਸਤੇ' ਦੀ ਤਰ੍ਹਾਂ ਹੀ ਸ੍ਰੀ ਦਰਬਾਰ ਸਾਹਿਬ ਨੂੰ ਜਾਂਦੇ ਸਾਰੇ ਰਸਤਿਆਂ ਦੀ ਨੁਹਾਰ ਵੀ ਬਦਲ ਦਿੱਤੀ ਜਾਵੇਗੀ। ਸੈਲਾਨੀ ਖਿੱਚ ਕੇਂਦਰ ਵਜੋਂ ਵਿਕਸਿਤ ਕੀਤੇ ਗਏ ਇਸ ਰਸਤੇ ਨੂੰ 'ਵਿਰਾਸਤੀ ਰਸਤਾ' ਕਹਿਣਾ ਸਰਾਸਰ ਗ਼ਲਤ ਹੈ।

ਕੁਝ ਮਹੀਨੇ ਪਹਿਲਾਂ ਜਦੋਂ ਸੰਯੁਕਤ ਰਾਸ਼ਟਰ ਸੰਘ ਨੇ ਚੰਡੀਗੜ੍ਹ ਦੇ ਕੈਪੀਟਲ ਕੰਪਲੈਕਸ ਨੂੰ ਵਿਰਾਸਤੀ ਦਰਜਾ ਦਿੱਤਾ ਸੀ ਤਾਂ ਇਹ ਸਪਸ਼ਟ ਹੋ ਗਿਆ ਸੀ ਕਿ ਪੰਜਾਬ ਤੇ ਹਰਿਆਣਾ ਦੀਆਂ ਸਰਕਾਰਾਂ ਸਿਵਿਲ ਸਕੱਤਰੇਤ, ਵਿਧਾਨ ਸਭਾ ਅਤੇ ਹਾਈ ਕੋਰਟ ਸਮੇਤ ਕੈਪੀਟਲ ਕੰਪਲੈਕਸ ਦੀ ਕਿਸੇ ਵੀ ਇਮਾਰਤ ਦੀ ਇੱਕ ਇੱਟ ਨਾਲ ਵੀ ਛੇੜ-ਛਾੜ ਨਹੀਂ ਕਰ ਸਕਣਗੀਆਂ। ਪਰ ਵਿਰਾਸਤੀ ਮਾਰਗ ਦੇ ਨਾਂ 'ਤੇ ਨੇ ਗੁਰੂ ਕੀ ਨਗਰੀ ਅੰਮ੍ਰਿਤਸਰ, ਖ਼ਾਸ ਕਰ ਕੇ ਸ੍ਰੀ ਦਰਬਾਰ ਸਾਹਿਬ ਦੇ ਚੌਗਿਰਦੇ, ਰਸਤਿਆਂ ਤੇ ਇਮਾਰਤਾਂ ਵਿੱਚ ਵੱਡੀਆਂ ਤਬਦੀਲੀਆਂ ਕਰਵਾ ਕੇ ਇਨ੍ਹਾਂ ਨਾਲ ਜੁੜੀ ਵਿਰਾਸਤ ਨੂੰ ਵੱਡਾ ਨੁਕਸਾਨ ਪਹੁੰਚਾਇਆ ਗਿਆ ਹੈ।

ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਉਸਰਵਾਏ ਗਏ ਢਾਂਚੇ ਨੂੰ ਢਾਹੁਣ ਦਾ ਕੰਮ ਕੇਂਦਰ ਸਰਕਾਰ ਨੇ 1988 ਵਿੱਚ ਸੁੰਦਰੀਕਰਨ ਦੇ ਨਾਂ ਹੇਠ ਬਣਾਈ ਗਈ ਗਲਿਆਰਾ ਯੋਜਨਾ ਤਹਿਤ ਸ਼ੁਰੂ ਕੀਤਾ ਸੀ। ਇਸ 'ਸੁੰਦਰੀਕਰਨ ਪ੍ਰਾਜੈਕਟ' ਦੇ ਲੁਕਵੇਂ ਏਜੰਡੇ ਨੂੰ ਹੁਣ ਇੱਕ ਨਵੇਂ ਦਿਸਹੱਦੇ ਉੱਤੇ ਪਹੁੰਚਾ ਦਿੱਤਾ ਗਿਆ ਹੈ। ਇਸ ਤੋਂ ਵੀ ਅੱਗੇ ਜਾ ਕੇ ਹੁਣ ਤਾਂ ਅੰਮ੍ਰਿਤਸਰ ਦੀ ਨਵ-ਉਸਾਰੀ ਕਰਨੀ ਸ਼ੁਰੂ ਕਰ ਦਿੱਤੀ ਗਈ ਹੈ। ਸ੍ਰੀ ਦਰਬਾਰ ਸਾਹਿਬ ਨੂੰ ਜਾਂਦੇ ਇਸ ਮੁੱਖ ਰਸਤੇ ਨੂੰ "ਵਿਰਾਸਤੀ ਦਿੱਖ" ਦੇਣ ਲਈ ਲਾਲ ਰੰਗ ਦਾ ਪੱਥਰ ਵਰਤਿਆ ਗਿਆ ਹੈ ਜਦੋਂਕਿ ਪੰਜਾਬ ਤੇ ਸਿੱਖ ਭਵਨ-ਨਿਰਮਾਣ ਕਲਾ ਦੀ ਵਿਰਾਸਤ ਨਾਨਕਸ਼ਾਹੀ ਛੋਟੀਆਂ ਇੱਟਾਂ ਨਾਲ ਜੁੜੀ ਹੋਈ ਹੈ। ਕਾਰ ਸੇਵਾ ਵਾਲੇ ਬਾਬਿਆਂ ਨੇ ਇਨ੍ਹਾਂ ਛੋਟੀਆਂ ਇੱਟਾਂ ਦੀ ਥਾਂ ਸੰਗਮਰਮਰ ਲਾ ਕੇ ਇਤਿਹਾਸਕ ਗੁਰਦੁਆਰਿਆਂ ਦਾ ਅਸਲੀ ਚਿਹਰਾ-ਮੋਹਰਾ ਤਬਦੀਲ ਕਰ ਦਿੱਤਾ ਹੈ। ਦੂਜੇ ਪਾਸੇ ਗੁਰਦੁਆਰਾ ਸਾਹਿਬਾਨ ਦੀ ਅਸਲੀ ਭਵਨ-ਨਿਰਮਾਣ ਕਲਾ ਦੇ ਨਮੂਨੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਭੋਇੰ ਨਨਕਾਣਾ ਸਾਹਿਬ (ਪਾਕਿਸਤਾਨ) ਵਿੱਚ ਅਜੇ ਵੀ ਸੰਭਾਲੇ ਹੋਏ ਹਨ।

ਟਾਊਨ ਹਾਲ ਤੋਂ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਪ੍ਰਵੇਸ਼ ਦੁਆਰ ਦੇ ਸਾਹਮਣੇ ਸੰਗਮਰਮਰ ਨਾਲ ਬਣਾਏ ਗਏ ਪਲਾਜ਼ਾ ਤਕ ਦੇ ਰਸਤੇ ਉੱਤੇ ਸਥਿਤ ਸਾਰੀਆਂ ਇਮਾਰਤਾਂ ਤੇ ਦੁਕਾਨਾਂ ਦੀ ਬਾਹਰੀ ਦਿੱਖ ਇੱਕੋ ਜਿਹੀ ਬਣਾ ਕੇ ਇਸ ਰਸਤੇ ਨੂੰ "ਵਿਰਾਸਤੀ ਦਿੱਖ" ਦਿੱਤੀ ਗਈ ਹੈ। ਪਰ ਵਿਰਾਸਤ ਤਾਂ ਅਸਲ ਨੂੰ ਸੰਭਾਲ ਕੇ ਰੱਖਣ ਨੂੰ ਕਿਹਾ ਜਾਂਦਾ ਹੈ ਨਾ ਕਿ ਉਸ ਨੂੰ ਮਨਚਾਹੀ ਨਵੀਂ ਦਿੱਖ ਦੇਣ ਨੂੰ। ਇਸ ਲਈ ਇਸ ਰਸਤੇ ਨੂੰ ਜੇ 'ਵਿਰਾਸਤੀ ਰਸਤਾ' ਦਾ ਨਾਂ ਨਾ ਦਿੱਤਾ ਜਾਵੇ ਤਾਂ ਸੰਭਵ ਹੈ ਕਿ ਇਸ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਉੱਤੇ ਕਿਸੇ ਨੂੰ ਸ਼ਾਇਦ ਕੋਈ ਇਤਰਾਜ਼ ਨਾ ਹੋਵੇ। ਸੁੰਦਰੀਕਰਨ ਦੇ ਇਸ ਪ੍ਰਾਜੈਕਟ ਤਹਿਤ ਟਾਊਨ ਹਾਲ ਦੀ ਇਤਿਹਾਸਕ ਇਮਾਰਤ ਨੂੰ ਵੀ ਢਾਹੁਣ ਦਾ ਫ਼ੈਸਲਾ ਕਰ ਲਿਆ ਗਿਆ ਸੀ, ਪਰ ਸ਼ਹਿਰੀਆਂ ਵੱਲੋਂ ਪ੍ਰਗਟਾਏ ਗਏ ਜ਼ਬਰਦਸਤ ਰੋਸ ਤੋਂ ਬਾਅਦ ਇਸ ਨੂੰ ਬਚਾਅ ਲਿਆ ਗਿਆ। ਹੁਣ ਇੱਥੇ 1947 ਵਿੱਚ ਹੋਈ ਮੁਲਕ ਦੀ ਵੰਡ ਦੀ ਤ੍ਰਾਸਦੀ ਨੂੰ ਦਰਸਾਉਣ ਵਾਲਾ ਪਹਿਲਾ ਅਜਾਇਬ ਘਰ ਉਸਾਰਿਆ ਗਿਆ ਹੈ। ਚੰਡੀਗੜ੍ਹ ਤੋਂ ਪੜ੍ਹੀ ਉੱਘੀ ਪੱਤਰਕਾਰ ਤੇ ਡਿਜ਼ਾਈਨਰ ਕਿਸ਼ਵਰ ਦੇਸਾਈ ਵੱਲੋਂ ਬਣਾਇਆ ਗਿਆ ਇਹ ਅਜਾਇਬ ਘਰ ਆਪਣੇ-ਆਪ ਵਿੱਚ ਤਾਂ ਬਹੁਤ ਵੱਡੀ ਪ੍ਰਾਪਤੀ ਹੈ ਪਰ ਇਸ ਦਾ ਸ੍ਰੀ ਦਰਬਾਰ ਸਾਹਿਬ ਤੇ ਸਿੱਖ ਵਿਰਾਸਤ ਨਾਲ ਕੋਈ ਤੁਅੱਲਕ ਨਹੀਂ। ਇਸ ਤੋਂ ਅੱਗੇ ਪਾਰਲੀਮੈਂਟ ਦਾ ਚਿੱਤਰ ਅਤੇ ਡਾ. ਬੀ.ਆਰ. ਅੰਬੇਦਕਰ ਦਾ ਬੁੱਤ ਸਥਾਪਤ ਕੀਤਾ ਗਿਆ ਹੈ। ਇਨ੍ਹਾਂ ਦਾ ਵੀ ਸ੍ਰੀ ਦਰਬਾਰ ਸਾਹਿਬ ਦੀ ਵਿਰਾਸਤ ਨਾਲ ਕੋਈ ਸਬੰਧ ਨਹੀਂ ਹੈ। ਹਾਂ, ਇਸ ਦਲਿਤ ਆਗੂ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਦੇ ਬੁੱਤ ਨੂੰ ਇੱਥੇ ਸਥਾਪਤ ਕਰਨ ਦੇ ਫ਼ੈਸਲੇ ਦੀ ਪੰਜਾਬ ਦੀ ਵੋਟ ਰਾਜਨੀਤੀ ਨੂੰ ਸਾਹਮਣੇ ਰੱਖ ਕੇ ਤਾਂ ਸਮਝ ਆਉਂਦੀ ਹੈ ਕਿਉਂਕਿ ਇਸ ਸੂਬੇ ਵਿੱਚ ਦਲਿਤ ਵਸੋਂ ਦੀ ਪ੍ਰਤੀਸ਼ਤਤਾ ਸਭ ਤੋਂ ਵੱਧ ਹੈ।

ਮਲਿਕਾ ਚੌਕ ਵਿੱਚ ਪਹਿਲਾਂ ਲੱਗੇ ਮਹਾਰਾਜਾ ਰਣਜੀਤ ਸਿੰਘ ਦੇ ਪੁਰਾਣੇ ਬੁੱਤ ਦੀ ਥਾਂ ਨਵਾਂ ਬੁੱਤ ਪਹਿਲਾਂ ਨਾਲੋਂ ਬਹੁਤ ਉੱਚੇ ਸੰਗਮਰਮਰ ਜੜੇ ਥੜ੍ਹੇ ਉੱਤੇ ਲਾ ਦਿੱਤਾ ਗਿਆ ਹੈ। ਸੈਲਾਨੀਆਂ ਲਈ ਇਹ ਜਗ੍ਹਾ ਤਸਵੀਰਾਂ ਖਿੱਚਣ ਲਈ ਸਭ ਤੋਂ ਵਧੀਆ ਥਾਂ ਬਣ ਗਈ ਹੈ। ਇਸ ਬੁੱਤ ਦੇ ਸਾਹਮਣੇ ਧਰਮ ਸਿੰਘ ਮਾਰਕਿਟ ਦੇ ਇੱਕ ਪਾਸੇ ਭੰਗੜਾ ਪਾ ਰਹੇ ਗੱਭਰੂਆਂ ਦੇ ਬੁੱਤ ਸਥਾਪਤ ਕੀਤੇ ਗਏ ਹਨ। ਇਹ ਬੁੱਤ ਸ੍ਰੀ ਦਰਬਾਰ ਸਾਹਿਬ ਨੂੰ ਜਾਂਦੀ ਸੜਕ, ਨਾ ਕਿ ਗਲੀ, ਨਾਲ ਜੁੜੀ ਪਵਿੱਤਰਤਾ ਦੀ ਭਾਵਨਾ ਨਾਲ ਮੇਲ ਨਹੀਂ ਖਾਂਦੇ। ਟਾਊਨ ਹਾਲ ਤੋਂ ਸ੍ਰੀ ਦਰਬਾਰ ਸਾਹਿਬ ਤਕ ਦੇ ਰਸਤੇ ਨੂੰ 1969 ਵਿੱਚ ਚੌੜਾ ਕਰਨ ਤੋਂ ਪਹਿਲਾਂ ਇੱਥੇ ਇੱਕ ਭੀੜੀ ਗਲੀ ਹੀ ਹੁੰਦੀ ਸੀ। ਰਸਤਾ ਚੌੜਾ ਕਰਨ ਲਈ ਚਲਾਈ ਗਈ ਇਸ ਪਹਿਲੀ ਮੁਹਿੰਮ ਵੇਲੇ ਵੀ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਪ੍ਰਵੇਸ਼ ਦੁਆਰ ਦੇ ਨੇੜੇ ਸਥਾਪਤ ਕੀਤੇ ਹੋਏ ਦੋ ਥੰਮ੍ਹਾਂ ਨੂੰ ਨਹੀਂ ਸੀ ਛੇੜਿਆ ਗਿਆ ਜਿਨ੍ਹਾਂ ਉੱਤੇ ਕੁਝ ਚਿੱਤਰ ਬਣੇ ਹੋਏ ਸਨ। ਸਾਂਭ-ਸੰਭਾਲ ਨਾ ਕੀਤੇ ਜਾਣ ਕਾਰਨ ਇਹ ਚਿੱਤਰ ਖ਼ਰਾਬ ਹੋ ਜਾਣ ਤੋਂ ਬਾਅਦ ਇਹ ਦੋਵੇਂ ਥੰਮ ਚੁੱਪ-ਚਪੀਤੇ ਹੀ ਇੱਥੋਂ ਹਟਾ ਦਿੱਤੇ ਗਏ। ਇਹ ਸਭ ਕੁਝ ਵਿਰਾਸਤ ਨੂੰ ਤਬਾਹ ਕਰਨ ਦੇ ਤੁੱਲ ਹੈ।

ਸੁੰਦਰੀਕਰਨ ਦੀ ਇਸ ਮੁਹਿੰਮ ਦੀ ਤੁਲਨਾ ਸ੍ਰੀ ਦਰਬਾਰ ਸਾਹਿਬ ਵਿਖੇ 1984 ਵਿੱਚ ਕੀਤੀ ਗਈ ਫ਼ੌਜੀ ਕਾਰਵਾਈ ਦੌਰਾਨ ਨੁਕਸਾਨੇ ਗਏ ਰਾਮਗੜ੍ਹੀਆ ਬੁੰਗੇ ਦੇ ਦੋਵੇਂ ਮੀਨਾਰਾਂ ਨੂੰ ਮੁੜ ਤੋਂ ਨਾਨਕਸ਼ਾਹੀ ਇੱਟਾਂ ਨਾਲ ਬਣਾਉਣ ਦੀ ਥਾਂ ਪਿਆਜ਼ੀ ਰੰਗ ਦੀ ਪੱਥਰੀ ਦਿੱਖ ਦੇਣ ਦੀ ਕੁਹਜਮਈ ਕਾਰਵਾਈ ਨਾਲ ਕੀਤੀ ਜਾ ਸਕਦੀ ਹੈ। ਮੁੜ ਉਸਾਰੀ ਵੇਲੇ ਅਸਲੀ ਦਿੱਖ ਦੀ ਥਾਂ ਇਨ੍ਹਾਂ ਮੀਨਾਰਾਂ ਦੇ ਸਿਰਿਆਂ ਉੱਤੇ ਗੁੰਬਦ ਵੀ ਬਣਾ ਦਿੱਤੇ ਗਏ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲੰਬਾ ਸਮਾਂ ਪ੍ਰਧਾਨ ਰਹੇ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਇੱਕ ਵਾਰੀ ਕਮੇਟੀ ਦੀ ਮੀਟਿੰਗ ਵਿੱਚ ਕਿਸੇ ਮੈਂਬਰ ਵੱਲੋਂ ਸ੍ਰੀ ਦਰਬਾਰ ਸਾਹਿਬ ਵਿੱਚ ਸ਼ਰਧਾਲੂਆਂ ਦੀ ਵਧ ਰਹੀ ਗਿਣਤੀ ਨੂੰ ਧਿਆਨ ਵਿੱਚ ਰੱਖਦਿਆਂ ਇਸ ਨੂੰ ਢਾਹ ਕੇ ਮੁੜ ਵੱਡੇ ਆਕਾਰ ਵਿੱਚ ਉਸਾਰਨ ਦੇ ਦਿੱਤੇ ਗਏ ਸੁਝਾਅ ਸਬੰਧੀ ਦੱਸਿਆ ਸੀ। ਉਨ੍ਹਾਂ ਉਸ ਮੈਂਬਰ ਨੂੰ ਸਮਝਾਇਆ ਸੀ ਕਿ ਭਾਵੇਂ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਅਹਿਮਦ ਸ਼ਾਹ ਅਬਦਾਲੀ ਵੱਲੋਂ ਬਿਲਕੁਲ ਮਲੀਆਮੇਟ ਕਰ ਦਿੱਤੇ ਜਾਣ ਤੋਂ ਬਾਅਦ ਮੁੜ ਉਸਾਰਿਆ ਗਿਆ ਸੀ, ਪਰ ਇਸ ਦੇ ਡਿਜ਼ਾਈਨ ਵਿੱਚ ਨਿੱਕੀ ਜਿੰਨੀ ਵੀ ਤਬਦੀਲੀ ਨਹੀਂ ਸੀ ਕੀਤੀ ਗਈ। ਮਹਾਰਾਜਾ ਰਣਜੀਤ ਸਿੰਘ ਨੇ ਇਸ ਦੀ ਇਮਾਰਤ ਉੱਤੇ ਸੋਨਾ ਚੜ੍ਹਾ ਕੇ ਇਸ ਵਿੱਚ ਅਹਿਮ ਤਬਦੀਲੀ ਕੀਤੀ ਜਿਹੜੀ ਸਿੱਖੀ ਦੀ ਮੂਲ ਫਿਲਾਸਫੀ ਦੇ ਹੀ ਉਲਟ ਹੈ- ਉਹ ਫਿਲਾਸਫੀ ਜਿਸ ਦਾ ਇਹ ਰੂਹਾਨੀ ਕੇਂਦਰ ਪ੍ਰਤੀਕ ਹੈ। ਇਸ ਦੀ ਸਮੁੱਚੇ ਢਾਂਚੇ ਦੀ ਤਾਂ ਇੱਕ ਇੱਟ ਨਾਲ ਵੀ ਛੇੜ-ਛਾੜ ਨਹੀਂ ਕੀਤੀ ਜਾਣੀ ਚਾਹੀਦੀ। ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖਤ ਦੀ ਸਥਾਪਨਾ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵੱਲੋਂ ਕੀਤੀ ਗਈ ਸੀ ਜਿੱਥੇ ਉਹ ਆਪਣਾ ਦਰਬਾਰ ਲਾਇਆ ਕਰਦੇ ਸਨ। ਇਨ੍ਹਾਂ ਦੋਹਾਂ ਅਸਥਾਨਾਂ ਦੀਆਂ ਇਮਾਰਤਾਂ ਦੇ ਗੁੰਬਦਾਂ ਦੇ ਆਕਾਰ ਅਤੇ ਸ਼ਕਲ ਵਿੱਚ ਅੰਤਰ ਹੈ ਜਿਵੇਂ ਇਨ੍ਹਾਂ ਦੀ ਸਿਰਜਣਾ ਪਿਛਲੇ ਸਿਧਾਂਤ ਵਿੱਚ ਫ਼ਰਕ ਹੈ।



ਅੰਮ੍ਰਿਤਸਰ ਦੇ ਬਾਹਰਵਾਰ ਦਿੱਲੀ ਨੂੰ ਜਾਂਦੇ ਕੌਮੀ ਮਾਰਗ ਉੱਤੇ ਪਹਿਲਾਂ ਬਣੇ ਬਹੁਤ ਹੀ ਸੋਹਣੇ ਤੇ ਸੁਹਜਮਈ ਗੇਟ ਦੀ ਥਾਂ ਹੁਣ ਬਣਾਏ ਗਏ ਵੱਡ-ਆਕਾਰੀ ਗੇਟ ਉੱਤੇ ਇੱਕ ਵੱਡਾ ਗੁੰਬਦ ਬਣਾ ਦਿੱਤਾ ਗਿਆ ਹੈ ਜਿਸ ਦੀ ਸ਼ਕਲ ਸ੍ਰੀ ਦਰਬਾਰ ਸਾਹਿਬ ਦੇ ਗੁੰਬਦ ਨਾਲ ਮਿਲਦੀ ਜੁਲਦੀ ਹੈ। ਕਈਆਂ ਧਿਰਾਂ ਨੂੰ ਇਹ ਇਤਰਾਜ਼ ਹੈ ਕਿ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਦੀ ਨਕਲ ਨਹੀਂ ਕੀਤੀ ਜਾਣੀ ਚਾਹੀਦੀ ਕਿਉਂਕਿ ਹੋਰ ਕਿਸੇ ਵੀ ਗੁਰਦੁਆਰਾ ਸਾਹਿਬ ਦੀ ਇਮਾਰਤ ਇਸ ਨਾਲ ਮੇਲ ਨਹੀਂ ਖਾਂਦੀ।

ਸ੍ਰੀ ਗੁਰੂ ਰਾਮਦਾਸ ਜੀ ਨੇ ਇਹ ਸ਼ਹਿਰ ਵਸਾਉਣ ਵੇਲੇ ਵੱਖ ਵੱਖ ਕਸਬਾਂ ਦੇ ਵਿਅਕਤੀਆਂ ਨੂੰ ਇਥੇ ਲਿਆ ਕੇ ਵਸਾਇਆ ਸੀ। ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਦੀਆਂ ਗਲੀਆਂ ਨੂੰ ਇਨ੍ਹਾਂ ਕਸਬਾਂ ਕਰ ਕੇ ਹੀ ਜਾਣਿਆ ਜਾਂਦਾ ਸੀ। ਸ੍ਰੀ ਦਰਬਾਰ ਸਾਹਿਬ ਦੇ ਨਾਲ ਲਗਦੀ ਇੱਕ ਗਲੀ, ਜਿਸ ਨੂੰ ਗੁਰੂ ਬਾਜ਼ਾਰ ਕਿਹਾ ਜਾਂਦਾ ਸੀ, ਦਰਅਸਲ ਇਸ ਸ਼ਹਿਰ ਦੀ ਨੀਂਹ ਸੀ। ਇਹ ਬਾਜ਼ਾਰ ਗਲਿਆਰਾ ਯੋਜਨਾ ਅਧੀਨ ਢਾਹ ਦਿੱਤਾ ਗਿਆ ਸੀ ਜਿਸ ਦਾ ਅਸਲ ਮਕਸਦ ਉਨ੍ਹਾਂ ਸਾਰੀਆਂ ਭੀੜੀਆਂ ਪਰ ਇਤਿਹਾਸਕ ਗਲੀਆਂ ਤੇ ਇਮਾਰਤਾਂ ਨੂੰ ਢਹਿਢੇਰੀ ਕਰਨਾ ਸੀ ਜਿਨ੍ਹਾਂ ਰਾਹੀਂ 1984 ਦੀ ਫ਼ੌਜੀ ਕਾਰਵਾਈ ਦੌਰਾਨ ਵੱਡੀ ਗਿਣਤੀ ਵਿੱਚ ਖਾੜਕੂ ਬਚ ਨਿਕਲਣ ਵਿੱਚ ਕਾਮਯਾਬ ਹੋ ਗਏ ਸਨ। ਪਾਕਿਸਤਾਨ ਨਾਲ ਲਗਦੀ ਸਰਹੱਦ ਉੱਤੇ ਕੰਡਿਆਲੀ ਤਾਰ ਲਾਉਣੀ ਅਤੇ ਸ੍ਰੀ ਦਰਬਾਰ ਸਾਹਿਬ ਦੁਆਲੇ ਗਲਿਆਰਾ ਬਣਾਉਣ ਦੇ ਪ੍ਰਾਜੈਕਟ ਤਕਰੀਬਨ ਇੱਕੋ ਸਮੇਂ ਹੀ ਵਿਉਂਤੇ ਤੇ ਨੇਪਰੇ ਚਾੜ੍ਹੇ ਗਏ ਸਨ।

ਸ੍ਰੀ ਦਰਬਾਰ ਸਾਹਿਬ ਦੇ ਢਾਂਚੇ ਤੇ ਆਲੇ ਦੁਆਲੇ ਨੂੰ ਸੁੰਦਰ ਬਣਾਉਣ ਅਤੇ ਇਸ ਨੂੰ ਮੁੜ ਉਸਾਰਨ ਉੱਤੇ ਤਾਂ ਸ਼ਾਇਦ ਕਿਸੇ ਨੂੰ ਕੋਈ ਇਤਰਾਜ਼ ਨਾ ਹੋਵੇ, ਪਰ ਮੁੱਦਾ ਸਿਰਫ਼ ਇਹ ਹੈ ਕਿ ਇਹ ਸਭ ਕੁਝ ਵਿਰਾਸਤ ਨੂੰ ਸੰਭਾਲਣ ਦੇ ਨਾਂ ਉੱਤੇ ਕੀਤਾ ਜਾ ਰਿਹਾ ਹੈ। ਪੰਜਾਬ ਦੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਪੂਰੀ ਦੁਨੀਆਂ ਵਿੱਚ ਘੁੰਮਦੇ ਰਹਿੰਦੇ ਹਨ, ਇਸ ਲਈ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪੱਛਮੀ ਦੇਸ਼ਾਂ ਵਿੱਚ ਪੁਰਾਣੇ ਪਿੰਡ ਕਿਵੇਂ ਸੰਭਾਲ ਕੇ ਰੱਖੇ ਗਏ ਹਨ। ਵੈਟੀਕਨ ਇਸ ਦੀ ਉਘੜਵੀਂ ਉਦਾਹਰਣ ਹੈ। ਬੜੇ ਸਾਲਾਂ ਤੋਂ ਇਹ ਮੰਗ ਉਠਦੀ ਰਹੀ ਹੈ ਕਿ ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਦੇ ਖੇਤਰ ਨੂੰ ਵੈਟੀਕਨ ਦੀ ਤਰਜ਼ ਉੱਤੇ ਵਿਸ਼ੇਸ਼ ਰੁਤਬਾ ਦਿੱਤਾ ਜਾਵੇ। ਸੁੰਦਰੀਕਰਨ ਦੇ ਇਸ ਸਾਰੇ ਨਵੇਂ ਪ੍ਰਾਜੈਕਟ ਵਿੱਚ ਚੰਗੀ ਗੱਲ ਇਹ ਹੈ ਕਿ ਪਲਾਜ਼ਾ ਦੇ ਜ਼ਮੀਨਦੋਜ਼ ਭਾਗ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਇਤਿਹਾਸ, ਪ੍ਰੰਪਰਾਵਾਂ, ਮਰਿਯਾਦਾ ਤੇ ਸਿਧਾਂਤ ਨੂੰ ਆਧੁਨਿਕ ਤਕਨਾਲੋਜੀ ਰਾਹੀ ਸ਼ਰਧਾਲੂਆਂ ਨੂੰ ਦਰਸਾਏ ਜਾਣ ਦੇ ਪ੍ਰਬੰਧ ਕੀਤੇ ਗਏ ਹਨ।

ਬੁਨਿਆਦੀ ਸੁਆਲ ਇਹ ਹੈ ਕਿ ਕੀ ਇਹ ਸੁੰਦਰੀਕਰਨ ਪ੍ਰਾਜੈਕਟ ਸ਼੍ਰੋਮਣੀ ਅਕਾਲੀ ਦਲ ਨੂੰ ਵੋਟਾਂ ਪੁਆ ਸਕੇਗਾ ਜਿਸ ਨੂੰ ਸਥਾਪਤੀ-ਵਿਰੋਧੀ ਲਹਿਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ? ਅਕਾਲੀ ਦਲ ਸਿੱਖਾਂ ਤੋਂ ਪੰਥ ਦੇ ਨਾਂ ਉੱਤੇ ਵੋਟਾਂ ਮੰਗਦਾ ਆ ਰਿਹਾ ਹੈ, ਪਰ ਪਿਛਲੇ ਕੁਝ ਸਾਲਾਂ ਤੋਂ ਪਾਰਟੀ ਨੇ ਆਪਣੀ ਪੰਥਕ ਦਿੱਖ ਤੇ ਕਿਰਦਾਰ ਖੋਰ ਲਿਆ ਹੈ। ਨਵੀਂ ਦਿੱਖ ਵਾਲਾ ਅਕਾਲੀ ਦਲ ਹੁਣ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਅੱਖੋਂ ਪਰੋਖੇ ਕਰ ਕੇ ਆਪੇ ਘੜੇ ਗਏ "ਪੰਥਕ ਏਜੰਡੇ" ਉੱਤੇ ਵੋਟਾਂ ਮੰਗ ਰਿਹਾ ਹੈ ਅਤੇ ਇਹ ਏਜੰਡਾ ਅੰਮ੍ਰਿਤਸਰ ਤੇ ਦਰਬਾਰ ਸਾਹਿਬ ਨੂੰ ਦਿੱਤੀ ਜਾ ਰਹੀ ਨਵੀਂ ਦਿੱਖ ਦੇ ਰੂਪ ਵਿੱਚ ਸਾਹਮਣੇ ਹੈ।

***ਲੇਖਕ ਸੀਨੀਅਰ ਪੱਤਰਕਾਰ ਹੈ।**

## ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ



## ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ

# ਯੂਬਾ ਸਿਟੀ ਦਾ 37ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

**6 ਨਵੰਬਰ 2016 ਦਿਨ ਐਤਵਾਰ** ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ, ਸਮੂਹ ਨਾਨਕ ਨਾਮ ਲੇਵਾ ਸੰਗਤਾਂ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿੱਚ ਪਰਿਵਾਰਾਂ ਸਮੇਤ ਹੁਮ-ਹੁਮਾ ਕੇ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

## — : ਪ੍ਰੋਗਰਾਮ ਦਾ ਵੇਰਵਾ : —

### ਅਖੰਡ ਪਾਠ ਸਾਹਿਬ ਦੀ ਲੜੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 17 ਸਤੰਬਰ ਤੋਂ ਸ਼ੁਰੂ ਹੈ ਜਿਸਦੇ ਅਖੀਰਲੇ ਸ੍ਰੀ ਅਖੰਡ ਪਾਠ ਸਾਹਿਬ 4 ਨਵੰਬਰ ਸ਼ੁੱਕਰਵਾਰ ਤੋਂ ਆਰੰਭ ਹੋ ਕੇ 6 ਨਵੰਬਰ ਦਿਨ ਐਤਵਾਰ ਨੂੰ ਸਵੇਰੇ 8.00 ਵਜੇ ਭੋਗ ਪੈਣਗੇ।

### ਵਿਸ਼ੇਸ਼ ਕਵੀ ਦਰਬਾਰ

21 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਵਿਸ਼ੇਸ਼ ਕਵੀ ਦਰਬਾਰ ਸ਼ਾਮ 6:30 ਵਜੇ ਤੋ ਰਾਤ 10:30 ਵਜੇ ਤੱਕ ਹੋਵੇਗਾ।

### ਬੱਚਿਆਂ ਦਾ ਕੀਰਤਨ ਦਰਬਾਰ

ਅਕਤੂਬਰ 29 ਦਿਨ ਸ਼ਨੀਵਾਰ ਨੂੰ ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ ਸ਼ਾਮ 6:30 ਵਜੇ ਤੋਂ ਰਾਤ 10:00 ਵਜੇ ਤੱਕ ਹੋਵੇਗਾ।

### ਬੰਦੀ ਛੋੜ ਦਿਵਸ (ਦੀਵਾਲੀ)

ਅਕਤੂਬਰ 30 ਦਿਨ ਐਤਵਾਰ ਨੂੰ ਸ਼ਾਮ 6.30 ਵਜੇ ਤੋਂ 10 ਵਜੇ ਤੱਕ ਵਿਸ਼ੇਸ਼ ਕੀਰਤਨ ਦੀਵਾਨ ਸਜਣਗੇ ਅਤੇ ਦੀਪਮਾਲਾ ਹੋਵੇਗੀ।

### ਵਿਸ਼ੇਸ਼ ਢਾਡੀ ਦਰਬਾਰ ਅਤੇ ਸ਼ਹੀਦੀ ਦਿਵਸ

ਅਕਤੂਬਰ 31 ਦਿਨ ਸੋਮਵਾਰ ਨੂੰ ਰਾਤ 6.30 ਵਜੇ ਤੋਂ ਰਾਤ 10 ਵਜੇ ਤੱਕ ਸ਼ਹੀਦ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ, ਭਾਈ ਕੇਹਰ ਸਿੰਘ ਅਤੇ ਸਮੂਹ ਸ਼ਹੀਦਾਂ ਦੀ ਸ਼ਹੀਦੀ ਨੂੰ ਸਮਰਪਿਤ ਵਿਸ਼ੇਸ਼ ਢਾਡੀ ਦੀਵਾਨ ਸਜਣਗੇ।

### ਆਤਿਸ਼ਬਾਜੀ

4 ਨਵੰਬਰ ਦਿਨ ਸ਼ੁੱਕਰਵਾਰ ਨੂੰ ਰਾਤ 8:00 ਵਜੇ ਆਤਿਸ਼ਬਾਜੀ ਹੋਵੇਗੀ।

### ਅਮ੍ਰਿਤ ਸੰਚਾਰ

5 ਨਵੰਬਰ ਦਿਨ ਸ਼ਨੀਵਾਰ ਸਵੇਰੇ 5 ਵਜੇ ਅਮ੍ਰਿਤ ਸੰਚਾਰ ਹੋਵੇਗਾ। ਅਮ੍ਰਿਤ ਅਭਿਲਾਖੀ ਸੰਗਤਾਂ ਆਪਣੇ ਨਾਮ ਭਾਈ ਸਾਹਿਬ ਜੀ ਕੋਲ ਲਿਖਵਾ ਕੇ ਕਕਾਰ ਪ੍ਰਾਪਤ ਕਰ ਸਕਦੀਆ ਹਨ।

### ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ

ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ 5 ਨਵੰਬਰ ਦਿਨ ਸ਼ਨੀਵਾਰ ਨੂੰ ਸਵੇਰੇ 9:00 ਵਜੇ ਹੋਵੇਗੀ।

### ਓਪਨ ਹਾਊਸ/ਸੈਮੀਨਾਰ

ਨਵੰਬਰ 5 ਦਿਨ ਸ਼ਨੀਵਾਰ ਨੂੰ ਓਪਨ ਹਾਊਸ/ਸੈਮੀਨਾਰ ਦਸਮੇਸ਼ ਹਾਲ ਵਿਚ 2 ਵਜੇ ਤੋਂ 6 ਵਜੇ ਤੱਕ ਹੋਵੇਗਾ।

### ਰੈਣ ਸਬਾਈ ਕੀਰਤਨ

5 ਨਵੰਬਰ ਸ਼ਨੀਵਾਰ ਨੂੰ ਰੈਣ ਸਬਾਈ ਕੀਰਤਨ ਸ਼ਾਮ 6.00 ਵਜੇ ਤੋਂ ਰਾਤ 1.00 ਵੱਜੇ ਤੱਕ ਹੋਵੇਗਾ ਜਿਸ ਵਿੱਚ ਪੰਥ ਦੇ ਪ੍ਰਸਿੱਧ ਰਾਗੀ ਜੱਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ।

### ਰੋਜਾਨਾ ਕੀਰਤਨ ਦਰਬਾਰ

19 ਅਕਤੂਬਰ ਤੋਂ 6 ਨਵੰਬਰ ਤੱਕ ਹਰ ਰੋਜ਼ ਕੀਰਤਨ ਸਮਾਗਮ ਸ਼ਾਮ 5.00 ਤੋਂ ਲੈ ਕੇ ਰਾਤ 10 ਵਜੇ ਤੱਕ ਹੋਣਗੇ।

### ਭੋਗ ਅਤੇ ਕੀਰਤਨ ਸਮਾਗਮ

6 ਨਵੰਬਰ ਐਤਵਾਰ ਸਵੇਰੇ 8:00 ਵਜੇ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ ਉਪਰੰਤ ਕੀਰਤਨ ਸਮਾਗਮ ਹੋਣਗੇ।

### ਨਗਰ ਕੀਰਤਨ

6 ਨਵੰਬਰ ਦਿਨ ਐਤਵਾਰ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਵੇਰੇ 10:00 ਵਜੇ ਆਰੰਭ ਹੋ ਕੇ ਸ਼ਾਮ 4:00 ਵਜੇ ਗੁਰਦਵਾਰਾ ਸਾਹਿਬ ਪਹੁੰਚੇਗਾ, ਉਪਰੰਤ ਸਮਾਪਤੀ ਦੀ ਅਰਦਾਸ ਹੋਵੇਗੀ।

### ਬੇਨਤੀ

ਸਮੁੱਚੇ ਨਗਰ ਕੀਰਤਨ ਵਿੱਚ ਕਿਸੇ ਵੀ ਕਿਸਮ ਦੀ ਸੇਵਾ ਕਰਕੇ ਸੰਗਤਾਂ ਇਸ ਮਹਾਨ ਕੁੰਭ ਵਿੱਚ ਹਿੱਸਾ ਪਾ ਸਕਦੀਆਂ ਹਨ।

ਪਹੁੰਚ ਰਹੇ ਰਾਗੀ ਜੱਥੇ ਅਤੇ ਪ੍ਰਚਾਰਕ : (1) ਭਾਈ ਤਾਰਾ ਸਿੰਘ ਜੀ ਹਜੂਰੀ ਰਾਗੀ ਗੁਰਦਵਾਰਾ ਸਾਹਿਬ ਯੂਬਾ ਸਿਟੀ (2) ਭਾਈ ਗਗਨਦੀਪ ਸਿੰਘ ਜੀ ਗੰਗਾ ਨਗਰ ਵਾਲੇ, (3) ਭਾਈ ਉਂਕਾਰ ਸਿੰਘ ਜੀ ਊਨਾ ਵਾਲੇ (4) ਭਾਈ ਗੁਰਨਿਮਿਤ ਸਿੰਘ ਜੀ ਰਾਜ ਰੰਗੀਲਾ (5) ਭਾਈ ਹਰਨਾਮ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅਮ੍ਰਿਤਸਰ (6) ਭਾਈ ਗੁਰਪ੍ਰੀਤ ਸਿੰਘ ਜੀ ਬਲੱੜਵਾਲ ਜਲੰਧਰ (7) ਭਾਈ ਦਲੀਪ ਸਿੰਘ ਜੀ ਹੀਰਾ (ਸਾਬਕਾ ਹਜ਼ੂਰੀ ਰਾਗੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ), (8) ਗਿਆਨੀ ਲਖਵਿੰਦਰ ਸਿੰਘ ਸੋਹਲ ਦਾ ਢਾਡੀ ਜਥਾ (9) ਗਿਆਨੀ ਸੁਖਵਿੰਦਰ ਸਿੰਘ ਗਰੇਵਾਲ ਦਾ ਢਾਡੀ।
ਇਸ ਤੋਂ ਇਲਾਵਾ ਸਿੱਖ ਪੰਥ ਦੇ ਉੱਚ ਕੋਟੀ ਦੇ ਰਾਗੀ ਜੱਥੇ, ਕਥਾਵਾਚਕ ਅਤੇ ਪ੍ਰਚਾਰਕ ਵੀ ਹਾਜਰੀ ਭਰਨਗੇ।

ਹੋਰ ਜਾਣਕਾਰੀ ਲਈ ਸੰਪਰਕ ਕਰੋ

(ਹੈਡ ਗ੍ਰੰਥੀ) ਭਾਈ ਸਾਹਿਬ ਸਿੰਘ **530-673-9918**

ਸ: ਜਸਵੰਤ ਸਿੰਘ ਬੈਂਸ **530-701-3971**

ਸ: ਸਰਬਜੀਤ ਸਿੰਘ ਥਿਆੜਾ **530-682-5861**

ਸ: ਪਰਮਿੰਦਰ ਸਿੰਘ ਗਰੇਵਾਲ **530-682-5860**

ਨੋਟ:-ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ, ਗੱਡੀਆਂ ਦੀ ਪਾਰਕਿੰਗ ਸਿਰਫ਼ ਨਿਯਤ ਜਗ੍ਹਾ 'ਤੇ ਹੀ ਕੀਤੀ ਜਾਵੇ ਜੀ। ਰਿਵਰ ਵੈਲੀ ਹਾਈ ਸਕੂਲ ਤੋਂ ਗੁਰੂ ਘਰ ਲਈ ਸਵੇਰੇ 8 ਵਜੇ ਤੋਂ ਸ਼ਾਮ 6.30 ਵਜੇ ਤੱਕ ਫਰੀ ਬੱਸਾਂ ਦਾ ਪ੍ਰਬੰਧ ਹੋਵੇਗਾ।



ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ, ਮੈਂਬਰ ਪਾਰਲੀਮੈਂਟ ਅੰਮ੍ਰਿਤਸਰ, ਸਾਬਕਾ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਵਲੋਂ

ਅਮਰੀਕਾ ਅਤੇ ਕੈਨੇਡਾ ਦੀ ਸਮੂਹ ਸਿੱਖ ਸੰਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਅਤੇ ਯੂਬਾ ਸਿਟੀ ਦੇ 37 ਵੇਂ ਮਹਾਨ ਨਗਰ ਕੀਰਤਨ ਦੀਆਂ

# ਲੱਖ ਲੱਖ ਵਧਾਈਆਂ



ਕੈਪਟਨ ਅਮਰਿੰਦਰ ਸਿੰਘ

## ਕੈਪਟਨ ਲਿਆਓ, ਪੰਜਾਬ ਬਚਾਓ

ਪੰਜਾਬ ਵਿਰੋਧੀ ਤਾਕਤਾਂ ਨੂੰ ਭਜਾਉਣ ਲਈ ਏਕਤਾ
ਦਿਖਾਉਂਦੇ ਹੋਏ ਯੂਬਾਸਿਟੀ ਕੈਲੀਫੋਰਨੀਆ ਵਿਖੇ
37ਵੇਂ ਨਗਰ ਕੀਰਤਨ ਵਿਚ
6 ਨਵੰਬਰ 2016 ਨੂੰ ਪਹੁੰਚੋ ਜੀ

ਜਾਰੀ ਕਰਤਾ

ਸਰਬਜੀਤ ਸਿੰਘ ਮਾਨ -909-815-7412
ਇਕਬਾਲ ਸਮਰਾ- 818-219-3090
ਸਾਹਿਬ ਭੁੱਲਰ- 626-893-2314
ਨਛੱਤਰ ਸਿੰਘ ਭੁੱਲਰ-626-255-8555
ਬਿੱਲ ਗਿਲ-909-706-0360
ਰਵੀ ਗਰੇਵਾਲ- 310-748-1348
ਰਵੀ ਰਾਜਬੀਰ ਰੰਧਾਵਾ- 323-533-2733
ਸਰਬਜੀਤ ਗਰੇਵਾਲ- 818-599-9189
ਧਰਮਿੰਦਰ ਰੰਧਾਵਾ- 909-240-7234
ਗੁਰਸ਼ਰਨ ਨੱਤ- 818-472-1014

ਨਰਿੰਦਰ ਸਿੰਘ ਢਿੱਲੋਂ- 626-664-9814
ਬਰਿੰਦਰ ਢਿੱਲੋਂ- 909-821-6785
ਸਤਬੀਰ ਤੁੰਗ-909-576-5799
ਆਜ਼ਾਦ ਵਿਰਕ- 650-630-6930
ਕੁਲਜੀਤ ਸਿੰਘ ਨਿੱਜ਼ਰ- 714-726-4300
ਪਰਮਜੀਤ ਨਿੱਝਰ- 626-622-5551
ਉਪਮਿੰਦਰ ਸੰਧੂ- 909-418-7700
ਪਾਲ ਘੋਤਰਾ-909-569-9545
ਮਨਜੀਤ ਪੰਧੇਰ-818-398-9262




## ਸਿੱਖ ਯੂਥ ਆਫ਼ ਅਮਰੀਕਾ, ਯੂਬਾ ਸਿਟੀ ਇਕਾਈ ਅਤੇ ਸਮੂਹ ਲੰਗਰ ਵਾਲੇ ਵੀਰਾਂ ਵਲੋਂ

ਸਮੂਹ ਸਿੱਖ ਪੰਥ ਤੇ ਪੰਜਾਬੀ ਭਾਈਚਾਰੇ ਨੂੰ 37ਵੇਂ ਯੂਬਾ ਸਿਟੀ ਦੇ ਮਹਾਨ ਨਗਰ ਕੀਰਤਨ
ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 547ਵੇਂ ਪ੍ਰਕਾਸ਼ ਪੁਰਬ ਦੀਆਂ

# ਲੱਖ ਲੱਖ ਵਧਾਈਆਂ

ਸਮੂਹ ਸਾਧ ਸੰਗਤ ਨੂੰ ਇਹਨਾਂ ਮਹਾਨ ਅਵਸਰਾਂ ਵਿਚ
ਹੁੰਮ-ਹੁੰਮਾ ਕੇ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ



**ਜਾਰੀ ਕਰਤਾ : ਗੁਰਮੇਜ ਸਿੰਘ ਗਿੱਲ, ਬਲਰਾਜ ਸਿੰਘ ਢਿੱਲੋਂ,
ਕੁਲਦੀਪ ਸਿੰਘ ਸਹੋਤਾ ਅਤੇ ਪਰਮਿੰਦਰ ਸਿੰਘ ਗਰੇਵਾਲ**

# Sharan Kaur

## For School Board

**Let's Make A Difference!**



## ਸਿੱਖ ਭਾਈਚਾਰੇ ਵਲੋਂ ਡਟਵੀਂ ਹਮਾਇਤ ਅਤੇ ਸਾਂਝੇ ਤੌਰ ਉੱਤੇ ਹੰਭਲਾ ਮਾਰਨ ਦਾ ਸੱਦਾ

# ਸ਼ਰਨ ਕੌਰ

## ਨਿਊ ਹੇਵਨ ਸਕੂਲ ਬੋਰਡ ਚੋਣ ਲਈ ਉਮੀਦਵਾਰ

*ਆਓ ਰਲ ਮਿਲ ਕੇ ਕੁਝ ਵਧੀਆ ਅਤੇ ਨਵਾਂ ਕਰ ਵਿਖਾਈਏ*

ਸ਼ਰਨ ਕੌਰ ਨਿਊ ਹੇਵਨ ਸਕੂਲ ਬੋਰਡ ਲਈ ਇੱਕੋ ਇੱਕ ਅਜਿਹੀ ਬੇਹਤਰੀਨ ਮਹਿਲਾ ਉਮੀਦਵਾਰ ਹੈ ਜਿਹੜੀ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਦੀਆਂ ਲੋੜਾਂ ਅਤੇ ਮੁਸ਼ਕਲਾਂ ਨੂੰ ਭਲੀਭਾਂਤ ਸਮਝ ਕੇ ਢੁਕਵੇਂ ਹੱਲ ਦੇ ਯੋਗ ਹੈ। ਬਹੁਤ ਹੀ ਸੂਝਵਾਨ, ਬੇਹੱਦ ਹਿੰਮਤੀ, ਮਿਲਾਪੜੀ ਅਤੇ ਦ੍ਰਿੜ ਇਰਾਦੇ ਵਾਲੀ

### ਸ਼ਰਨ ਕੌਰ ਦਾ ਨਿਸ਼ਾਨਾ

**ਸਕੂਲ ਪ੍ਰਬੰਧਾਂ ਨੂੰ ਹੋਰ ਬੇਹਤਰ ਤੇ ਕਿੱਤਾਮੁਖੀ ਬਣਾਉਣਾ**

"ਤੁਹਾਡੇ ਸਹਿਯੋਗ ਸਦਕਾ ਮੈਂ ਇਹ ਯਕੀਨੀ ਬਣਾ ਸਕਾਂਗੀ ਕਿ ਸਾਡੇ ਸਕੂਲਾਂ ਦਾ ਮਿਆਰ ਹੋਰ ਉੱਚਾ ਚੁੱਕਿਆ ਜਾਵੇ ਤਾਂ ਜੋ ਵਿਦਿਆਰਥੀ ਹੋਰ ਮੱਲਾਂ ਮਾਰ ਸਕਣ"

*ਅਸੀਂ ਰਲ ਮਿਲ ਕੇ ਹੀ ਸੁੰਦਰ ਭਵਿੱਖ ਦੀ ਸਿਰਜਣਾ ਕਰ ਸਕਦੇ ਹਾਂ*

### ਮੇਰੀਆਂ ਤਰਜੀਹਾਂ

- ਸਾਇੰਸ, ਟਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ (S.T.E.M.) ਦੀ ਪੜ੍ਹਾਈ ਉੱਤੇ ਅਮਲ ਲਈ ਜ਼ੋਰ
- ਮਦਦਗਾਰ ਅਤੇ ਸੁਰਖਿਅਤ ਮਾਹੌਲ ਦੀ ਸਿਰਜਣਾ
- ਮਾਪਿਆਂ ਅਤੇ ਕਮਿਊਨਿਟੀ ਵਿਚਾਲੇ ਆਪਸੀ ਸਹਿਯੋਗ ਵਧਾਉਣਾ

### My Priorities

- Enhance Emphasis on S.T.E.M
- Promote Supportive and Safe Environment
- Increase Parent and Community Engagement

*2 generations who have attended New Haven School and beyond!*





-Hill view Crest Elementary
-Tom Kitayama Elementary
-**Caesar Chavez Middle* (Class of 1996)**
-Itliong-Vera Cruz Middle
-**James Logan High* (Class of 2000)**
-Chabot/Ohlone College

-San Jose State University
-Cal State East Bay University
-San Francisco State University
-University of San Francisco
-**UC Santa Cruz* (2005 – BS, Bioinformatics)**
-UC San Diego

*** Schools Sharan Kaur attended**

*Together we inspire, engage and create a brighter future!*

**Sharan Kaur**
**for New Haven School Board**

## Let's Make A Difference!

*Dear Neighbor,*

*As a rasident of Union City for over 25 Years and a Product of New Haven Schools, I feel I am the best candidate who can understand the needs of students, teachers and parents alike. I am the only woman candidate for school board and have strong passion for education and even stronger desire to see that every student succeeds regardless of their family or economic background. I bring a decade long professional experience from Silicon Valley; passion and commitment for Community service; and experience from nonprofits focusing on health, education and animals. As a young and successful professional in Project Management, I have the desire to step up, get involved and give back to the same schools and community that made me who I am today.*

*With your support, I look forward to ensuring our schools continue to improve and students continue to thrive!*

*Sharan Kaur*

**ਸਿੱਖ ਭਾਈਚਾਰੇ ਦੇ ਸਾਰੇ ਮੈਂਬਰ ਯਾਦ ਰੱਖਿਓ 8 ਨਵੰਬਰ ਵਾਲੇ ਦਿਨ ਸ਼ਰਨ ਕੌਰ ਨੂੰ ਵੋਟ ਪਾਉਣਾ ਨਾ ਭੁੱਲਿਓ**

**On November 8, Remember to Vote for Sharan Kaur**

www.sharankaur2016.com

# ਡੀ ਐਫ਼ ਡਬਲਿਓ ਇੰਟਰਨੈਸ਼ਨਲ ਸਪੋਰਟਸ ਕਲੱਬ ਵੱਲੋਂ ਕਰਵਾਏ ਖੇਡ ਮੇਲੇ 'ਤੇ ਲੱਗੀਆਂ ਭਾਰੀ ਰੌਣਕਾਂ
















**ਡੈਲਸ ਟੈਕਸਸ/ਹਰਜੀਤ ਢੇਸੀ:**
ਸਥਾਨਕ ਡੀ ਐਫ਼ ਡਬਲਿਓ ਇੰਟਰਨੈਸ਼ਨਲ ਸਪੋਰਟਸ ਕਲੱਬ ਵੱਲੋਂ ਇਕ ਰੋਜ਼ਾ ਪੰਜਾਬੀ ਖੇਡਾਂ ਦਾ ਵਿਰਾਸਤੀ ਮੇਲਾ ਲੰਘੇ ਸ਼ਨਿਚਰਵਾਰ ਸਿੱਖ ਟੈਂਪਲ ਆਫ਼ ਨਾਰਥ ਟੈਕਸਸ ਦੀਆਂ ਗਰਾਊਂਡਾਂ ਵਿਚ ਕਰਵਾਇਆ ਗਿਆ ਜਿਸ ਵਿਚ ਭਾਰੀ ਗਿਣਤੀ ਵਿਚ ਖੇਡ ਪ੍ਰੇਮੀਆਂ ਨੇ ਪਹੁੰਚ ਕੇ ਪੂਰਾ ਦਿਨ ਇਸ ਦਾ ਆਨੰਦ ਮਾਣਿਆ। ਇਸ ਖੇਡ ਮੇਲੇ ਵਿਚ ਟੈਕਸਸ ਸਟੇਟ ਤੋਂ ਇਲਾਵਾ ਅਮਰੀਕਾ ਦੇ ਹੋਰਨਾਂ ਭਾਗਾਂ ਤੋਂ ਕਬੱਡੀ ਪ੍ਰੇਮੀ ਡੈਲਸ ਵਿਚ ਪਹੁੰਚੇ। ਇਸ ਮੇਲੇ ਵਿਚ ਬਹੁਤ ਸਾਰੀਆਂ ਚੋਟੀ ਦੀਆਂ ਟੀਮਾਂ ਨੇ ਭਾਗ ਲਿਆ ਅਤੇ ਬਹੁਤ ਸਾਰੇ ਕੌਮਾਂਤਰੀ ਪੱਧਰ ਦੇ ਖਿਡਾਰੀਆਂ ਨੇ ਆਪਣੀ ਤਾਕਤ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ. ਇਸ ਮੇਲੇ ਵਿਚ ਖਿਡਾਰੀਆਂ ਨੂੰ ਹਜ਼ਾਰਾਂ ਡਾਲਰ ਨਕਦ ਇਨਾਮ ਦੇ ਕੇ ਉਨ੍ਹਾਂ ਦੀ ਹੌਂਸਲਾ ਅਫਜਾਈ ਕੀਤੀ ਗਈ ਤਾਂ ਜੋ ਉਹ ਕਬੱਡੀ ਨੂੰ ਪੂਰੀ ਤਰ੍ਹਾਂ ਨਾਲ ਸਮਰਪਿਤ ਹੈ ਕਿ ਪੰਜਾਬੀਆਂ ਦਾ ਭਰਪੂਰ ਮਨੋਰੰਜਨ ਕਰ ਸਕਣ.

ਇਸ ਮੇਲੇ ਵਿਚ ਮੁੱਖ ਮੁਕਾਬਲੇ ਕਬੱਡੀ ਤੇ ਵਾਲੀਵਾਲ ਦੀਆਂ ਟੀਮਾਂ ਦੇ ਹੋਏ ਕਬੱਡੀ ਵਿਚ ਮਿਲਵਾਕੀ ਦੀ ਟੀਮ ਨੇ ਡੈਲਸ ਦੀ ਟੀਮ ਨਾਲ ਸਖ਼ਤ ਮੁਕਾਬਲਾ ਕਰਦਿਆਂ ਡੈਲਸ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਵਾਲੀਵਾਲ ਦੇ ਫਾਈਨਲ ਮੁਕਾਬਲੇ ਵਿਚ (ਨੋਨੀ ਤੂਰ ਦੀ ਟੀਮ) ਸ਼ਿਕਾਗੋ ਨੇ ਬਾਜ਼ੀ ਮਾਰੀ. ਇਸ ਤੋਂ ਇਲਾਵਾ ਰੱਸਾ ਕਸ਼ੀ ਮਿਊਜੀਕਲ ਚੇਅਰ ਅਤੇ ਦੌੜਾਂ ਦੇ ਮੁਕਾਬਲੇ ਕਰਵਾਏ ਗਏ ਜਿਸ ਵਿਚ ਪ੍ਰਤੀਯੋਗੀਆਂ ਨੇ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ.

ਇਸ ਮੇਲੇ ਨੂੰ ਸਫ਼ਲ ਬਨਾਉਣ ਵਿਚ ਜਿਨ੍ਹਾਂ ਸਖ਼ਸ਼ੀਅਤਾਂ ਨੇ ਕਾਬਿਲੇ ਏ ਤਾਰੀਫ਼ ਯੋਗਦਾਨ ਪਾਇਆ ਗਰੈਂਡ ਸਪਾਂਸਰ ਅਜਮੇਰ ਸਿੰਘ ਮੁੱਖ ਮਹਿਮਾਨ ਪੈਨੀ ਸਿੱਧੂ ਪਲਾਟੀਨਮ ਸਪਾਂਸਰ ਸੁਰਿੰਦਰ ਥਿੰਦ, ਰਾਜੂ ਥਿੰਦ ਡਾਇਮੰਡ ਸਪਾਂਸਰ ਜਗਜੀਤ ਮਾਂਗਟ ਬੋਬੀ ਸੰਧੂ, ਸੁਰਜੀਤ ਸਿੰਘ, ਬਲਕਾਰ ਸੰਧੂ, ਬੱਬੂ ਡੂੰਮਛੇੜੀ ਜਸਵਿੰਦਰ ਰੰਧਾਵਾ, ਸਿੰਮ ਚੱਠਾ, ਗਰਦੇਵ ਹੇਅਰ, ਗੁਰਨਾਮ ਸੰਧਾਰ ਗੋਲਡ ਸਪਾਂਸਰ ਸਨੀ ਤੁਲਸਾ, ਬਲਜੀਤ ਭਾਟੀਆ, ਜੋਲੀ ਵਾਲੀਆ ਸੋਖਾ ਭੋਪਾਲ, ਕਰਨੈਲ ਸਿੰਘ, ਕਮਰਜੀਤ ਸਿੰਘ ਯੂਨਾਈਡਿਟ ਫਰਿਡਜ ਗਰੁੱਪ ਆਫ਼ ਹਿਊਸਟਨ, ਗੁਰਪ੍ਰੀਤ ਤੂਰ ਬਖਸੀਸ ਸਿੰਘ, ਮਾਲਵਾ ਗਰੁੱਪ ਵਾਈਲੀ ਟੈਕਸਸ ਕਬੱਡੀ ਦਾ ਪਹਿਲਾ ਇਨਾਮ ਮੈਨਜਫੀਲਡ ਗਰੁੱਪ ਵੱਲੋਂ ਦਿੱਤਾ ਗਿਆ ਅਤੇ ਦੂਜਾ ਕੁਲਦੀਪ ਮੱਟੂ, ਸੁਖਚੈਨ ਧਾਲੀਵਾਲ ਵੱਲੋਂ ਪਹਿਲੀ ਇੰਨਟਰੀ ਰਾਜਾ ਸੰਧੂ, ਬਾਬੀ ਭੰਗੂ ਵੱਲੋਂ ਦੂਸਰੀ ਇੰਟਰੀ ਪੰਜਾਬ ਯੂਥ ਕਲੱਬ ਫੋਰਨ ਬਰਥ ਟੈਕਸਸ ਵੱਲੋਂ, ਵਾਲੀਵਾਲ ਦਾ ਪਹਿਲਾ ਇਨਾਮ ਰੰਧਾਵਾ ਬ੍ਰਦਰਜ਼ ਦੂਜਾ ਗਿੱਲ ਬ੍ਰਦਰਜ਼ ਵੱਲੋਂ ਇਨ੍ਹਾਂ ਤੋਂ ਇਲਾਵਾ ਲਾਲੀ ਸੋਹਲ, ਮੈਸੀ ਟਰੱਕ ਐਂਡ ਟਰੇਲਰ ਰਿਪੇਅਰ, ਯੂਨਾਈਡਿਟ ਗਰੁੱਪ ਡੀ ਐਫ਼ ਡਬਲਿਓ ਵੱਲੋਂ ਵਿਸੇਸਹਾਇਤਾ ਕੀਤੀ ਗਈ।

ਇਸ ਮੇਲੇ ਦੇ ਪਰਾਊਡ ਸਪਾਂਸਰ ਢੇਸੀ ਬਰਦਰਜ਼ ਇਸ ਮੇਲੇ ਵਿਚ ਜਿਨ੍ਹਾਂ ਮੈਂਬਰ ਸਹਿਬਾਨ ਨੇ ਵੱਡਮੁਲੀਆਂ ਸੇਵਾਵਾਂ ਨਿਭਾਈਆਂ ਸੋਨੂੰ ਢਿੱਲੋਂ, ਗੁਰਮੇਲ ਸਿੰਘ ਸੂਚ ਰਾਜ ਸਿੱਧੂ, ਗੁਰਮੇਲ ਢੇਸੀ, ਜਗਰਾਜ ਸਿੰਘ, ਮਹਿੰਦਰ ਮਸ਼ਿਆਨਾ ਜੋਗਾ ਸੰਧੂ, ਸਰਬਜੀਤ ਗਿੱਲ, ਸੋਹਣ ਸਿੰਘ ਪਾਬਲਾ, ਜਗਤਾਰ ਸਿੰਘ ਇਸ ਮੌਕੇ ਸਟੇਜ ਤੋਂ ਮਨਧੀਰ ਬੱਲ, ਹਰਦੀਪ ਗੁਰਨਾ ਵੱਲੋਂ ਬਹੁਤ ਹੀ ਰੌਚਕ ਕੁਮੈਂਟਰੀ ਕੀਤੀ ਗਈ। ਖੇਡ ਦੇ ਮੈਦਾਨ 'ਚ ਰੰਡਿਆਲਾ ਸਾਹਿਬ ਅਤੇ ਮੱਖਣ ਅਲੀ ਵੱਲੋਂ ਦਰਸ਼ਕਾਂ ਦਾ ਖ਼ੂਬ ਮੰਨੋਰੰਜਨ ਕੀਤਾ ਗਿਆ। ਹਰ ਪਾਸੇ ਤੋਂ ਡੀ ਐਫ਼ ਡਬਲਿਓ ਸਪੋਰਟਸ ਕਲੱਬ ਦੇ ਉਦਮ ਦੀ ਭਰਵੀਂ ਸਹਾਰਨਾ ਕੀਤੀ ਗਈ।

# ਮੁਕਤਸਰ ਦੇ ਬਾਸਕਟਬਾਲ ਖਿਡਾਰੀ ਪਾਲਪ੍ਰੀਤ ਸਿੰਘ ਬਰਾੜ ਦੀ ਐਨਬੀਏ ਲਈ ਹੋਈ ਚੋਣ

**ਸ੍ਰੀ ਮੁਕਤਸਰ ਸਾਹਿਬ/ਬਿਊਰੋ ਨਿਊਜ਼ :** ਮੁਕਤਸਰ ਜ਼ਿਲ੍ਹੇ ਦੇ 6 ਫੁੱਟ 9 ਇੰਚ ਕੱਦ ਵਾਲੇ ਪਾਲਪ੍ਰੀਤ ਸਿੰਘ ਬਰਾੜ (21) ਦੀ ਅਮਰੀਕਾ ਦੀ ਪੇਸ਼ੇਵਾਰਾਨਾ ਬਾਸਕਟਬਾਲ ਲੀਗ (ਐਨਬੀਏ) ਵਿੱਚ ਚੋਣ ਹੋਈ ਹੈ। ਮੁਕਤਸਰ ਲਾਗਲੇ ਪਿੰਡ ਦੋਦਾ 'ਚ ਰਹਿਣ ਵਾਲੇ ਪਾਲਪ੍ਰੀਤ ਸਿੰਘ ਦੇ ਪਿਤਾ ਫਰਜਿੰਦਰ ਸਿੰਘ, ਮਾਤਾ ਸਰਬਜੀਤ ਕੌਰ ਅਤੇ ਦਾਦੀ ਹਰਬੰਸ ਕੌਰ ਨੇ ਕਿਹਾ ਕਿ ਪਾਲਪ੍ਰੀਤ ਸਿੰਘ ਦੀ ਚੋਣ ਦੀਵਾਲੀ ਵਾਲੀ ਰਾਤ ਹੋਈ ਹੈ। ਉਸ ਦੀ ਚੋਣ ਕਰਨ ਵਾਲੀ ਟੀਮ ਲਾਂਗ ਆਈਲੈਂਡ ਨੈੱਟਸ' ਨਾਲ ਸ਼ਰਤਾਂ ਅਤੇ ਲੈਣ-ਦੇਣ 2 ਨਵੰਬਰ ਨੂੰ ਤੈਅ ਹੋ ਜਾਵੇਗਾ। ਇਸ ਟੀਮ ਵਾਸਤੇ ਚੁਣਿਆ ਜਾਣ



ਵਾਲਾ ਪਾਲਪ੍ਰੀਤ ਸਿੰਘ ਪਹਿਲਾ ਭਾਰਤੀ ਖਿਡਾਰੀ ਹੈ।

ਪਾਲਪ੍ਰੀਤ ਸਿੰਘ ਨੇ ਆਪਣਾ ਖੇਡ ਸਫਰ ਲੁਧਿਆਣਾ ਬਾਸਕਟਬਾਲ ਅਕੈਡਮੀ ਤੋਂ ਸ਼ੁਰੂ ਕੀਤਾ ਸੀ। ਇਸ ਦੌਰਾਨ ਉਸ ਨੂੰ ਅਮਰੀਕਾ ਦੀ ਨੈਸ਼ਨਲ ਬਾਸਕਟਬਾਲ ਐਸੋਸੀਏਸ਼ਨ (ਐਨਬੀਏ) ਵਲੋਂ ਭਾਰਤ ਵਿੱਚ ਲਾਏ ਗਏ 5 ਕੈਂਪਾਂ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਕੁਲ 1200 ਖਿਡਾਰੀਆਂ 'ਚੋਂ ਉਸ ਇਕੱਲੇ ਦੀ ਚੋਣ ਕੀਤੀ ਗਈ।

ਪਾਲਪ੍ਰੀਤ ਸਿੰਘ ਦੇ ਸਾਰੇ ਪਰਿਵਾਰਕ ਮੈਂਬਰ 6 ਫੁੱਟ ਤੋਂ ਲੰਬੇ ਹਨ। ਉਸ ਦੇ ਪਿਤਾ ਫਰਜਿੰਦਰ ਸਿੰਘ ਅਤੇ ਭਰਾ ਮਨਿੰਦਰ ਪਾਲ ਸਿੰਘ ਦਾ ਕੱਦ 6 ਫੁੱਟ 2 ਇੰਚ ਹੈ। ਫਰਜਿੰਦਰ ਸਿੰਘ ਨੇ ਕਿਹਾ ਕਿ ਪਾਲਪ੍ਰੀਤ ਦੀ ਖੇਡ ਨੂੰ ਨਿਖਾਰਨ ਵਿੱਚ ਉਸ ਦੇ ਕੋਚ ਸੁਬਰਾਮਨੀਅਮ ਅਤੇ ਤੇਜਾ ਸਿੰਘ ਸੈਕਟਰੀ, ਨਿੱਪੀ ਸਰਾਂ ਅਤੇ ਗਮਦੂਰ ਸਿੰਘ ਦਾ ਵੱਡਾ ਯੋਗਦਾਨ ਹੈ। 3 ਜਨਵਰੀ 1994 ਨੂੰ ਜਨਮਿਆ ਪਾਲਪ੍ਰੀਤ ਸਿੰਘ ਅਜੇ ਬੀਏ ਭਾਗ ਦੂਜਾ ਵਿੱਚ ਹੀ ਪੜ੍ਹ ਰਿਹਾ ਸੀ ਕਿ ਖੇਡ ਕੋਟੇ ਵਿੱਚ ਉਸ ਦੀ ਚੋਣ ਰੇਲਵੇ ਵਿੱਚ ਬਤੌਰ ਟੀਸੀਆਰ ਹੋ ਗਈ ਸੀ ਤੇ ਹੁਣ ਵੀ ਉਹ ਰੇਲਵੇ ਦਾ ਕਰਮਚਾਰੀ ਹੈ। ਸ੍ਰੀ ਫਰਜਿੰਦਰ ਸਿੰਘ ਨੇ ਕਿਹਾ ਕਿ ਪਾਲਪ੍ਰੀਤ ਸਿੰਘ ਦੀ ਵਿਸ਼ਵ ਪੱਧਰ 'ਤੇ ਚੋਣ ਨਾਲ ਪੰਜਾਬੀਆਂ ਦੇ ਸਿਰ ਨਸ਼ੇੜੀ ਹੋਣ ਦਾ ਲੱਗਦਾ ਦਾਗ਼ ਵੀ ਧੋਤਾ ਗਿਆ ਹੈ।




## ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਲਈ 188ਵੀਂ ਅਰਦਾਸ

**ਬਟਾਲਾ/ਬਿਊਰੋ ਨਿਊਜ਼ :** ਗੁਰਦੁਆਰਾ ਕਰਤਾਰਪੁਰ ਸਾਹਿਬ (ਪਾਕਿਸਤਾਨ) ਤੱਕ ਡੇਰਾ ਬਾਬਾ ਨਾਨਕ ਸਰਹੱਦ ਤੋਂ ਬਿਨਾਂ ਵੀਜ਼ਾ ਰਾਹ ਖੋਲ੍ਹੇ ਜਾਣ ਦੀ ਮੰਗ ਸਬੰਧੀ ਸੰਗਤ ਵਲੋਂ ਜਥੇਦਾਰ ਕੁਲਦੀਪ ਸਿੰਘ ਵਡਾਲਾ ਦੀ ਅਗਵਾਈ ਵਿੱਚ 188ਵੀਂ ਅਰਦਾਸ ਕੀਤੀ ਗਈ। ਇਸ ਤੋਂ ਪਹਿਲਾਂ ਸੰਗਤ ਕਸਬੇ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਇਕੱਤਰ ਹੋਈ ਤੇ ਜਾਪ ਕਰਦੀ ਕੌਮਾਂਤਰੀ ਸਰਹੱਦ 'ਤੇ ਪੁੱਜੀ। ਇੱਥੇ ਦਰਸ਼ਨ ਅਸਥਾਨ 'ਤੇ ਖੜ੍ਹੇ ਹੋ ਕੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਉਪਰੰਤ ਖੁੱਲ੍ਹੇ ਲਾਂਘੇ ਲਈ ਅਰਦਾਸ ਕੀਤੀ ਗਈ। ਜਥੇਦਾਰ ਵਡਾਲਾ ਨੇ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਸੰਗਤ ਵਲੋਂ ਆਪਣੇ ਵਿਛੜੇ ਗੁਰਧਾਮਾਂ ਦੇ ਦਰਸ਼ਨਾਂ ਵਾਸਤੇ ਹਰ ਮੱਸਿਆ 'ਤੇ ਇੱਥੇ ਅਰਦਾਸ ਕੀਤੀ ਜਾਂਦੀ ਹੈ। ਗੁਰਦੁਆਰਾ ਕਰਤਾਰਪੁਰ ਸਾਹਿਬ ਰਾਵੀ ਦਰਸ਼ਨ ਅਭਿਲਾਖੀ ਸੰਸਥਾ ਦੇ ਜਨਰਲ ਸਕੱਤਰ ਗੁਰਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਪੂਰੀ ਦੁਨੀਆ ਤੋਂ ਸੰਗਤ ਦੀਆਂ ਨਜ਼ਰਾਂ ਇਸ ਇਤਿਹਾਸਕ ਸਥਾਨ ਦੇ ਲਾਂਘੇ ਵੱਲ ਟਿਕੀਆਂ ਹੋਈਆਂ ਹਨ। ਇਸ ਮੌਕੇ ਜਥੇਦਾਰ ਜਸਬੀਰ ਸਿੰਘ ਜਫਰਵਾਲ, ਹਰਭਜਨ ਸਿੰਘ, ਬਲਕਾਰ ਸਿੰਘ ਭਗਵਾਨਪੁਰ, ਪ੍ਰੀਤਮ ਸਿੰਘ ਵਦਾਨ, ਪਵਨ ਕੁਮਾਰ ਜਲੰਧਰ, ਮਨਦੀਪ ਸਿੰਘ ਸਾਗਰਪੁਰ ਹਾਜ਼ਰ ਸਨ।

## ਪਾਕਿਸਤਾਨ ਵਿਚ ਮੀਰਪੁਰ ਖ਼ਾਸ ਦੇ ਗੁਰਦੁਆਰੇ 'ਤੇ ਜਮਾਤ-ਏ-ਇਸਲਾਮੀ ਦਾ ਕਬਜ਼ਾ

**ਸਿੰਧ/ਬਿਊਰੋ ਨਿਊਜ਼ :** ਪਾਕਿਸਤਾਨ ਦੇ ਸੂਬਾ ਸਿੰਧ ਦੇ ਜ਼ਿਲ੍ਹਾ ਮੀਰਪੁਰ ਖ਼ਾਸ ਦੇ ਗੁਰਦੁਆਰੇ 'ਤੇ ਜਮਾਤ-ਏ-ਇਸਲਾਮੀ ਦਾ ਕਬਜ਼ਾ ਕਾਇਮ ਹੈ ਅਤੇ ਸਥਾਨਕ ਪਾਕਿਸਤਾਨੀ ਸਿੱਖ ਸੰਗਤ ਜਾਂ ਹਿੰਦੂਆਂ ਨੂੰ ਉਥੇ ਜਾਣ ਦੀ ਮਨਜ਼ੂਰੀ ਨਹੀਂ ਹੈ। ਦੱਸਿਆ ਜਾਂਦਾ ਹੈ ਕਿ ਮੀਰਪੁਰ ਦੇ ਰੇਲਵੇ ਸਟੇਸ਼ਨ ਦੇ ਨਜ਼ਦੀਕ ਸੁਸ਼ੋਭਿਤ ਗੁਰਦੁਆਰੇ ਵਾਲੇ ਸਥਾਨ ਨੂੰ ਗੁਰੂ ਨਾਨਕ ਦੇਵ ਜੀ ਦੀ ਚਰਨਛੋਹ ਪ੍ਰਾਪਤ ਹੈ। ਮੌਜੂਦਾ ਸਮੇਂ ਗੁਰਦੁਆਰੇ ਦੇ ਇੱਕ ਵੱਡੇ ਹਿੱਸੇ 'ਤੇ ਪਾਕਿਸਤਾਨ ਇਵੈਕਿਊ ਟਰੱਸਟ ਪ੍ਰਾਪਰਟੀ ਬੋਰਡ ਦਾ ਦਫ਼ਤਰ ਵੀ ਕਾਇਮ ਹੈ। ਗੁਰਦੁਆਰੇ ਦੇ ਬਾਹਰਵਾਰ ਬਹੁਤ ਵੱਡੀ ਮਾਰਕੀਟ ਹੈ, ਜੋ ਇਸੇ ਗੁਰਦੁਆਰੇ ਦੀ ਥਾਂ ਵਿੱਚ ਹੈ। ਗੁਰਦੁਆਰੇ ਦੇ ਬਾਹਰ ਉਰਦੂ ਵਿੱਚ ਜਮਾਤ-ਏ-ਇਸਲਾਮੀ ਦਾ ਬੋਰਡ ਲੱਗਿਆ ਹੋਇਆ ਹੈ। ਪਾਕਿਸਤਾਨ ਈਟੀਪੀਬੀ ਦੇ ਚੇਅਰਮੈਨ ਸਦੀਕ ਉਲ ਫ਼ਾਰੂਕ ਨੂੰ ਗੁਰਦੁਆਰੇ ਦੇ ਨਵਨਿਰਮਾਣ ਅਤੇ ਇਸ ਨੂੰ ਪਾਕਿਸਤਾਨ ਦੀ ਸਿੱਖ ਸੰਗਤ ਲਈ ਖੋਲ੍ਹੇ ਜਾਣ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਮੀਰਪੁਰ ਵਿੱਚ ਸਿੱਖਾਂ ਦੀ ਆਬਾਦੀ ਘੱਟ ਹੋਣ ਕਰ ਕੇ ਇਸ ਗੁਰਦੁਆਰੇ ਦਾ ਨਵਨਿਰਮਾਣ ਕਰਵਾ ਕੇ ਇਸ ਨੂੰ ਸਿੱਖ ਸੰਗਤ ਲਈ ਖੋਲ੍ਹਿਆ ਜਾਣਾ ਸੰਭਵ ਨਹੀਂ ਹੈ। ਦੱਸਣਯੋਗ ਹੈ ਕਿ ਮੀਰਪੁਰ ਖ਼ਾਸ ਵਿੱਚ ਇਸ ਵੇਲੇ 30 ਫ਼ੀਸਦੀ ਸਿੰਧੀ ਹਿੰਦੂ ਰਹਿ ਰਹੇ ਹਨ।

# ਡੈਲਸ, ਟੈਕਸਸ ਵਿਚ ਪ੍ਰਕਾਸ਼ ਦਿਹਾੜੇ ਮੌਕੇ ਸਜਿਆ ਮਹਾਨ ਨਗਰ ਕੀਰਤਨ






**ਡੈਲਸ ਟੈਕਸਸ/ਹਰਜੀਤ ਢੇਸੀ:**
ਡੈਲਸ ਫੋਰਟਵਰਥ ਦੀਆਂ ਗੁਰਦੁਆਰਾ ਕਮੇਟੀਆਂ ਅਤੇ ਸੰਸਥਾਵਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਇੱਥੇ ਮਹਾਨ ਨਗਰ ਕੀਰਤਨ ਸਜਾਇਆ ਗਿਆ। ਇਸ ਨਗਰ ਕੀਰਤਨ ਵਿਚ ਵੱਡੀ ਗਿਣਤੀ 'ਚ ਸੰਗਤਾਂ ਨੇ ਹਾਜ਼ਰੀ ਭਰੀ। ਨਗਰ ਕੀਰਤਨ ਸਿੰਘ ਸਭਾ ਰਿਚਰਡਸਨ ਤੋਂ ਅਰਦਾਸ ਉਪਰੰਤ ਕਰੀਬ ਬਾਅਦ ਦੁਪਹਿਰ 1:00 ਵਜੇ ਜੈਕਾਰਿਆਂ ਦੀ ਗੂੰਜ ਵਿਚ ਆਰੰਭ ਹੋਇਆ। ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਹੇਠ ਸਜਾਏ ਗਏ ਇਸ ਨਗਰ ਕੀਰਤਨ ਦੀ ਅਗਵਾਨੀ ਪੰਜ ਪਿਆਰੇ ਕਰ ਰਹੇ ਸਨ। ਸਭ ਤੋਂ ਅੱਗੇ ਨਗਾਰਾ ਵੱਜ ਰਿਹਾ ਸੀ ਅਤੇ ਉਸ ਪਿੱਛੇ ਅਮਰੀਕਾ ਅਤੇ ਟੈਕਸਸ ਸਟੇਟ ਦੇ ਪਰਚਮ ਅਤੇ ਖਾਲਸਾਈ ਨਿਸ਼ਾਨ ਸਾਹਿਬ ਲੈ ਕੇ ਨਿਸ਼ਾਨਚੀ ਚੱਲ ਰਹੇ ਸਨ।

ਗੁਰੂ ਗ੍ਰੰਥ ਸਾਹਿਬ ਦੇ ਫਲੋਟ ਤੋਂ ਰਾਗੀ ਜਥੇ ਇਲਾਹੀ ਬਾਣੀ ਦੇ ਕੀਰਤਨ ਦੀਆਂ ਮਧੁਰ ਧੁਨਾਂ ਮਾਹੌਲ ਵਿਚ ਰਸ ਘੋਲ ਰਹੇ ਸਨ। ਗੁਰੂ ਗਰੰਥ ਸਾਹਿਬ ਦੀ ਪਾਲਕੀ ਦੇ ਪਿੱਛੇ ਵੱਖ ਵੱਖ ਗੁਰੂ ਘਰਾਂ ਦੇ ਫਲੋਟ ਤੋਂ ਇਲਾਵਾ ਸਿੱਖ ਯੂਥ ਆਫ਼ ਅਮੈਰਿਕਾ ਦਾ ਫਲੋਟ ਜਾ ਰਿਹਾ ਸੀ ਜਿਸ ਉਪਰ ਖਾੜਕੂ ਲਹਿਰ ਦੇ ਸ਼ਹੀਦਾਂ ਦੀਆਂ ਤਸਵੀਰਾਂ ਲਾਈਆਂ ਗਈਆਂ ਸਨ। ਗੁਰੂ ਕੀਆਂ ਸੰਗਤਾਂ ਗੁਰੂ ਜਸ ਗਾਉਂਦੀਆਂ ਹਾਜ਼ਰੀ ਲੁਆ ਰਹੀਆਂ ਸਨ। ਥਾਂ ਥਾਂ ਸ਼ਰਧਾਲੂਆਂ ਵੱਲੋਂ ਸੰਗਤਾਂ ਲਈ ਭੋਜਨ ਪਦਾਰਥਾਂ ਦੇ ਲੰਗਰ ਲਾਏ ਗਏ ਸਨ।

ਬਾਕੀ ਸਫ਼ਾ 28 'ਤੇ

# ਗੁਰਦੁਆਰਾ ਸੰਤ ਸਾਗਰ ਵਲੋਂ ਗੁਰਪੁਰਬ ਨੂੰ ਸਮਰਪਿਤ ਮਹਾਨ ਨਗਰ ਕੀਰਤਨ





**ਨਿਊਯਾਰਕ/ਬਿਊਰੋ ਨਿਊਜ਼:** ਗੁਰਦੁਆਰਾ ਸੰਤ ਸਾਗਰ ਬੈਲਰੋਜ਼ ਵੱਲੋਂ ਗੁਰਪੁਰਬ ਨੂੰ ਸਮਰਪਿਤ ਗਿਆਰਵਾਂ ਮਹਾਨ ਨਗਰ ਕੀਰਤਨ ਬੜੀ ਸ਼ਰਧਾ ਭਾਵਨਾ ਨਾਲ ਬੈਲਰੋਜ਼ ਦੀ ਧਰਤੀ ਤੋਂ ਕੱਢਿਆ ਗਿਆ। ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਅਸਵਾਰੀ ਨੂੰ ਗੁਰੂ ਘਰ ਤੋਂ ਅਰਦਾਸ ਕਰਕੇ ਪਾਲਕੀ ਸਾਹਿਬ ਵਿਚ ਸਜਾਇਆ ਗਿਆ। ਬਾਬਾ ਸੱਜਣ ਸਿੰਘ ਅਤੇ ਗਿਆਨੀ ਹਰਦੇਵ ਸਿੰਘ ਹੈੱਡ ਗ੍ਰੰਥੀ ਜੀ ਦੇ ਨਾਲ ਸਮੁੱਚੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਫਲੋਟ ਦੇ ਪਿੱਛੇ ਪਿੱਛੇ ਚਲੀਆਂ। ਪ੍ਰਸਿੱਧ ਰਾਗੀ ਭਾਈ ਬਲਜਿੰਦਰ ਸਿੰਘ ਨੇ ਕੀਰਤਨ ਆਰੰਭ ਕੀਤਾ।

ਜੈਕਾਰਿਆਂ ਦੀ ਗੂੰਜ ਵਿਚ ਨਗਰ ਕੀਰਤਨ ਗੁਰੂ ਘਰ ਤੋਂ ਹਿੱਲ ਸਾਈਡ ਐਵਨਿਓ ਉਤੋਂ ਚਲਦਾ ਹੋਇਆ ਲਿਟਲ ਨੈਕ ਐਵਿਨਿਊ ਉਤੇ ਪਹੁੰਚਿਆ। ਗੁਰੂ ਘਰ ਵੱਲੋਂ ਹੈਲੀਕੈਪਟਰ ਰਾਹੀਂ ਫੁੱਲਾਂ ਦੀ ਵਰਖਾ ਕਰਵਾਉਣ ਦਾ ਬੰਦੋਬਸਤ ਕੀਤਾ ਗਿਆ ਸੀ ਕੋਈ 10 ਮਿੰਟ ਗੁਰੂ ਗ੍ਰੰਥ ਸਾਹਿਬ ਉਤੋਂ ਹੈਲੀਕੈਪਟਰ ਰਾਹੀਂ ਫੁੱਲਾਂ ਦੀ ਵਰਖਾ ਕੀਤੀ ਗਈ। ਸੰਗਤ ਨੇ ਇਸ ਮਨਮੋਹਕ ਦ੍ਰਿਸ਼ ਦਾ ਆਨੰਦ ਮਾਣਿਆ।

ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਨਗਰ ਕੀਰਤਨ ਦਾ ਫਲੋਟ ਅੱਗੇ ਤੋਰਿਆ ਜੋ 263 ਸਟਰੀਟ ਤੋਂ ਖੱਬੇ ਪਾਸੇ 82 ਐਵਿਨਿਊ ਤੋਂ ਹੁੰਦਿਆ ਹੋਇਆ ਹੌਲੀ ਹੌਲੀ ਦੁਬਾਰਾ ਗੁਰਦੁਆਰਾ ਸਾਹਿਬ ਪਹੁੰਚਿਆ।

ਰਾਗੀ ਭਾਈ ਬਲਜਿੰਦਰ ਸਿੰਘ ਤੋਂ ਇਲਾਵਾ ਭਾਈ ਪਰਮਜੀਤ ਸਿੰਘ ਜੀ ਖਾਲਸਾ ਦਿੱਲੀ ਵਾਲੇ ਭਾਈ ਭਾਨ ਸਿੰਘ ਭੋਰਾ ਨੇ ਗੁਰੂ ਮਹਾਰਾਜ ਦੇ ਗੁਣ ਗਾਇਨ ਕੀਤੇ ਅਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਦਿਵਸ ਦੀਆਂ ਸ਼ੁਭ ਕਾਮਨਾਵਾਂ ਦਿੱਤੀਆਂ।

ਬਾਬਾ ਸੱਜਣ ਸਿੰਘ ਜੀ ਨੇ ਸਮੁੱਚੀਆਂ ਸੰਗਤਾਂ ਦਾ ਧੰਨਵਾਦ ਵੀ ਕੀਤਾ ਅਤੇ ਸ਼ੁਭ ਕਾਮਨਾਵਾਂ ਵੀ ਦਿੱਤੀਆਂ।

ਇਸ ਨਗਰ ਕੀਰਤਨ ਨੂੰ ਜਸ ਪੰਜਾਬੀ ਟੀ ਵੀ ਨੇ ਅਤੇ ਬੀ ਜੇ ਸਟੂਡੀਓ ਦੇ ਬਲਦੇਵ ਸਿੰਘ ਨੇ ਲਾਈਵ ਪ੍ਰੋਗਰਾਮ ਕਰਕੇ ਵਰਲਡ ਵਾਈਡ ਦਰਸ਼ਨ ਕਰਵਾਏ।







Travel for Less Inc.
SPECIALIZED IN DISCOUNT FARES WORLDWIDE
ਅਗਰ ਤੁਸੀਂ ਇੰਡਿਆ ਜਾਣ ਲਈ ਸਸਤੀਆਂ ਟਿਕਟਾਂ ਦੇ ਚਾਹਵਾਨ ਹੋ ਤਾਂ ਟਿਕਟ
ਖਰੀਦਣ ਤੋਂ ਪਹਿਲਾਂ ਇੱਕ ਵਾਰ ਸਾਨੂੰ ਕਾਲ ਜ਼ਰੂਰ ਕਰੋ
ASIANA AIRLINES
A STAR ALLIANCE MEMBER
ASIANA AIRLINES NOW FLIES NEW DELHI
5 TIMES A WEEK STARTING 1ST JULY 2016
BUY TRAVEL TICKETS ON WHOLESALE PRICES
CST NO : 2031914-40
O/B SFO - DEL MON/TUE/WED/FRI/SAT
I/B DEL - SFO MON/WED/THU/FRI/SUN
Serving the Bay Area Since 1996
39156-State Street,Fremont CA-94538
Email: info@travelforlessinc.com
www.letsflyhome.com
(510) 791-3300
(408) 791-2600


FINANCIAL FREEDOM
REDUCE YOUR DEBT BY UP TO 60%
ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ
✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ
ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ
WE WORK IN ALL 50 STATES & CANADA
ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa

# ਟਰੰਪ ਦੇ ਰਾਸ਼ਟਰਪਤੀ ਬਣਨ ਨਾਲ ਭਾਰਤ ਨੂੰ ਨੁਕਸਾਨ ?



**ਟਰੰਪ ਨੇ ਰੈਲੀ ਵਿਚ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਭਾਰਤ ਅਤੇ ਹਿੰਦੂਆਂ ਨਾਲ 'ਪ੍ਰੇਮ' ਹੈ। ਸਾਫ਼ ਹੈ, ਧਰਮ ਤੇ ਦੇਸ਼ ਦੇ ਨਾਂ 'ਤੇ ਉਹ ਉਲਝਣ ਵਿਚ ਹਨ। ਕਸ਼ਮੀਰ ਦੇ ਮੁੱਦੇ 'ਤੇ ਭਾਰਤੀ ਪੱਤਰਕਾਰਾਂ ਦੇ ਸਵਾਲਾਂ ਤੋਂ ਉਹ ਬਚਦੇ ਰਹੇ। ਪਰ ਉਨ੍ਹਾਂ ਨੇ ਇਸ ਮੁੱਦੇ 'ਤੇ ਦੋਹਾਂ ਮੁਲਕਾਂ ਵਿਚ ਵਿਚੋਲਗੀ ਕਰਨ ਦੀ ਪੇਸ਼ਕਸ਼ ਕਰ ਦਿੱਤੀ। ਅਜਿਹਾ ਲਗਦਾ ਹੈ ਕਿ ਇਸ ਵਿਸ਼ੇ 'ਤੇ ਉਨ੍ਹਾਂ ਤਿਆਰੀ ਨਹੀਂ ਕੀਤੀ ਹੈ, ਕਿਉਂਕਿ ਉਹ ਕਸ਼ਮੀਰ 'ਤੇ ਵਿਚੋਲਗੀ ਵੀ ਕਰਨ ਅਤੇ ਭਾਰਤ ਦਾ ਦੋਸਤ ਵੀ ਬਣੇ ਰਹਿਣ, ਅਜਿਹਾ ਨਹੀਂ ਹੋ ਸਕਦਾ।**

**ਸੀਮਾ ਸਿਰੋਹੀ***

ਹਿਲੇਰੀ ਕਲਿੰਟਨ ਜਾਂ ਡੋਨਾਲਡ ਟਰੰਪ ਦੇ ਅਮਰੀਕੀ ਰਾਸ਼ਟਰਪਤੀ ਬਣਨ ਨਾਲ ਦੁਨੀਆ ਅਤੇ ਖ਼ਾਸ ਕਰਕੇ ਭਾਰਤ 'ਤੇ ਕੀ ਅਸਰ ਪਏਗਾ ? ਇਸ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ ਕਿਉਂਕਿ ਇਕ ਕੋਲ ਨੀਤੀਆਂ ਬਣਾਉਣ ਦਾ ਲੰਬਾ ਅਨੁਭਵ ਹੈ ਜਦਕਿ ਦੂਸਰੇ ਕੋਲ ਕੋਈ ਅਨੁਭਵ ਹੀ ਨਹੀਂ ਹੈ।

ਆਪਣੇ 30 ਸਾਲ ਦੇ ਜਨਤਕ ਜੀਵਨ ਵਿਚ ਹਿਲੇਰੀ ਔਰਤਾਂ ਦੀ ਸਿਹਤ ਨੂੰ ਲੈ ਕੇ ਏਸ਼ੀਆ ਵਿਚ ਅਮਰੀਕਾ ਦੀ ਭੂਮਿਕਾ ਤਕ, ਕਈ ਮੁੱਦਿਆਂ 'ਤੇ ਨੀਤੀਆਂ ਨਾਲ ਜੁੜੀ ਰਹੀ। ਓਬਾਮਾ ਪ੍ਰਸ਼ਾਸਨ ਵਿਚ ਵਿਦੇਸ਼ ਮੰਤਰੀ ਦੀ ਹੈਸੀਅਤ ਨਾਲ ਉਨ੍ਹਾਂ ਨੇ 100 ਤੋਂ ਜ਼ਿਆਦਾ ਮੁਲਕਾਂ ਦੀ ਯਾਤਰਾ ਕੀਤੀ ਅਤੇ ਉਹ ਦੁਨੀਆ ਦੇ ਕਈ ਨੇਤਾਵਾਂ ਨੂੰ ਨਿੱਜੀ ਤੌਰ 'ਤੇ ਜਾਣਦੀ ਹੈ।

ਦੂਸਰੇ ਪਾਸੇ ਟਰੰਪ ਕੌਮਾਂਤਰੀ ਮਾਮਲਿਆਂ ਤੋਂ ਮੋਟੇ ਤੌਰ 'ਤੇ ਅਣਜਾਣ ਹਨ। ਉਹ ਇਕ ਵਪਾਰੀ ਹਨ, ਨਾਰਥ ਅਟਲਾਂਟਿਕ ਆਰਗੇਨਾਈਜੇਸ਼ਨ (ਨੈਟੋ) ਅਤੇ ਕਸ਼ਮੀਰ ਵਰਗੇ ਮੁੱਦਿਆਂ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ।

ਪਰ ਉਹ ਆਪਣੇ ਅਗਿਆਨ ਨੂੰ ਲਾਭ ਦੀ ਚੀਜ਼ ਬਣਾ ਰਹੇ ਹਨ ਤੇ ਆਪਣੇ ਆਪ ਨੂੰ ਇਸ ਰੂਪ ਵਿਚ ਪੇਸ਼ ਕਰ ਰਹੇ ਜੋ ਸਭ ਕੁਝ ਬਦਲ ਕੇ ਰੱਖ ਦਏਗਾ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਵਿਵਸਥਾ ਨੂੰ ਹਿਲਾ ਕੇ ਰੱਖ ਦੇਣਾ ਚਾਹੁੰਦੇ ਹਨ। ਇਸ ਨਾਲ ਉਹ ਵੋਟਰ ਉਨ੍ਹਾਂ ਵੱਲ ਖਿੱਚੇ ਚੱਲੇ ਆ ਰਹੇ ਹਨ, ਜਿਨ੍ਹਾਂ ਦਾ ਦੋਹਾਂ ਹੀ ਪਾਰਟੀਆਂ ਤੋਂ ਮੋਹ ਭੰਗ ਹੋ ਚੁੱਕਾ ਹੈ। ਪਰ ਅਨੁਭਵ ਦੀ ਕਮੀ ਅਤੇ ਕਈ ਵਾਰ ਬਗ਼ੈਰ ਸੋਚੇ-ਸਮਝੇ ਬੋਲ ਦੇਣ ਕਾਰਨ ਉਨ੍ਹਾਂ ਦੇ ਸਮਰਥਕ ਵੀ ਉਨ੍ਹਾਂ ਨੂੰ ਬੋਝ ਹੀ ਮੰਨਣ ਲੱਗੇ ਹਨ। ਤੀਸਰੀ ਤੇ ਅੰਤਿਮ ਬਹਿਸ ਮਗਰੋਂ ਉਹ ਤਮਾਮ ਸਰਵੇਖਣਾਂ ਵਿਚ ਕਲਿੰਟਨ ਤੋਂ ਪਿਛੇ ਸਨ। ਨਿਊ ਯਾਰਕ ਟਾਈਮਜ਼ ਦਾ ਅਨੁਮਾਨ ਹੈ ਕਿ ਹਿਲੇਰੀ ਕਲਿੰਟਨ ਦੇ ਜਿੱਤਣ ਦੀ ਸੰਭਾਵਨਾ 92 ਫ਼ੀਸਦੀ ਹੈ।

ਭਾਰਤ ਦੇ ਮਾਮਲੇ ਵਿਚ ਟਰੰਪ ਲੀਕ ਤੋਂ ਹਟ ਕੇ ਚੱਲਣ ਵਾਲੇ ਇਨਸਾਨ ਹਨ, ਜਿਨ੍ਹਾਂ ਦੀ ਮਹੱਤਵਪੂਰਨ ਮੁੱਦਿਆਂ 'ਤੇ ਰਾਏ ਮੂਡ ਦੇ ਹਿਸਾਬ ਨਾਲ ਬਦਲਦੀ ਰਹਿੰਦੀ ਹੈ। ਅਮਰੀਕਾ ਦੇ ਸਹਿਯੋਗੀਆਂ 'ਤੇ ਸਵਾਲੀਆ ਨਿਸ਼ਾਨ ਲਾਉਣ ਕਾਰਨ ਏਸ਼ੀਆ ਦੇ ਸੱਤਾ, ਸਮੀਕਰਨ ਵਿਚ ਜੋ ਥਾਂ ਖ਼ਾਲੀ ਹੋ ਸਕਦੀ ਹੈ, ਉਸ ਨੂੰ ਚੀਨ ਭਰ ਸਕਦਾ ਹੈ। ਇਹ ਭਾਰਤ ਦੇ ਹਿਤਾਂ ਖ਼ਿਲਾਫ਼ ਹੋਵੇਗਾ। ਭਾਰਤੀ ਮੂਲ ਦੇ ਇਕ ਅਮਰੀਕੀ ਵਪਾਰੀ ਨੇ ਰਿਪਬਲਿਕਨ ਹਿੰਦੂ ਕੂਲੀਜ਼ਨ ਨਾਂ ਦਾ ਇਕ ਸੰਗਠਨ ਬਣਾਇਆ ਹੈ। ਇਸ ਦੀ ਇਕ ਰੈਲੀ ਵਿਚ ਟਰੰਪ ਨੇ ਕਿਹਾ ਕਿ ਜੇਕਰ ਉਹ ਰਾਸ਼ਟਰਪਤੀ ਚੁਣੇ ਗਏ ਤਾਂ ਭਾਰਤ ਦੇ 'ਸਭ ਤੋਂ ਚੰਗੇ ਦੋਸਤ' ਸਿੱਧ ਹੋਣਗੇ।

ਟਰੰਪ ਨੇ ਇਸੇ ਰੈਲੀ ਵਿਚ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਭਾਰਤ ਅਤੇ ਹਿੰਦੂਆਂ ਨਾਲ 'ਪ੍ਰੇਮ' ਹੈ। ਸਾਫ਼ ਹੈ, ਧਰਮ ਤੇ ਦੇਸ਼ ਦੇ ਨਾਂ 'ਤੇ ਉਹ ਉਲਝਣ ਵਿਚ ਹਨ। ਕਸ਼ਮੀਰ ਦੇ ਮੁੱਦੇ 'ਤੇ ਭਾਰਤੀ ਪੱਤਰਕਾਰਾਂ ਦੇ ਸਵਾਲਾਂ ਤੋਂ ਉਹ ਬਚਦੇ ਰਹੇ। ਪਰ ਉਨ੍ਹਾਂ ਨੇ ਇਸ ਮੁੱਦੇ 'ਤੇ ਦੋਹਾਂ ਮੁਲਕਾਂ ਵਿਚ ਵਿਚੋਲਗੀ ਕਰਨ ਦੀ ਪੇਸ਼ਕਸ਼ ਕਰ ਦਿੱਤੀ। ਅਜਿਹਾ ਲਗਦਾ ਹੈ ਕਿ ਇਸ ਵਿਸ਼ੇ 'ਤੇ ਉਨ੍ਹਾਂ ਤਿਆਰੀ ਨਹੀਂ ਕੀਤੀ ਹੈ, ਕਿਉਂਕਿ ਉਹ ਕਸ਼ਮੀਰ 'ਤੇ ਵਿਚੋਲਗੀ ਵੀ ਕਰਨ ਅਤੇ ਭਾਰਤ ਦਾ ਦੋਸਤ ਵੀ ਬਣੇ ਰਹਿਣ, ਅਜਿਹਾ ਨਹੀਂ ਹੋ ਸਕਦਾ।

ਪ੍ਰਚਾਰ ਮੁਹਿੰਮ ਦੇ ਸ਼ੁਰੂ ਵਿਚ ਹੀ ਟਰੰਪ ਨੇ ਪਾਕਿਸਤਾਨ ਨੂੰ 'ਸ਼ਾਇਦ ਸਭ ਤੋਂ ਖ਼ਤਰਨਾਕ' ਦੇਸ਼ ਕਰਾਰ ਦਿੱਤਾ ਸੀ। ਉਨ੍ਹਾਂ ਸੰਕੇਤ ਦਿੱਤਾ ਸੀ ਕਿ 'ਪਾਕਿਸਤਾਨ ਨੂੰ ਰੋਕਣ ਵਿਚ' 'ਭਾਰਤ ਨੂੰ ਲਾਉਣਗੇ'। ਇਸ ਬਿਆਨ ਨਾਲ ਭਾਰਤ ਦੇ ਕੁਝ ਲੋਕਾਂ ਨੂੰ ਸ਼ਾਇਦ ਖ਼ੁਸ਼ੀ ਹੋਈ ਹੋਵੇ ਪਰ ਇਹ ਸਿਰਫ਼ ਕਲਪਨਾ ਹੈ।

ਦੂਸਰੇ ਪਾਸੇ ਹਿਲੇਰੀ ਨੂੰ ਦੱਖਣੀ ਏਸ਼ੀਆ ਦੀ ਸਮਝ ਹੈ। ਉਨ੍ਹਾਂ ਨੇ ਹੀ ਆਪਣੇ ਪਤੀ ਬਿਲ ਕਲਿੰਟਨ ਨੂੰ ਸਮਝਾਇਆ ਸੀ ਕਿ ਉਹ ਰਾਸ਼ਟਰਪਤੀ ਅਹੁਦੇ 'ਤੇ ਰਹਿੰਦੇ ਹੋਏ ਆਖ਼ਰੀ ਸਾਲ ਵਿਚ ਭਾਰਤ ਦਾ ਦੌਰਾ ਕਰਨ। ਸੈਨੇਟਰ ਰਹਿੰਦਿਆਂ ਹਿਲੇਰੀ ਅਮਰੀਕੀ ਕਾਂਗਰਸ ਦੇ ਇੰਡਿਆ ਕਾਕਸ ਦੇ ਮੁਖੀ ਸਨ। ਓਬਾਮਾ ਪ੍ਰਸ਼ਾਸਨ ਵਿਚ ਵਿਦੇਸ਼ ਮੰਤਰੀ ਰਹਿੰਦਿਆਂ ਉਨ੍ਹਾਂ ਨੇ ਕਿਹਾ ਸੀ ਕਿ ਪਾਕਿਸਤਾਨ 'ਸੱਪ' ਪਾਲਦਾ ਹੈ, ਉਨ੍ਹਾਂ ਦਾ ਇਸ਼ਾਰਾ ਕੱਟੜਪੰਥੀਆਂ ਵੱਲ ਸੀ। ਉਨ੍ਹਾਂ ਨੇ ਏਸ਼ੀਆ ਪ੍ਰਸ਼ਾਂਤ ਵਿਚ ਚੀਨ ਦੀ ਬਰਾਬਰੀ ਕਰਨ ਲਈ ਏਸ਼ੀਆ ਵਿਚ ਅਮਰੀਕਾ ਦੀ ਇਕ 'ਧੁਰੀ' ਬਣਾਉਣ ਦਾ ਸੁਝਾਅ ਓਬਾਮਾ ਨੂੰ ਦਿੱਤਾ ਸੀ। ਉਨ੍ਹਾਂ ਨੇ ਭਾਰਤ ਨੂੰ ਕਿਹਾ ਸੀ ਕਿ ਉਹ ਆਪਣੇ 'ਲੁਕ ਈਸਟ' ਨੀਤੀ ਵਿਚ 'ਐਕਟ ਈਸਟ' ਵੀ ਜੋੜੇ। ਕਲਿੰਟਨ ਆਪਣੀ ਏਸ਼ੀਆ ਵਿਚ ਧੁਰੀ ਬਣਾਉਣ ਦੀ ਨੀਤੀ 'ਤੇ ਚੱਲੇਗੀ, ਇਸ ਨਾਲ ਭਾਰਤ ਨੂੰ ਸੁਰੱਖਿਆ ਦੇ ਲਿਹਾਜ਼ ਨਾਲ ਲਾਭ ਹੈ। ਭਾਰਤ ਦੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੌਰਾਨ ਭਾਰਤ ਅਮਰੀਕਾ ਦੇ ਹੋਰ ਨੇੜੇ ਆਇਆ ਹੈ। ਏਸ਼ੀਆ ਪ੍ਰਸ਼ਾਂਤ ਅਤੇ ਹਿੰਦ ਮਹਾਂਸਾਗਰ ਖੇਤਰ 'ਤੇ ਕੀ ਦ੍ਰਿਸ਼ਟੀ ਹੋਵੇਗੀ, ਇਸ 'ਤੇ ਬੀਤੇ ਸਾਲ ਦੋਵੇਂ ਮੁਲਕਾਂ ਨੇ ਇਕ ਸਾਂਝਾ ਬਿਆਨ ਜਾਰੀ ਕੀਤਾ। ਇਹ ਚੀਨ ਨੂੰ ਸੰਕੇਤ ਦੇਣ ਲਈ ਸੀ। ਕਲਿੰਟਨ ਦੀ ਜਿੱਤ ਨੂੰ ਭਾਰਤ ਸਕਾਰਾਤਮਕ ਵਜੋਂ ਦੇਖੇ ਅਤੇ ਚੀਨ ਇਸ ਦੇ ਉਲਟ ਸੋਚੇ ਤਾਂ ਕਿਸੇ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ।

ਕਲਿੰਟਨ ਨੇ ਚੀਨ ਵਿਚ ਮਨੁੱਖੀ ਅਧਿਕਾਰਾਂ ਦੇ ਉਲੰਘਣ 'ਤੇ ਚਿੰਤਾ ਜ਼ਾਹਰ ਕੀਤੀ ਹੈ। ਹਾਲ ਹੀ ਵਿਚ ਵਿਕੀਲੀਕਸ ਦੇ ਜਾਰੀ ਕੀਤੇ ਗਏ ਈ-ਮੇਲ ਮੁਤਾਬਕ, ਹਿਲੇਰੀ ਨੇ ਗੋਲਡਮੈਨ ਸੈਕਸ ਦੇ ਅਧਿਕਾਰੀਆਂ ਨਾਲ 2013 ਵਿਚ ਹੋਈ ਮੀਟਿੰਗ ਵਿਚ ਦੱਖਣੀ ਚੀਨ ਸਾਗਰ 'ਤੇ ਚੀਨ ਦੇ ਦਾਅਵਿਆਂ ਨੂੰ ਜ਼ਬਰਦਸਤ ਚੁਣੌਤੀ ਦਿੱਤੀ ਸੀ।

ਚੀਨ ਨੂੰ ਰੋਕਣ ਲਈ ਏਸ਼ੀਆ ਵਿਚ ਅਮਰੀਕੀ ਮੌਜੂਦਗੀ ਭਾਰਤ ਦੇ ਹਿਤ ਵਿਚ ਹੈ। ਅਫ਼ਗਾਨਿਸਤਾਨ 'ਚੋਂ ਅਮਰੀਕੀ ਫ਼ੌਜ ਦੇ ਹਟਣ 'ਤੇ ਉਥੇ ਚੱਲ ਰਹੇ ਪ੍ਰੋਜੈਕਟਾਂ ਅਤੇ ਸੁਰੱਖਿਆ ਦੇ ਲਿਹਾਜ਼ ਨਾਲ ਭਾਰਤ ਨੂੰ ਨੁਕਸਾਨ ਹੋਵੇਗਾ। ਟਰੰਪ ਨੇ ਨੈਟੋ ਸਮੇਤ ਤਮਾਮ ਅਮਰੀਕੀ ਗਠਜੋੜਾਂ 'ਤੇ ਸਵਾਲ ਉਠਾਏ ਹਨ। ਇਸ ਲਈ ਇਹ ਸਾਫ਼ ਨਹੀਂ ਹੈ ਕਿ ਉਹ ਓਬਾਮਾ ਦੀ ਕਿਸ ਵਿਦੇਸ਼ ਨੀਤੀ ਪਹਿਲ ਨੂੰ ਅੱਗੇ ਵਧਾਉਣਗੇ। ਠੀਕ ਇਸੇ ਕਾਰਨ ਚੀਨ ਵਿਸ਼ਲੇਸ਼ਕ ਉਨ੍ਹਾਂ ਦੇ ਪੱਖ ਵਿਚ ਹਨ। ਟਰੰਪ ਅਲੱਗ ਥਲੱਗ ਰਹਿਣ ਦੀ ਨੀਤੀ ਵਿਚ ਯਕੀਨ ਕਰਦੇ ਹਨ ਤੇ ਉਹ ਚੀਨ ਨੂੰ ਚੁਣੌਤੀ ਨਹੀਂ ਦੇਣਗੇ। ਵਪਾਰ ਤੇ ਆਰਥਿਕ ਨੀਤੀਆਂ 'ਤੇ ਮਿਲਿਆ ਜੁਲਿਆ ਹਾਲ ਹੈ। ਦੋਵੇਂ ਹੀ ਉਮੀਦਵਾਰ 'ਆਊਟਸੋਰਸਿੰਗ' ਦੇ ਖ਼ਿਲਾਫ਼ ਹਨ। ਇਹ ਭਾਰਤ ਦੀ ਸੂਚਨਾ ਤਕਨੀਕ ਨਾਲ ਜੁੜੀਆਂ ਕੰਪਨੀਆਂ ਲਈ ਅਹਿਮ ਮੁੱਦਾ ਹੈ।

ਦੋਹਾਂ ਨੇ ਇਕ ਦੂਸਰੇ 'ਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਕਾਰਨ ਜ਼ਿਆਦਾ ਨੌਕਰੀਆਂ ਦੇਸ਼ ਦੇ ਬਾਹਰ ਗਈਆਂ। ਉਨ੍ਹਾਂ ਕਿਹਾ ਕਿ ਉਹ ਦੇਸ਼ ਵਿਚ ਨੌਕਰੀ ਦੇ ਹੋਰ ਵਧੇਰੇ ਮੌਕੇ ਬਣਾਉਣ ਲਈ ਅਮਰੀਕੀ ਕੰਪਨੀਆਂ 'ਤੇ ਦਬਾਅ ਪਾਉਣਗੇ। ਹਿਲੇਰੀ ਦੇ ਇਕ ਪ੍ਰਚਾਰ ਇਸ਼ਤਿਹਾਰ ਵਿਚ ਦਾਅਵਾ ਕੀਤਾ ਗਿਆ ਹੈ ਕਿ 'ਡੋਨਾਲਡ ਟਰੰਪ ਦੀ ਕਮੀਜ਼ ਚੀਨ ਤੋਂ ਆਉਂਦੀ ਹੈ, ਉਨ੍ਹਾਂ ਦੇ ਸੂਟ ਮੈਕਸੀਕੋ ਤੇ ਕੋਟ ਭਾਰਤ ਤੋਂ ਆਉਂਦੇ ਹਨ।' ਇਕ ਭਾਸ਼ਣ ਵਿਚ ਕਲਿੰਟਨ ਨੇ ਟਰੰਪ ਦੀ ਇਹ ਕਹਿ ਕੇ ਆਲੋਚਨਾ ਕੀਤੀ ਹੈ ਕਿ ਉਹ 'ਆਪਣੇ ਪਿਕਚਰ ਫਰੇਮ ਵਿਸਕੋਨਸਿਨ ਤੋਂ ਨਹੀਂ, ਭਾਰਤ ਵਿਚ ਬਣਵਾਉਂਦੇ ਹਨ।'

ਟਰੰਪ ਦੇ ਇਕ ਪ੍ਰਚਾਰ ਇਸ਼ਤਿਹਾਰ ਵਿਚ ਕਲਿੰਟਨ ਨੂੰ 2008 ਵਿਚ ਨਵੀਂ ਦਿੱਲੀ ਵਿਚ ਇਕ ਨਿੱਜੀ ਪ੍ਰੋਗਰਾਮ ਵਿਚ ਬੋਲਦਿਆਂ ਦਿਖਾਇਆ ਗਿਆ ਹੈ। ਇਸ ਵਿਚ ਉਹ ਕਹਿੰਦੀ ਹੈ, 'ਮੈਨੂੰ ਨਹੀਂ ਲਗਦਾ ਕਿ ਤੁਸੀਂ ਆਉਟਸੋਰਸਿੰਗ ਨੂੰ ਕਾਰਗਰ ਤਰੀਕੇ ਨਾਲ ਰੋਕ ਸਕਦੇ ਹੋ। ਸਚਾਈ ਖ਼ਿਲਾਫ਼ ਕਾਨੂੰਨ ਬਣਾਉਣ ਦਾ ਕੋਈ ਉਪਾਅ ਨਹੀਂ ਹੈ।' ਇਸ ਪ੍ਰੋਗਰਾਮ ਤੋਂ ਪਹਿਲਾਂ ਕਲਿੰਟਨ ਫਾਉਂਡੇਸ਼ਨ ਨੂੰ ਕਥਿਤ ਤੌਰ 'ਤੇ 10 ਲੱਖ ਡਾਲਰ ਦਾ ਦਾਨ ਦਿੱਤਾ ਗਿਆ ਸੀ। ਭਾਰਤ ਲਈ ਦਿਲਚਸਪੀ ਦਾ ਦੂਸਰਾ ਮੁੱਦਾ ਐਚ ਵਨ ਬੀ ਵੀਜ਼ਾ ਹੈ। ਇਹ ਵੀਜ਼ਾ ਅਮਰੀਕਾ ਵਿਚ ਅਸਥਾਈ ਰੂਪ ਨਾਲ ਕੰਮ ਕਰਨ ਲਈ ਦਿੱਤਾ ਜਾਂਦਾ ਹੈ। ਇਸ ਦਾ ਜ਼ਿਆਦਾਤਰ ਇਸਤੇਮਾਲ ਭਾਰਤ ਦੀਆਂ ਤਕਨੀਕੀ ਕੰਪਨੀਆਂ ਕਰਦੀਆਂ ਹਨ। ਆਲੋਚਕਾਂ ਦਾ ਕਹਿਣਾ ਹੈ ਕਿ ਭਾਰਤੀ ਕਰਮਚਾਰੀ ਘੱਟ ਪੈਸਿਆਂ ਵਿਚ ਕੰਮ ਕਰਨ ਲਈ ਰਾਜ਼ੀ ਹੋ ਜਾਂਦੇ ਹਨ ਤੇ ਅਮਰੀਕੀਆਂ ਨੂੰ ਮਿਲਣ ਵਾਲੀ ਨੌਕਰੀ ਉਨ੍ਹਾਂ ਨੂੰ ਮਿਲ ਜਾਂਦੀ ਹੈ। ਟਰੰਪ ਦੀ ਵੈੱਬਸਾਈਟ 'ਤੇ ਐਚ ਵਨ ਬੀ ਵੀਜ਼ਾ ਸਿਸਟਮ ਨੂੰ ਪੂਰੀ ਤਰ੍ਹਾਂ ਬਦਲਣ ਦੀ ਗੱਲ ਕਹੀ ਗਈ ਹੈ। ਇਸ ਵਿਚ ਵਿਦੇਸ਼ੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਨੌਕਰੀਆਂ ਲਈ ਵੱਧ ਤਣਖ਼ਾਹ ਦੇਣ ਦੀ ਗੱਲ ਕਹੀ ਗਈ ਹੈ। ਇਸ ਨਾਲ ਐਚ ਵਨ ਬੀ ਵੀਜ਼ਾ ਤਹਿਤ ਲੋਕਾਂ ਨੂੰ ਨੌਕਰੀ 'ਤੇ ਰੱਖਣਾ ਅਮਰੀਕੀ ਕੰਪਨੀਆਂ ਲਈ ਮਹਿੰਗਾ ਹੋ ਜਾਵੇਗਾ। ਟਰੰਪ ਇਹ ਵੀ ਚਾਹੁੰਦੇ ਹਨ ਕਿ ਇਹ ਕੰਪਨੀਆਂ ਅਮਰੀਕੀ ਕਰਮਚਾਰੀਆਂ ਨੂੰ ਪਹਿਲਾਂ ਨੌਕਰੀ ਦੇਵੇ। ਤਕਨੀਕੀ ਕੰਪਨੀਆਂ ਦੀ ਜ਼ਬਰਦਸਤ ਪ੍ਰਤੀਕਿਰਿਆ ਮਗਰੋਂ ਟਰੰਪ ਨੇ ਆਪਣਾ ਰਵੱਈਆ ਨਰਮ ਕਰ ਦਿੱਤਾ। ਉਨ੍ਹਾਂ ਕਿਹਾ ਕਿ ਪ੍ਰਤਿਭਾਵਾਨ ਵਿਦੇਸ਼ੀ, ਖ਼ਾਸ ਕਰਕੇ ਜਿਨ੍ਹਾਂ ਕੋਲ ਵਿਗਿਆਨ ਦੀ ਡਿਗਰੀ ਹੋਵੇ, ਉਹ ਅਮਰੀਕਾ ਵਿਚ ਰਹਿਣ, ਇਸ ਦੀ ਵਿਵਸਥਾ ਹੋਣੀ ਚਾਹੀਦੀ ਹੈ। ਹਿਲੇਰੀ ਕਲਿੰਟਨ ਨੇ ਐਚ ਵਨ ਬੀ ਵੀਜ਼ਾ 'ਤੇ ਕੁਝ ਨਹੀਂ ਕਿਹਾ ਹੈ। ਪਰ ਉਨ੍ਹਾਂ ਨੇ ਇਹ ਜ਼ਰੂਰ ਕਿਹਾ ਕਿ ਇਹ 'ਦੁਖੀ ਕਰਨ ਵਾਲੀ ਗੱਲ' ਹੈ ਕਿ ਅਮਰੀਕੀ ਕਰਮਚਾਰੀਆਂ ਕੋਲੋਂ ਨੌਕਰੀ ਖੁਸ ਰਹੀ ਹੈ ਤੇ ਆਪਣੀ ਥਾਂ ਐਚ ਵਨ ਬੀ ਵੀਜ਼ਾ 'ਤੇ ਕੰਮ ਕਰਨ ਵਾਲਿਆਂ ਨੂੰ ਸਿਖਲਾਈ ਦੇਣ।

ਉਨ੍ਹਾਂ ਨੇ ਨਿਊ ਯਾਰਕ ਤੋਂ ਸੈਨੇਟਰ ਰਹਿੰਦਿਆਂ ਭਾਰਤੀ ਤਕਨੀਕੀ ਕੰਪਨੀਆਂ ਨਾਲ ਕੰਮ ਕੀਤਾ ਸੀ ਤੇ ਉਨ੍ਹਾਂ ਪ੍ਰਤੀ ਵੱਧ ਹਮਦਰਦੀ ਵਾਲਾ ਰਵੱਈਆ ਅਪਣਾਇਆ ਸੀ। ਗੈਰ ਕਾਨੂੰਨੀ ਅਪਰਵਾਸੀ ਦੀ ਸਮੱਸਿਆ ਨਾਲ ਨਜਿੱਠਣ ਲਈ ਹੋਣ ਵਾਲੇ ਸੁਧਾਰਾਂ ਤਹਿਤ ਉਹ ਐਚ ਵਨ ਬੀ ਵੀਜ਼ਾ ਸਿਸਟਮ ਵਿਚ ਬਦਲਾਅ ਨੂੰ ਸਵੀਕਾਰ ਕਰ ਸਕਦੀ ਹੈ। ਬੌਧਿਕਤਾ ਦੀ ਸੁਰੱਖਿਆ ਵਰਗੇ ਦੂਸਰੇ ਵਪਾਰਕ ਮੁੱਦਿਆਂ 'ਤੇ ਦੋਵੇਂ ਉਮੀਦਵਾਰ ਓਬਾਮਾ ਪ੍ਰਸ਼ਾਸਨ ਵਰਗਾ ਹੀ ਰੁਖ਼ ਅਖ਼ਤਿਆਰ ਕਰ ਸਕਦੇ ਹਨ। ਅਮਰੀਕੀ ਦਵਾ ਕੰਪਨੀਆਂ ਭਾਰਤ ਦੇ ਪੇਟੈਂਟ ਨਿਯਮਾਂ ਵਿਚ ਵੱਡਾ ਬਦਲਾਅ ਚਾਹੁੰਦੀਆਂ ਹਨ। ਇਨ੍ਹਾਂ ਬਦਲਾਵਾਂ ਨਾਲ ਭਾਰਤ ਵਿਚ ਜੈਨੇਟਿਕ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਨੂੰ ਨੁਕਸਾਨ ਹੋਵੇਗਾ।

ਭਾਰਤ ਵਿਚ ਵਪਾਰ ਕਰਨ ਵਿਚ ਹੋਣ ਵਾਲੀਆਂ ਦਿੱਕਤਾਂ ਦੇ ਮੁੱਦੇ 'ਤੇ ਦੋਵੇਂ ਅਮਰੀਕੀ ਦਲਾਂ ਨੂੰ ਭਾਰਤ ਤੋਂ ਕਾਫ਼ੀ ਸ਼ਿਕਾਇਤਾਂ ਹਨ। ਇਸੇ ਤਰ੍ਹਾਂ ਅੜਚਨ ਪੈਦਾ ਕਰਨ ਵਾਲੀਆਂ ਵਪਾਰਕ ਨੀਤੀਆਂ, ਪ੍ਰੱਤਖ ਵਿਦੇਸ਼ੀ ਨਿਵੇਸ਼ 'ਤੇ ਰੋਕ ਵਰਗੇ ਮੁੱਦਿਆਂ 'ਤੇ ਵੀ ਰਿਪਬਲਿਕਨ ਅਤੇ ਡੈਮੋਕਰੈਟਿਕ ਪਾਰਟੀ ਦੇ ਵਿਚਾਰ ਇਕੋ ਜਿਹੇ ਹਨ। ਪਰ ਇਹ ਸ਼ਿਕਾਇਤਾਂ ਅਮਰੀਕੀ ਕੰਪਨੀਆਂ ਕਰਦੀਆਂ ਹਨ ਤੇ ਕਈ ਵਾਰ ਅਮਰੀਕੀ ਅਧਿਕਾਰੀ ਭਾਰਤੀ ਅਧਿਕਾਰੀਆਂ ਨੂੰ ਇਹ ਦੱਸਦੇ ਵੀ ਹਨ। ਇਸ ਵਿਚ ਬਦਲਾਅ ਨਹੀਂ ਹੋਵੇਗਾ।

*ਲੇਖਿਕਾ, ਵਾਸ਼ਿੰਗਟਨ ਵਿਚ ਰਹਿਣ ਵਾਲੀ ਵਿਸ਼ਲੇਸ਼ਕ ਹੈ, ਉਹ ਗੇਟਵੇ ਹਾਊਸ ਵਿਚ ਲਿਖਦੀ ਹੈ।

# ਗਾਖ਼ਲ ਭਰਾਵਾਂ ਨੇ ਭਾਰਤੀ ਫਿਲਮ ਖੇਤਰ ਵਿਚ ਕੀਤੀ ਨਵੀਂ ਸ਼ੁਰੂਆਤ

## *ਜੀ ਬੀ ਐਂਟਰਟੇਨਮੈਂਟ ਨੇ ਗਰੇਟ ਮਰਾਠਾ ਐਂਟਰਟੇਨਮੈਂਟ ਨਾਲ ਪਾਈ ਸਾਂਝ*

**ਮੁੰਬਈ/ਬਿਊਰੋ ਨਿਊਜ਼:** ਅਮਰੀਕੀ ਪੰਜਾਬੀ ਭਾਈਚਾਰੇ ਵਿੱਚ ਵਿਸ਼ੇਸ਼ ਥਾਂ ਰੱਖਣ ਵਾਲੇ ਗਾਖਲ ਭਰਾਵਾਂ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਨੇ ਭਾਰਤੀ ਫਿਲਮ ਖੇਤਰ ਵਿਚ ਨਵੀਂ ਸ਼ੁਰੂਆਤ ਕੀਤੀ ਹੈ। ਇਸ ਮੰਤਵ ਲਈ ਜੀ ਬੀ ਐਂਟਰਟੇਨਮੈਂਟ ਨੇ ਮਰਾਠੀ ਫਿਲਮ ਖੇਤਰ ਵਿਚ ਸਰਗਰਮ ਹੋਣ ਲਈ ਗਰੇਟ ਮਰਾਠਾ ਐਂਟਰਟੇਨਮੈਂਟ ਨਾਲ ਸਹਿਯੋਗ ਕਰਨ ਦਾ ਫੈਸਲਾ ਲਿਆ ਹੈ। ਅਮਰੀਕਾ ਦੇ ਸ਼ਹਿਰ ਵਾਟਸਨਵਿੱਲ ਵਿਚ ਵਸਦੇ ਗਾਖ਼ਲ ਭਰਾ ਜਿੱਥੇ ਖੇਡਾਂ ਅਤੇ ਪੰਜਾਬੀ ਭਾਈਚਾਰੇ ਵਿਚ ਆਪਣੇ ਸੁਭਾਅ, ਮਿਲਵਰਤਣ ਅਤੇ ਸਾਂਝ ਦੀਆਂ ਤੰਦਾਂ ਕਰਕੇ ਬੇਹੱਦ ਸਤਿਕਾਰੇ ਜਾਂਦੇ ਹਨ ਉਥੇ ਪਿਛਲੇ ਅਰਸੇ ਦੌਰਾਨ ਹਿੰਦੀ ਅਤੇ ਪੰਜਾਬੀ ਫਿਲਮ ਜਗਤ ਵਿਚ ਪ੍ਰਵੇਸ਼ ਕਰਨ ਨਾਲ ਜਿਹੜੀਆਂ ਫਿਲਮੀ ਖੇਤਰ ਲਈ ਨਵੀਆਂ ਸੰਭਾਵਨਾਵਾਂ ਬਣ ਰਹੀਆਂ ਸਨ ਉਹ ਮਹੌਲ ਗਾਖਲ ਭਰਾਵਾਂ



ਨੇ ਇਕ ਤਰ੍ਹਾਂ ਨਾਲ ਸਿਰਜ ਦਿੱਤਾ ਹੈ। ਹੁਣ ਉਹ ਧੜੱਲੇ ਨਾਲ ਮਰਾਠੀ ਫਿਲਮ ਉਦਯੋਗ ਵਿਚ ਸਰਗਰਮ ਹੋਣ ਜਾ ਰਹੇ ਹਨ। ਜੀ ਬੀ ਐਂਟਰਟੇਨਮੈਂਟ ਅਤੇ ਗਰੇਟ ਮਰਾਠਾਂ ਐਂਟਰਟੇਨਮੈਂਟ ਵਲੋਂ ਆਪਸੀ ਸਹਿਯੋਗ ਨਾਲ ਮਰਾਠਾ ਫਿਲਮ ਖੇਤਰ ਵਿਚ ਵੱਡੀਆਂ ਪ੍ਰਾਪਤੀਆਂ ਲਈ ਟੀਚੇ ਮਿਥੇ ਗਏ ਹਨ। ਸਮਿਤਾ ਠਾਕਰੇ ਅਤੇ ਮਹੇਸ਼ ਮੰਜਰੇਕਰ ਵਲੋਂ 6 ਮਰਾਠੀ ਫਿਲਮਾਂ ਦੇ ਨਿਰਮਾਣ ਲਈ ਨਵੇਂ 'ਮਰਾਠੀ ਟਾਕੀਜ਼' ਦੇ ਬੈਨਰ ਹੇਠ ਸ਼ੁਰੂਆਤ

ਬਾਕੀ ਸਫ਼ਾ 28 'ਤੇ

# 1984 : ਫਿਰਕੂ ਕਤਲੇਆਮ ਜਾਂ ਸਿਆਸੀ ਨਸਲਕੁਸ਼ੀ ?

**ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਵਾਪਰੇ ਫਿਰਕੂ ਦੰਗਿਆਂ ਦੀ ਭੜਕਾਹਟ ਪਿੱਛੇ ਜਾਤੀਵਾਦ ਅਤੇ ਧਾਰਮਿਕ ਸਰੋਕਾਰਾਂ ਦੀ ਭੂਮਿਕਾ ਵਧੇਰੇ ਰਹੀ ਹੈ। ਪਰ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਨਿਰੋਲ ਸਿਆਸੀ ਸ਼ਹਿ 'ਤੇ ਅੰਜਾਮ ਦਿੱਤਾ ਗਿਆ। ਵਿਸ਼ੇਸ਼ ਸਿਆਸੀ ਦਲ ਨੂੰ ਬਚਾਉਣ ਲਈ ਹਿੰਦੂ-ਸਿੱਖ ਫਿਰਕੂ ਦੰਗਿਆਂ ਦੀ ਰੰਗਤ ਦੇਣ ਦੀ ਕੋਸ਼ਿਸ਼ ਕਰਕੇ ਦੋ ਫ਼ਿਰਕਿਆਂ ਦੀ ਏਕਤਾ ਅਤੇ ਦੇਸ਼ ਦੀ ਅਖੰਡਤਾ ਨੂੰ ਦਾਅ 'ਤੇ ਲਾ ਦਿੱਤਾ ਗਿਆ। ਚਾਰ ਦਿਨਾਂ ਵਿੱਚ ਦਿੱਲੀ ਸਮੇਤ ਭਾਰਤ ਦੇ ਕਈ ਸ਼ਹਿਰਾਂ ਵਿੱਚ ਅੱਠ ਹਜ਼ਾਰ ਤੋਂ ਵਧੇਰੇ ਸਿੱਖਾਂ ਨੂੰ ਜਿਉਂਦੇ ਸਾੜ ਕੇ ਮਾਰ ਦਿੱਤਾ ਗਿਆ।**

**ਹੇਮਜੀਤ ਸਿੰਘ**
ਮੋਬਾਈਲ : 98725-68216



ਭਾਰਤੀ ਲੋਕਤੰਤਰ ਦੇ ਮੱਥੇ ਦਾ ਕਲੰਕ ਬਣ ਚੁੱਕੇ ਵਹਿਸ਼ੀਪੁਣੇ ਦੇ ਚਾਰ ਦਿਨਾਂ ਦੇ ਜ਼ਖ਼ਮ ਬੱਤੀ ਸਾਲ ਬੀਤ ਜਾਣ ਬਾਅਦ ਵੀ ਸਿੱਖ ਦੰਗਾ ਪੀੜਤਾਂ ਲਈ ਜਿਉਂ ਦੇ ਤਿਉਂ ਹਨ। ਪੀੜਤਾਂ ਲਈ ਨਿਆਂ ਦੀ ਆਸ ਲਗਭਗ ਮੁੱਕ ਚੁੱਕੀ ਹੈ। ਆਪਣੇ ਪੁੱਤਰਾਂ ਨੂੰ ਖੋ ਚੁੱਕੀਆਂ ਜ਼ਿਆਦਾਤਰ ਬਜ਼ੁਰਗ ਮਾਵਾਂ ਨਿਆਂ ਦੀ ਉਡੀਕ ਵਿੱਚ ਆਪਣੇ ਦਰਦਾਂ ਨਾਲ ਜਹਾਨੋਂ ਰੁਖ਼ਸਤ ਹੋ ਚੁੱਕੀਆਂ ਹਨ। ਨਿਆਂ ਪ੍ਰਣਾਲੀ ਦੀ ਹੋਣੀ ਅੱਗੇ ਤਿਲਕ ਵਿਹਾਰ ਦੀ ਵਿਧਵਾ ਕਲੋਨੀ ਨੇ ਵੀ ਕਦੋਂ ਦੇ ਗੋਡੇ ਟੇਕ ਦਿੱਤੇ ਹਨ। ਸੈਂਕੜੇ ਪੀੜਤ ਚਸ਼ਮਦੀਦਾਂ ਦੇ ਹਲਫ਼, ਕਈ ਜਾਂਚ ਕਮਿਸ਼ਨ ਅਤੇ ਕਮੇਟੀਆਂ ਵੱਲੋਂ ਤਸਦੀਕ ਕੀਤੇ ਮੁਜਰਮਾਂ ਨੂੰ ਬਚਾਅ ਰਹੇ ਸਿਆਸੀ ਦਾਅ-ਪੇਚਾਂ ਅੱਗੇ ਕਾਨੂੰਨ ਬੌਣਾ ਸਾਬਤ ਹੋਇਆ ਹੈ। ਮੀਡੀਆ ਵਿੱਚ ਵੀ ਆਪਣਾ ਵਜੂਦ ਖੋ ਚੁੱਕੀਆਂ ਚੁਰਾਸੀ ਦੇ ਦੰਗਿਆ ਦੀ ਜਾਂਚ ਨਾਲ ਸਬੰਧਤ ਖ਼ਬਰਾਂ ਅਖ਼ਬਾਰਾਂ ਦੇ ਅਖ਼ੀਰਲੇ ਪੰਨਿਆਂ ਤਕ ਖਿਸਕ ਗਈਆਂ ਹਨ।

ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਵਾਪਰੇ ਫਿਰਕੂ ਦੰਗਿਆਂ ਦੀ ਭੜਕਾਹਟ ਪਿੱਛੇ ਜਾਤੀਵਾਦ ਅਤੇ ਧਾਰਮਿਕ ਸਰੋਕਾਰਾਂ ਦੀ ਭੂਮਿਕਾ ਵਧੇਰੇ ਰਹੀ ਹੈ। ਪਰ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਨਿਰੋਲ ਸਿਆਸੀ ਸ਼ਹਿ 'ਤੇ ਅੰਜਾਮ ਦਿੱਤਾ ਗਿਆ। ਵਿਸ਼ੇਸ਼ ਸਿਆਸੀ ਦਲ ਨੂੰ ਬਚਾਉਣ ਲਈ ਹਿੰਦੂ-ਸਿੱਖ ਫਿਰਕੂ ਦੰਗਿਆਂ ਦੀ ਰੰਗਤ ਦੇਣ ਦੀ ਕੋਸ਼ਿਸ਼ ਕਰਕੇ ਦੋ ਫ਼ਿਰਕਿਆਂ ਦੀ ਏਕਤਾ ਅਤੇ ਦੇਸ਼ ਦੀ ਅਖੰਡਤਾ ਨੂੰ ਦਾਅ 'ਤੇ ਲਾ ਦਿੱਤਾ ਗਿਆ। ਚਾਰ ਦਿਨਾਂ ਵਿੱਚ ਦਿੱਲੀ ਸਮੇਤ ਭਾਰਤ ਦੇ ਕਈ ਸ਼ਹਿਰਾਂ ਵਿੱਚ ਅੱਠ ਹਜ਼ਾਰ ਤੋਂ ਵਧੇਰੇ ਸਿੱਖਾਂ ਨੂੰ ਜਿਉਂਦੇ ਸਾੜ ਕੇ ਮਾਰ ਦਿੱਤਾ ਗਿਆ। ਉਕਤ ਕਤਲੇਆਮ ਇੱਕੋ ਜਿਹੇ ਯੋਜਨਾਬੱਧ ਤਰੀਕੇ ਨਾਲ ਕਾਂਗਰਸ ਦੇ ਸ਼ਾਸਨ ਵਾਲੇ ਪ੍ਰਦੇਸ਼ਾਂ ਵਿੱਚ ਹੀ ਵਧੇਰੇ ਵਾਪਰਿਆ। ਇਸ ਕਤਲੋਗ਼ਾਰਦ ਦੇ ਪਿੱਛੇ ਰਾਜਨੀਤਕ ਸ਼ਮੂਲੀਅਤ ਦੇ ਪ੍ਰਤੱਖ ਤੱਥਾਂ ਤੋਂ ਮੁਨਕਰ ਹੋਣਾ ਅਸੰਭਵ ਹੈ। 31 ਅਕਤੂਬਰ ਤੋਂ 3 ਨਵੰਬਰ ਤਕ ਦੰਗਿਆਂ ਦੇ ਚਾਰ ਦਿਨਾਂ ਭਿਆਨਕ ਕਤਲੇਆਮ ਵਿੱਚ ਕਈ ਵੱਡੇ ਕਾਂਗਰਸੀ ਆਗੂਆਂ ਦੀ ਸ਼ਮੂਲੀਅਤ ਦੀ ਪੁਸ਼ਟੀ ਵੱਖ-ਵੱਖ ਜਾਂਚ ਕਮਿਸ਼ਨ ਅਤੇ ਕਮੇਟੀਆਂ ਕਰ ਚੁੱਕੀਆਂ ਹਨ।

31 ਅਕਤੂਬਰ ਦੇ ਘਟਨਾਕ੍ਰਮ 'ਤੇ ਨਜ਼ਰ ਮਾਰੀ ਜਾਵੇ ਤਾਂ ਕਰੀਬ 9:20 ਵਜੇ ਸ੍ਰੀਮਤੀ ਇੰਦਰਾ ਗਾਂਧੀ ਉੱਪਰ ਉਸ ਦੇ ਅੰਗ ਰੱਖਿਅਕਾਂ ਨੇ ਗੋਲੀਆਂ ਦਾਗ਼ੀਆਂ। ਇੰਦਰਾ ਗਾਂਧੀ ਨੂੰ ਤੁਰੰਤ ਏਮਜ਼ ਹਸਪਤਾਲ ਲਿਜਾਇਆ ਗਿਆ। ਲਗਭਗ ਗਿਆਰਾਂ ਵਜੇ ਆਲ ਇੰਡੀਆ ਰੇਡੀਓ 'ਤੇ ਸ੍ਰੀਮਤੀ ਗਾਂਧੀ 'ਤੇ ਹਮਲੇ ਦਾ ਪ੍ਰਸਾਰਨ ਭੜਕਾਊ ਤਰੀਕੇ ਨਾਲ ਪੇਸ਼ ਕਰਨਾ ਹੈਰਾਨੀਜਨਕ ਸੀ। ਇਸ ਵਿੱਚ ਵਿਸ਼ੇਸ਼ ਤੌਰ 'ਤੇ ਕਿਹਾ ਗਿਆ ਕਿ ਸ੍ਰੀਮਤੀ ਗਾਂਧੀ ਉੱਪਰ ਗੋਲੀਆਂ ਦਾਗ਼ਣ ਵਾਲੇ ਅੰਗ ਰੱਖਿਅਕ ਸਿੱਖ ਸਨ। ਏਮਜ਼ ਅੱਗੇ ਇਕੱਠੀ ਹੋ ਰਹੀ ਭੀੜ ਨੇ ਭੜਕਾਊ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ ਸਨ। ਵਿਦੇਸ਼ੀ ਦੌਰਾ ਵਿਚਕਾਰ ਛੱਡ ਕੇ ਪਰਤੇ ਰਾਸ਼ਟਰਪਤੀ ਦੀ ਕਾਰ ਉੱਪਰ ਵੀ ਪੱਥਰ ਮਾਰੇ ਗਏ। ਇਸ ਦੌਰਾਨ ਪੁਲੀਸ ਮੂਕ ਦਰਸ਼ਕ ਬਣੀ ਰਹੀ। ਸ਼ਾਮ ਢਲਦੇ-ਢਲਦੇ ਸਥਾਨਕ ਮੁਹੱਲਿਆਂ ਦੇ ਸਥਾਨਕ ਕਾਂਗਰਸੀ ਆਗੂਆਂ ਦੀ ਅਗਵਾਈ ਵਿੱਚ ਗੁੰਡਿਆਂ ਦੀ ਭੀੜ ਵੱਲੋਂ ਦਿੱਲੀ ਦੇ ਕਈ ਇਲਾਕਿਆਂ ਵਿੱਚ ਵਿਸ਼ੇਸ਼ ਫ਼ਿਰਕੇ ਦੇ ਲੋਕਾਂ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ ਗਈ। ਇਸ ਦੌਰਾਨ ਲਗਪਗ 6:55 ਵਜੇ ਸ਼ਾਮ ਨੂੰ ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕਾਈ ਗਈ। ਤੀਨ ਮੂਰਤੀ ਭਵਨ ਵਿੱਚ ਅੰਤਿਮ ਦਰਸ਼ਨਾਂ ਲਈ ਰੱਖੀ ਇੰਦਰਾ ਗਾਂਧੀ ਦੀ ਦੇਹ ਕੋਲ ਜਮ੍ਹਾਂ ਭੀੜ ਅਤਿ ਭੜਕਾਊ ਨਾਅਰੇ ਮਾਰ ਰਹੀ ਸੀ, ਜਿਸ ਦੇ ਦੂਰਦਰਸ਼ਨ ਉੱਪਰ ਸਿੱਧੇ ਪ੍ਰਸਾਰਣ ਨੇ ਮਾਹੌਲ ਨੂੰ ਹੋਰ ਗੰਭੀਰ ਬਣਾ ਦਿੱਤਾ ਸੀ। ਸਾਬਕਾ ਕਾਨੂੰਨ ਮੰਤਰੀ ਸ਼ਾਂਤੀ ਭੂਸ਼ਣ ਅਨੁਸਾਰ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਸ਼ਾਂਤ ਚਿੱਤ ਭੜਕਾਊ ਨਾਅਰੇ ਸੁਣਦੇ ਦੂਰਦਰਸ਼ਨ ਉੱਪਰ ਦਿਖਾਈ ਦੇ ਰਹੇ ਸਨ। ਪ੍ਰਿੰਟ ਮੀਡੀਆ ਵਿੱਚ ਇੰਦਰਾ ਗਾਂਧੀ ਦੇ ਕਾਤਲਾਂ ਦਾ ਸਿੱਖ ਹੋਣਾ ਤਾਂ ਮੁੱਖ ਸੁਰਖ਼ੀ ਬਣੀ ਪਰ ਚਾਰ ਦਿਨ ਦਿੱਲੀ ਵਿੱਚ ਵਾਪਰੀ ਕਤਲੋਗ਼ਾਰਦ ਦੀ ਸਹੀ ਤਸਵੀਰ ਪੇਸ਼ ਕਰਨ ਤੋਂ ਗੁਰੇਜ਼ ਕੀਤਾ ਗਿਆ।

ਪੀੜਤ ਚਸ਼ਮਦੀਦਾਂ ਵੱਲੋਂ ਜਾਂਚ ਕਮੇਟੀਆਂ ਅੱਗੇ ਦਿੱਤੇ ਹਲਫ਼ਨਾਮਿਆਂ ਅਨੁਸਾਰ 31 ਅਕਤੂਬਰ ਦੀ ਰਾਤ ਸਥਾਨਕ ਕਾਂਗਰਸੀ ਆਗੂਆਂ ਤੇ ਵਰਕਰਾਂ ਨੇ ਸਿੱਖਾਂ ਦੇ ਘਰਾਂ ਉੱਪਰ ਵਿਸ਼ੇਸ਼ ਨਿਸ਼ਾਨ ਲਾ ਦਿੱਤੇ। ਰਾਤੋ-ਰਾਤ ਗੁੰਡਾਂ ਅਨਸਰਾਂ ਨੂੰ ਮਿੱਟੀ ਦਾ ਤੇਲ, ਜਲਣਸ਼ੀਲ ਪਾਊਡਰ ਅਤੇ ਲੋਹੇ ਦੇ ਰਾਡ ਵੰਡੇ ਗਏ। ਪਾਲਮ ਕਲੋਨੀ ਅਤੇ ਸੁਲਤਾਨਪੁਰੀ ਵਿੱਚ ਸੱਜਣ ਕੁਮਾਰ, ਦਿੱਲੀ ਸਦਰ ਵਿੱਚ ਜਗਦੀਸ਼ ਟਾਈਟਲਰ, ਯਮੁਨਾ ਪਾਰ ਐਚ.ਕੇ.ਐਲ ਭਗਤ ਅਤੇ ਡਾ. ਅਸ਼ੋਕ ਕੁਮਾਰ ਨੇ ਤ੍ਰਿਲੋਕਪੁਰੀ ਵਿੱਚ ਗੁੰਡਿਆਂ ਦੀ ਭੀੜ ਦੀ ਅਗਵਾਈ ਕੀਤੀ। ਕਮਲਨਾਥ ਦੇ ਗੁਰਦੁਆਰਾ ਬੰਗਲਾ ਸਾਹਿਬ ਕੋਲ ਤਿੰਨ ਸਿੱਖਾਂ ਨੂੰ ਮਾਰਨ ਵਾਲੀ ਭੀੜ ਵਿੱਚ ਹੋਣ ਸਬੰਧੀ ਪੀੜਤਾਂ ਵੱਲੋਂ ਨਾਨਾਵਤੀ ਕਮਿਸ਼ਨ ਅੱਗੇ ਬਿਆਨ ਦਰਜ ਕਰਵਾਏ ਗਏ। ਦੰਗਿਆਂ ਦੀ ਜਾਂਚ ਸਬੰਧੀ ਬਣੀਆਂ ਜੈਨ ਅਗਰਵਾਲ ਕਮੇਟੀ, ਮੋਤੀ ਰੋਸਾ ਕਮੇਟੀ, ਜੈਨ ਬੈਨਰਜੀ ਕਮੇਟੀਆਂ ਨੇ ਵੱਖੋ-ਵੱਖ ਜਾਂਚ ਵਿੱਚ ਸੱਜਣ ਕੁਮਾਰ, ਐਚ.ਕੇ.ਐਲ ਭਗਤ, ਜਗਦੀਸ਼ ਟਾਈਟਲਰ ਅਤੇ ਧਰਮੇਸ਼ ਸ਼ਾਸਤਰੀ ਖ਼ਿਲਾਫ਼ ਦੰਗਿਆਂ ਦੇ ਦੋਸ਼ੀ ਵਜੋਂ ਕੇਸ ਦਰਜ ਕਰਨ ਦੀ ਸਿਫ਼ਾਰਿਸ਼ ਕੀਤੀ। ਸੀਬੀਆਈ ਅਨੁਸਾਰ ਦਿੱਲੀ ਦੇ ਸਾਰੇ ਮੁਹੱਲਿਆਂ ਵਿੱਚ ਇੱਕੋ ਜਿਹੇ ਔਜ਼ਾਰ ਅਤੇ ਅੱਗ ਲਾਉਣ ਲਈ ਮਿੱਟੀ ਦਾ ਤੇਲ, ਸਫ਼ੇਦ ਜਲਣਸ਼ੀਲ ਪਾਊਡਰ ਦੀ ਵਰਤੋਂ ਕੀਤੀ ਗਈ।

ਇੱਕ ਨਵੰਬਰ ਨੂੰ ਦਸ ਵਜੇ ਤਕ ਸਾਰੀ ਦਿੱਲੀ ਮੌਤ ਦਾ ਭਿਆਨਕ ਮੰਜ਼ਰ ਬਣ ਚੁੱਕੀ ਸੀ। ਚਾਰੇ ਪਾਸੇ ਅੱਗ ਅਤੇ ਧੂੰਏਂ ਦੇ ਅੰਬਾਰ ਉੱਠ ਰਹੇ ਸਨ। ਦਿੱਲੀ ਦੇ ਨੇੜਲੇ ਇਲਾਕਿਆਂ ਵਿਚੋਂ ਲੁੱਟਮਾਰ ਅਤੇ ਕਤਲੋਗ਼ਾਰਦ ਲਈ ਗੁੰਡਾ ਅਨਸਰਾਂ ਦੇ ਹਜ਼ੂਮ 3 ਨਵੰਬਰ ਤਕ ਖ਼ੂਨ ਦੀ ਹੋਲੀ ਖੇਡਦੇ ਰਹੇ। ਦਿੱਲੀ ਪੁਲੀਸ ਅਤੇ ਪ੍ਰਸ਼ਾਸਨ ਨੇ ਗੁੰਡਾ ਟੋਲਿਆਂ ਨੂੰ ਪੂਰੀ ਖੁੱਲ੍ਹ ਦੇ ਦਿੱਤੀ। ਦਿੱਲੀ ਵਿੱਚ ਫ਼ੌਜ ਦੀ ਪੂਰੀ ਬ੍ਰਿਗੇਡ ਹੋਣ ਦੇ ਬਾਵਜੂਦ ਮੇਰਠ ਤੋਂ ਆਰਮੀ ਬੁਲਾ ਕੇ ਦੰਗਾਕਾਰੀਆਂ ਨੂੰ ਪੂਰਾ ਸਮਾਂ ਦੇਣ ਦੀ ਕੋਸ਼ਿਸ਼ ਕੀਤੀ ਗਈ। ਚਾਰ ਦਿਨਾਂ ਵਿੱਚ ਤਿੰਨ ਹਜ਼ਾਰ ਤੋਂ ਵਧੇਰੇ ਸਿੱਖਾਂ ਨੂੰ ਜਿਉਂਦੇ ਸਾੜ ਕੇ ਮਾਰ ਦਿੱਤਾ ਗਿਆ। ਦੋ ਸੌ ਤੋਂ ਵਧੇਰੇ ਔਰਤਾਂ ਅਤੇ ਬੱਚੀਆਂ ਨਾਲ ਬਲਾਤਕਾਰ ਦੀ ਪੁਸ਼ਟੀ ਹੋਈ। ਦੰਗਿਆਂ ਦੇ ਖ਼ਤਮ ਹੋਣ ਤਕ ਪੁਲੀਸ ਵੱਲੋਂ ਸਿਰਫ਼ ਪੰਜ ਐਫ਼ਆਈਆਰ ਹੀ ਦਰਜ ਕੀਤੀਆਂ ਗਈਆਂ। ਨਾਨਾਵਤੀ ਕਮਿਸ਼ਨ ਅਨੁਸਾਰ ਪੁਲੀਸ ਨੇ ਸ਼ਰ੍ਹੇਆਮ ਕਾਤਲ ਟੋਲਿਆਂ ਦਾ ਸਾਥ ਦਿੱਤਾ ਸੀ। ਤ੍ਰਿਲੋਕਪੁਰੀ ਦੇ ਬਲਾਕ 32 ਵਿੱਚ ਆਤਮ ਰੱਖਿਆ ਲਈ ਇਕੱਠੇ ਹੋਏ ਸਿੱਖਾਂ ਨੂੰ ਇਲਾਕੇ ਦੇ ਥਾਣਾ ਮੁਖੀ ਵੀਰ ਸਿੰਘ ਤਿਆਗੀ ਅਤੇ ਡੀਪੀਸੀ ਸੇਵਾ ਦਾਸ ਨੇ ਨਿਹੱਥੇ ਕਰ ਦੰਗਾਈਆਂ ਦੇ ਹਵਾਲੇ ਕਰ ਦਿੱਤਾ। ਇੱਕ ਨਵੰਬਰ ਦੀ ਇਸ ਹੌਲਨਾਕ ਘਟਨਾ ਵਿੱਚ ਲਗਭਗ 400 ਵਿਅਕਤੀਆਂ ਨੂੰ ਮਿੰਟਾਂ ਵਿੱਚ ਜਿਉਂਦੇ ਸਾੜ ਦਿੱਤਾ ਗਿਆ। ਸਾਰੀ ਦਿੱਲੀ ਵਿੱਚ ਇਹ ਵਰਤਾਰਾ ਤਿੰਨ ਨਵੰਬਰ ਤਕ ਬੇਰੋਕ-ਟੋਕ ਚੱਲਦਾ ਰਿਹਾ। ਕਪੂਰ ਮਿੱਤਲ ਜਾਂਚ ਕਮੇਟੀ ਵੱਲੋਂ ਦੋਸ਼ੀ ਤਸਦੀਕ ਕੀਤੇ ਉਕਤ ਦੋਵਾਂ ਪੁਲੀਸ ਅਫ਼ਸਰਾਂ ਨੂੰ ਸਰਕਾਰ ਵੱਲੋਂ ਵਿਸ਼ੇਸ਼ ਤਰੱਕੀਆਂ ਦਿੱਤੀਆਂ ਗਈਆਂ। ਜਾਂਚ ਕਮੇਟੀ ਵੱਲੋਂ ਦੋਸ਼ੀ ਪਾਏ ਗਏ 72 ਪੁਲੀਸ ਅਫ਼ਸਰਾਂ ਅਤੇ ਮੁਲਾਜ਼ਮਾਂ ਨੂੰ ਅਦਾਲਤ ਅੱਜ ਤਕ ਸਜ਼ਾ ਦੇਣ ਵਿੱਚ ਨਾਕਾਮ ਰਹੀ ਹੈ।

ਦੰਗਿਆਂ ਤੋਂ ਕੁਝ ਦਿਨਾਂ ਬਾਅਦ ਕੋਟ ਕਲੱਬ ਦਿੱਲੀ ਵਿੱਚ ਰਾਜੀਵ ਗਾਂਧੀ ਵੱਲੋਂ ਦਿੱਤੇ ਭਾਸ਼ਣ ਵਿੱਚ ਦੰਗਿਆਂ ਦੀ ਨਿੰਦਾ ਕਰਨ ਦੀ ਥਾਂ ਲੋਕਾਂ ਦੇ ਗੁੱਸੇ ਅਤੇ ਬਦਲੇ ਦੀ ਭਾਵਨਾ ਜਿਹੇ ਭੱਦੇ ਸ਼ਬਦਾਂ ਦੀ ਵਰਤੋਂ ਕੀਤੀ ਗਈ। ਰਾਜੀਵ ਗਾਂਧੀ ਵੱਲੋਂ ਦਿੱਤਾ ਜਨਤਕ ਬਿਆਨ 'ਜਦੋਂ ਕੋਈ ਦਰੱਖ਼ਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੈ' ਅਤਿ ਜ਼ਿੰਮੇਵਾਰ ਅਹੁਦੇ ਉੱਪਰ ਬੈਠੇ ਕਿਸੇ ਭਾਰਤੀ ਰਾਜਨੇਤਾ ਵੱਲੋਂ ਦਿੱਤਾ ਸਭ ਤੋਂ ਸ਼ਰਮਨਾਕ ਬਿਆਨ ਸੀ, ਜੋ ਸਰਕਾਰ ਦੀ ਉਕਤ ਦੰਗਿਆਂ ਪ੍ਰਤੀ ਸਹਿਮਤੀ ਦਾ ਪ੍ਰਤੱਖ ਪ੍ਰਮਾਣ ਹੈ। ਗਾਂਧੀ ਦੇ ਨੇੜਲੇ ਮਿੱਤਰ ਅਭਿਨੇਤਾ ਅਮਿਤਾਭ ਬੱਚਨ ਉੱਪਰ ਪੀੜਤਾਂ ਵੱਲੋਂ ਲੱਗੇ ਭੜਕਾਊ ਬਿਆਨਾਂ ਦੇ ਦੋਸ਼ਾਂ ਦੀ ਸਚਾਈ ਲਈ ਦੂਰਦਰਸ਼ਨ ਦੀ ਰਿਕਾਰਡਿੰਗ ਦੀ ਜਾਂਚ ਅੱਜ ਤਕ ਨਹੀਂ ਕੀਤੀ ਗਈ। ਵਿਡੰਬਨਾ ਇਹ ਹੈ ਕਿ ਬਾਅਦ ਵਿੱਚ ਰਾਜੀਵ ਗਾਂਧੀ ਨੂੰ ਭਾਰਤ ਰਤਨ ਨਾਲ ਨਿਵਾਜਿਆ ਗਿਆ ਤੇ ਅਮਿਤਾਭ ਬੱਚਨ ਨੂੰ ਸਦੀ ਦੇ ਮਹਾਂਨਾਇਕ ਦਾ ਰੁਤਬਾ ਦੇ ਦਿੱਤਾ ਗਿਆ।

ਕਾਂਗਰਸ ਦੇ ਤਤਕਾਲੀਨ ਰਾਜਨੀਤਕ ਆਗੂਆਂ ਵੱਲੋਂ ਇਸ ਘਿਨਾਉਣੇ ਕਾਰੇ ਨੂੰ ਸਿੱਖਾਂ ਵਿਰੁੱਧ ਹਿੰਦੂ ਸਮੁਦਾਇ ਦੇ ਰੋਹ ਅਤੇ ਬਦਲੇ ਦੇ ਪ੍ਰਤੀਕਰਮ ਵਜੋਂ ਪੇਸ਼ ਕਰਨ ਦੀ ਖ਼ਤਰਨਾਕ ਕੋਸ਼ਿਸ਼ ਕੀਤੀ ਗਈ ਅਤੇ ਰਾਜਨੀਤਕ ਲਾਲਸਾਵਾਂ ਲਈ ਦੇਸ਼ ਦੀ ਸਮੁਦਾਇਕ ਏਕਤਾ ਨੂੰ ਦਾਅ 'ਤੇ ਲਾ ਦਿੱਤਾ ਗਿਆ ਜਦੋਂਕਿ ਇਹ ਨਿਰੋਲ ਰਾਜਨੀਤਕ ਤੌਰ 'ਤੇ ਯੋਜਨਾਬੱਧ ਉਲੀਕਿਆ ਸਿੱਖਾਂ ਦੀ ਨਸਲਕੁਸ਼ੀ ਦਾ ਯਤਨ ਸੀ। ਇਹ ਨਾਜ਼ੀਆਂ ਵੱਲੋਂ ਯਹੂਦੀਆਂ ਉੱਪਰ ਢਾਹੇ ਜ਼ੁਲਮ ਤੋਂ ਵੀ ਭਿਆਨਕ ਸੀ। ਇੱਥੇ ਇਹ ਨਹੀਂ ਭੁੱਲਣਾ ਚਾਹੀਦਾ ਕਿ ਦਿੱਲੀ ਵਿੱਚ ਵੀਹ ਹਜ਼ਾਰ ਤੋਂ ਵੱਧ ਸਿੱਖਾਂ ਦੀ ਜਾਨ ਹਿੰਦੂ ਅਤੇ ਮੁਸਲਿਮ ਭਾਈਚਾਰੇ ਨੇ ਬਚਾ ਕੇ ਮਨੁੱਖਤਾ ਦੀ ਚਿਣਗ ਨੂੰ ਬੁੱਝਣ ਨਹੀਂ ਸੀ ਦਿੱਤਾ। ਸਭ ਤੋਂ ਵੱਧ ਜਾਨੀ ਨੁਕਸਾਨ ਵਾਲੇ ਇਲਾਕੇ ਤ੍ਰਿਲੋਕਪੁਰੀ ਵਿੱਚ ਲਗਭਗ ਛੇ ਸੌ ਸਿੱਖਾਂ ਨੂੰ ਹਿੰਦੂ, ਮੁਸਲਿਮ ਤੇ ਵਾਲਮੀਕਿ ਭਾਈਚਾਰੇ ਨੇ ਬਚਾਇਆ। ਦਿੱਲੀ ਵਾਸੀਆਂ ਵੱਲੋਂ ਮਯੂਰ ਵਿਹਾਰ, ਮੁਨੀਰਕਾ ਕਲੋਨੀਆਂ ਵਿੱਚ ਪਹਿਰੇ ਦੇਣ ਤੇ ਆਪਣੇ ਘਰਾਂ ਵਿੱਚ ਸਿੱਖਾਂ ਨੂੰ ਪਨਾਹ ਦੇਣ ਦੀ ਪੁਸ਼ਟੀ ਬਚ ਗਏ ਦੰਗਾ ਪੀੜਤਾਂ ਨੇ ਕੀਤੀ ਹੈ। 'ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼' ਅਤੇ 'ਪੀਯੂਡੀਆਰ' ਸੰਸਥਾਵਾਂ ਦੇ ਜਾਂਬਾਜ਼ ਰਿਪੋਰਟਰਾਂ ਵੱਲੋਂ ਦੰਗਿਆਂ ਦੌਰਾਨ ਚਾਰ ਦਿਨ ਦਿੱਲੀ ਵਿੱਚ ਥਾਂ-ਥਾਂ ਘੁੰਮ ਕੇ ਪ੍ਰਤੱਖਦਰਸ਼ੀਆਂ ਵਜੋਂ ਸੂਚਨਾਵਾਂ ਇਕੱਠੀਆਂ ਕੀਤੀਆਂ ਗਈਆਂ। ਇਨ੍ਹਾਂ ਵੱਲੋਂ ਜਾਰੀ ਕੀਤੀ ਰਿਪੋਰਟ 'ਦੋਸ਼ੀ ਕੌਣ' ਵਿੱਚ ਦੋਸ਼ੀਆਂ ਦੇ ਵੇਰਵਿਆਂ ਦੀ ਜਾਂਚ ਦੀ ਬਜਾਏ ਸਰਕਾਰ ਨੇ ਉਕਤ ਰਿਪੋਰਟ ਦੀਆਂ ਕਾਪੀਆਂ ਜ਼ਬਤ ਕਰ ਕੇ ਪ੍ਰਕਾਸ਼ਨ 'ਤੇ ਰੋਕ ਲਾ ਦਿੱਤੀ। ਤਤਕਾਲੀ ਕਾਂਗਰਸੀ ਆਗੂ ਕਦੇ ਵੀ ਇਸ ਰਾਜਨੀਤਕ ਨਸਲਕੁਸ਼ੀ ਤੋਂ ਮੁਨਕਰ ਨਹੀਂ ਹੋ ਸਕਦੇ। ਹਜ਼ਾਰ ਤੋਂ ਵੱਧ ਚਸ਼ਮਦੀਦ ਗਵਾਹਾਂ ਅਤੇ ਜਾਂਚ ਕਮੇਟੀਆਂ ਦੀ ਤਸਦੀਕ ਦੇ ਬਾਵਜੂਦ ਦੋਸ਼ੀ ਸਜ਼ਾ ਤੋਂ ਦੂਰ ਐਸ਼ੋ-ਆਰਾਮ ਦੀ ਜ਼ਿੰਦਗੀ ਮਾਣ ਰਹੇ ਹਨ। ਅਜਿਹੇ ਦੋਸ਼ੀਆਂ ਦਾ ਬਚਣਾ ਘੱਟ-ਗਿਣਤੀ ਵਰਗਾਂ ਦੇ ਭਰੋਸੇ ਅਤੇ ਦੇਸ਼ ਦੀ ਅਖੰਡਤਾ ਦੋਵਾਂ ਨੂੰ ਕਮਜ਼ੋਰ ਕਰਦਾ ਹੈ। ਨਿਆਂ ਪ੍ਰਣਾਲੀ ਵੱਲੋਂ ਬਿਨਾਂ ਹੋਰ ਦੇਰੀ ਕੀਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇ ਕੇ ਦੁਖਾਂਤ ਦੇ ਪੀੜਤਾਂ ਦੀ ਨਿਆਂ ਪ੍ਰਤੀ ਟੁੱਟਦੀ ਆਸਥਾ ਤੇ ਭਾਰਤੀ ਨਿਆਂਤੰਤਰ ਦੀ ਸਾਖ਼ ਬਚਾਉਣ ਦਾ ਲਗਪਗ ਆਖ਼ਰੀ ਮੌਕਾ ਹੈ।

## ਚੁਰਾਸੀ ਦਾ ਕਤਲੇਆਮ 32 ਵਰ੍ਹਿਆਂ ਵਿਚ ਕਈ ਵਾਰ ਦੁਹਰਾਇਆ ਗਿਆ : ਫੂਲਕਾ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਐਡਵੋਕੇਟ ਸ. ਹਰਵਿੰਦਰ ਸਿੰਘ ਫੂਲਕਾ ਵਲੋਂ ਟਵਿਟਰ ਉੱਤੇ ਸ਼ੁਰੂ ਕੀਤੀ ਮੁਹਿੰਮ 'ਆਪਣੇ-ਆਪਣੇ ਤਜੁਰਬੇ ਟਵਿਟਰ ਉੱਤੇ ਪਾਉ' ਨੂੰ ਬਹੁਤ ਵੱਡਾ ਹੁੰਗਾਰਾ ਮਿਲਿਆ ਹੈ। 1984 ਕਤਲੇਆਮ ਦੇ ਹਜ਼ਾਰਾਂ ਲੋਕਾਂ ਨੇ ਆਪਣੇ ਤੇ ਆਪਣੇ ਦੋਸਤਾਂ/ਪਰਿਵਾਰਾਂ ਦੇ ਤਜੁਰਬੇ ਟਵਿਟਰ ਉੱਤੇ ਪਾਏ ਹਨ ਕਿ ਉਨ੍ਹਾਂ ਨਾਲ 1984 ਵਿਚ ਕੀ-ਕੀ ਵਾਪਰਿਆ ਸੀ। ਫੂਲਕਾ ਨੇ ਕਿਹਾ ਕਿ ਇਹ ਕੋਸ਼ਿਸ਼ ਹੈ ਕਿ '84 ਵਰਗਾ ਕਤਲੇਆਮ ਨੂੰ ਅੱਗੇ ਤੋਂ ਨਾ ਦੁਹਰਾਇਆ ਜਾਵੇ। ਕਿਸੇ ਵੀ ਜਾਤ-ਧਰਮ ਜਾਂ ਨਾਗਰਿਕ ਨੂੰ ਇਸ ਦਾ ਨਿਸ਼ਾਨਾ ਨਾ ਬਣਾਇਆ ਜਾਵੇ।

ਉਨ੍ਹਾਂ ਕਿਹਾ ਕਿ 1984 ਦੇ ਕਤਲੇਆਮ ਦੀ 32ਵੀਂ ਵਰ੍ਹੇਗੰਢ ਹੈ। ਕਈ ਲੋਕ ਕਹਿੰਦੇ ਹਨ ਕਿ 32 ਸਾਲ ਹੋ ਗਏ ਭੁੱਲ ਜਾਓ। ਜੇਕਰ ਇਹ 32 ਸਾਲਾਂ ਵਿਚ ਕਦੇ ਵੀ ਦੁਹਰਾਇਆ ਨਾ ਗਿਆ ਹੁੰਦਾ ਤਾਂ ਅਸੀਂ ਸ਼ਾਇਦ ਇਸ ਨੂੰ ਭੁੱਲਣ ਬਾਰੇ ਸੋਚ ਸਕਦੇ ਸੀ। ਪਰ ਇਹੋ ਜਿਹਾ ਕਤਲੇਆਮ ਪਿਛਲੇ 32 ਸਾਲਾਂ ਵਿਚ ਕਈ ਵਾਰੀ ਦੁਹਰਾਇਆ ਗਿਆ ਹੈ। ਉਨ੍ਹਾਂ ਕਾਤਲਾਂ ਦਾ ਨਿਸ਼ਾਨਾ ਹੋਰ ਘੱਟ-ਗਿਣਤੀ ਲੋਕ ਸਨ। ਤਰੀਕਾ ਉਹੀ ਸੀ। '48 ਵਿੱਚ ਸਿੱਖ, 1993 ਵਿੱਚ ਮੁਸਲਮਾਨ, 2002 ਗੋਧਰਾ-ਗੁਜਰਾਤ ਵਿਚ ਮੁਸਲਮਾਨ, ਉੜੀਸਾ ਵਿਚ ਕ੍ਰਿਸਚਨ ਤੇ ਕਈ ਥਾਂ 'ਤੇ ਦਲਿਤ ਤੇ ਹੁਣ ਹਰਿਆਣਾ ਵਿਚ ਜਾਟ ਅੰਦੋਲਨ ਵਿਚ ਤਾਂ ਕੋਈ ਵੀ ਨਹੀਂ ਛੱਡਿਆ।

ਉਨ੍ਹਾਂ ਕਿਹਾ ਕਿ ਇਹ ਰਿਵਾਜ਼ 1984 ਵਿਚ ਸ਼ੁਰੂ ਹੋਇਆ ਕਿ ਸੈਂਕੜੇ-ਹਜ਼ਾਰਾਂ ਲੋਕ ਮਾਰੋ ਤੇ ਉਸ ਤੋਂ ਬਾਅਦ ਚੋਣਾਂ ਵਿਚ ਉਸ ਦਾ ਲਾਭ ਲਵੋ। ਇਹ ਮਾਨਸਿਕਤਾ ਅਜੇ ਵੀ ਉਸੇ ਤਰ੍ਹਾਂ ਚੱਲ ਰਹੀ ਹੈ। ਇਸ ਮਾਨਸਿਕਤਾ ਨੂੰ ਰੋਕਣ ਲਈ ਇਹ ਕਤਲੇਆਮ ਕਰਾਉਣ ਵਾਲੇ ਮੁਲਜ਼ਮਾਂ ਨੂੰ ਸਜ਼ਾ ਦਿਵਾਉਣੀ ਬਹੁਤ ਜ਼ਰੂਰੀ ਹੈ। ਭਾਵੇਂ 1984 ਵਿਚ ਕੁਝ ਮੁਲਜ਼ਮਾਂ ਨੂੰ ਸਜ਼ਾ ਹੋਈ, ਜਿਨ੍ਹਾਂ ਵਿਚ ਇੱਕ ਐਮ.ਐਲ.ਏ. ਤੇ ਕਾਉਂਸਲਰ ਵੀ ਹੈ ਪਰ ਇਸ ਕਤਲੇਆਮ ਦੇ ਮੁੱਖ ਦੋਸ਼ੀ ਜਗਦੀਸ਼ ਟਾਈਟਲਰ, ਸੱਜਣ ਕੁਮਾਰ, ਕਮਲਨਾਥ ਅਜੇ ਵੀ ਉੱਚ ਪਦਵਿਆਂ 'ਤੇ ਬੈਠੇ ਹਨ। ਜੇ ਇਨ੍ਹਾਂ ਨੂੰ ਸਜਾ ਹੋ ਜਾਏ ਤਾਂ ਇਹੋ ਜਹੀ ਸੋਚ ਦੇ ਲੀਡਰਾਂ ਲਈ ਸਬਕ ਬਣ ਜਾਵੇਗਾ ਕਿ ਤੁਸੀਂ ਆਪਣੀ ਤਾਕਤ ਦੇ ਜ਼ੋਰ 'ਤੇ ਜਵਾਨੀ ਵਿਚ ਇਹੋ ਜਹੇ ਜੁਰਮ ਕਰੋਗੇ ਤਾਂ ਬੁਢਾਪਾ ਜੇਲ੍ਹਾਂ ਵਿਚ ਕੱਟਣਾ ਪਵੇਗਾ।

## ਪਾਕਿਸਤਾਨ : ਬੌਬੀ ਸਿੰਘ ਤੇ ਡਾ. ਵਿਰਦੀ ਨੇ ਸਿੱਖ ਯਾਦਗਾਰਾਂ ਬਾਰੇ ਵਿਚਾਰ ਸਾਂਝੇ ਕੀਤੇ

**ਲਾਹੌਰ/ਬਿਊਰੋ ਨਿਊਜ਼ :**
ਪੰਜਾਬ ਯੂਨੀਵਰਸਿਟੀ, ਪਾਕਿਸਤਾਨ ਦੇ ਸਟੱਡੀ ਸੈਂਟਰ ਵਲੋਂ 'ਪਾਕਿਸਤਾਨ ਵਿਚ ਸਿੱਖ ਯਾਦਗਾਰਾਂ' ਬਾਰੇ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇੰਗਲੈਂਡ ਤੋਂ ਉਘੇ ਬੁੱਧੀਜੀਵੀ ਤੇ ਇਤਿਹਾਸਕਾਰ ਬੌਬੀ ਸਿੰਘ ਅਤੇ ਡਾ. ਪ੍ਰਿਤਪਾਲ ਵਿਰਦੀ ਇਸ ਸੈਮੀਨਾਰ ਦੇ ਮੁੱਖ ਬੁਲਾਰੇ ਸਨ।



ਬੌਬੀ ਸਿੰਘ ਨੇ ਆਪਣੇ ਭਾਸ਼ਣ ਵਿਚ ਲਾਹੌਰ ਸ਼ਹਿਰ ਦੀ ਇਤਿਹਾਸਕ ਮਹੱਤਤਾ 'ਤੇ ਮਹੱਤਵਪੂਰਨ ਚਾਨਣਾ ਪਾਇਆ। ਉਨ੍ਹਾਂ ਪਾਕਿਸਤਾਨ ਵਿਚ ਸਥਾਪਤ ਸਿੱਖ ਯਾਦਗਾਰਾਂ ਬਾਰੇ ਜਾਣਕਾਰੀ ਦਿੱਤੀ। ਇਨ੍ਹਾਂ ਯਾਦਗਾਰਾਂ ਦੇ ਇਤਿਹਸਾਕ ਪਹਿਲੂਆਂ ਅਤੇ ਮੌਜੂਦਾ ਸਥਿਤੀਆਂ ਬਾਰੇ ਵਿਸਥਾਰ ਨਾਲ ਦੱਸਿਆ।

ਪਾਕਿਸਤਾਨ ਸਟੱਡੀ ਸੈਂਟਰ ਦੇ ਡਾਇਰੈਕਟਰ ਪ੍ਰੋ. ਡਾ. ਮਸੱਰਤ ਅਬੀਦ ਨੇ ਅਦੀਬ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਡਾ. ਅਮਜਦ ਅੱਬਾਸ ਮਗਸੀ ਨੇ ਪ੍ਰੋਗਰਾਮ ਦਾ ਸੰਚਾਲਨ ਕੀਤਾ।

# ਗੱਦੀ ਤੇ ਰੁਤਬਾ : ਕੇਵਲ ਕਾਰਗੁਜ਼ਾਰੀ ਹੀ ਅਸਲ ਯੋਗਤਾ

**ਹਰੀਸ਼ ਖਰੇ**



ਇੱਕ ਯੁਵਾ ਸੀਈਓ ਸਾਇਰਸ ਮਿਸਤਰੀ ਨੂੰ ਬਾਂਬੇ ਹਾਊਸ ਵਿਚਲੀ ਵੱਕਾਰੀ ਗੱਦੀ ਤੋਂ ਅਚਨਚੇਤੀ ਪਾਸੇ ਕਰ ਦਿੱਤਾ ਗਿਆ; ਬਾਂਬੇ ਹਾਊਸ ਉਹ ਵਿਲੱਖਣ ਮੁੱਖ ਦਫ਼ਤਰ ਹੈ ਜਿੱਥੋਂ ਟਾਟਾ ਸਾਮਰਾਜ ਉੱਤੇ ਨਿਅੰਤਰਣ ਰੱਖਿਆ ਜਾਂਦਾ ਹੈ ਅਤੇ ਇਸ ਦੇ ਪਾਸਾਰ ਦੀਆਂ ਯੋਜਨਾਵਾਂ ਵੀ ਉਲੀਕੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਇੱਕ ਹੋਰ ਯੁਵਾ ਆਗੂ ਅਖਿਲੇਸ਼ ਯਾਦਵ ਲਖਨਊ ਵਿਚ ਮੁੱਖ ਮੰਤਰੀ ਦੀ ਗੱਦੀ ਦਾ ਮਾਲਕ ਹੋਣ ਦੇ ਬਾਵਜੂਦ ਤਿਰਸਕਾਰ ਤੇ ਨਮੋਸ਼ੀ ਵਾਲੇ ਹਾਲਾਤ ਨਾਲ ਦੋ-ਚਾਰ ਹੋ ਰਿਹਾ ਹੈ। ਉੱਧਰ, ਦਿੱਲੀ ਵਿਚ ਰਾਹੁਲ ਗਾਂਧੀ, ਜੋ ਹੁਣ ਬਹੁਤਾ ਯੁਵਾ ਵੀ ਨਹੀਂ ਰਿਹਾ, ਨੂੰ ਵੀ ਤਿਰਸਕਾਰ ਤੇ ਹਾਸੇ-ਠੱਠੇ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ ਭਾਵੇਂ ਕਿ ਕਾਂਗਰਸ ਪਾਰਟੀ ਉੱਤੇ ਉਸ ਦਾ ਮਜ਼ਬੂਤ ਕੰਟਰੋਲ ਬਣਿਆ ਹੋਇਆ ਹੈ। ਇਹ ਤਿੰਨੇ ਘਟਨਾਵਾਂ ਸਾਨੂੰ ਇਹੋ ਦੱਸਦੀਆਂ ਹਨ ਕਿ ਇੱਕ ਗੱਦੀ 'ਤੇ ਬੈਠਣ ਨਾਲ ਕਿੰਨੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਿਉਂਕਿ ਅਸੀਂ ਇਸ ਵੇਲੇ ਇੱਕ ਬਹੁਤ ਔਖੇ ਅਤੇ ਸਨਕਪੁਣੇ ਵਾਲੇ ਯੁੱਗ ਵਿੱਚੋਂ ਗੁਜ਼ਰ ਰਹੇ ਹਾਂ, ਇਸ ਵਿੱਚ ਵਿਰਾਸਤ ਵਿੱਚ ਕੋਈ ਗੱਦੀ ਹਾਸਲ ਕਰ ਲੈਣਾ ਸੁਖਾਲਾ ਤਾਂ ਹੋ ਸਕਦਾ ਹੈ ਪਰ ਇਹ ਜ਼ਰੂਰੀ ਨਹੀਂ ਕਿ ਤੁਸੀਂ ਇਸ ਰੁਤਬੇ ਦੇ ਸਹੀ ਵਾਰਸ ਤੇ ਸੁਚੱਜੇ ਹੱਕਦਾਰ ਸਿੱਧ ਹੋਵੋਗੇ।

ਕੋਈ ਸਮਾਂ ਹੁੰਦਾ ਸੀ ਜਦੋਂ 'ਮਹਾਰਾਜ ਚੱਲ ਵਸੇ ਹਨ, ਨਵੇਂ ਮਹਾਰਾਜ ਦੀ ਜੈ ਹੋ' ਵਾਲੀ ਰਵਾਇਤ ਖ਼ੁਦ-ਬਖ਼ੁਦ ਲਾਗੂ ਹੋ ਜਾਂਦੀ ਸੀ। ਨਵੇਂ ਰਾਜੇ ਪ੍ਰਤੀ ਆਦੇਸ਼, ਆਗਿਆ ਪਾਲਣ ਤੇ ਸਮਰਪਣ ਨਾਲ ਜੁੜੀਆਂ ਸਾਰੀਆਂ ਵਫ਼ਾਦਾਰੀਆਂ ਆਪਣੇ ਆਪ ਅਮਲ ਵਿੱਚ ਆ ਜਾਂਦੀਆਂ ਸਨ। ਸਮਰਾਟਸ਼ਾਹੀ ਨੂੰ ਹਰ ਤਰ੍ਹਾਂ ਨਾਲ ਰੱਬੀ ਬਰਕਤ ਵਾਲਾ ਪ੍ਰਬੰਧ ਸਮਝਿਆ ਜਾਂਦਾ ਸੀ। ਸਮਾਂ ਬਦਲਣ ਦੇ ਨਾਲ ਲੋਕਤੰਤਰੀ ਪ੍ਰਣਾਲੀਆਂ ਨੇ ਜਾਨਸ਼ੀਨੀ ਦੇ ਆਪਣੇ ਰੀਤੀ-ਰਿਵਾਜ ਵਿਕਸਿਤ ਕਰ ਲਏ। ਅੱਜ ਇਸ ਆਧੁਨਿਕ ਦੌਰ ਵਿੱਚ ਕਿਸੇ ਵਿਸ਼ੇਸ਼ ਅਹੁਦੇ 'ਤੇ ਨਿਯੁਕਤ ਹੋ ਜਾਣ ਨਾਲ ਜ਼ਰੂਰੀ ਨਹੀਂ ਕਿ ਤੁਹਾਨੂੰ ਫ਼ੌਰੀ ਤੌਰ 'ਤੇ ਇੱਜ਼ਤ ਤੇ ਮਾਨਤਾ ਵੀ ਮਿਲਣ ਲੱਗ ਪਵੇ। ਅਜੋਕੀ ਲੀਡਰਸ਼ਿਪ ਨੂੰ ਤਾਂ ਖ਼ੁਦ ਨੂੰ ਨਿਰੰਤਰ ਨਵਿਆਉਣਾ ਪੈਂਦਾ ਹੈ ਤੇ ਮਾਣ-ਤਾਣ ਵੀ ਆਪਣੀ ਕਾਰਗੁਜ਼ਾਰੀ ਦੇ ਜ਼ਰੀਏ ਹਾਸਲ ਕਰਨਾ ਪੈਂਦਾ ਹੈ।

ਦੂਜੇ ਪਾਸੇ, ਅਰਧ-ਧਾਰਮਿਕ ਸੰਸਥਾਵਾਂ, ਜਿਵੇਂ ਕਿ ਧਾਰਮਿਕ ਜਾਂ ਰੂਹਾਨੀ ਡੇਰਿਆਂ ਵਿੱਚ ਗੱਦੀ ਆਪਣੇ ਆਪ ਹੀ ਇੱਕ ਤਾਕਤਵਰ ਤੇ ਪ੍ਰਭਾਵਸ਼ਾਲੀ ਪ੍ਰਤੀਕ ਬਣ ਜਾਂਦੀ ਹੈ। ਇਸ ਉੱਤੇ ਕਾਬਜ਼ ਗੁਰੂ ਜਾਂ ਬਾਬੇ ਜਾਂ ਮਹੰਤ ਨੂੰ ਸੰਗਤ ਵਿੱਚ ਮੌਜੂਦ ਸਮੂਹ ਸ਼ਰਧਾਲੂਆਂ ਦੀ (ਲਗਭਗ) ਪੂਰੀ ਵਫ਼ਾਦਾਰੀ ਮਿਲਦੀ ਹੈ। ਸ਼ਰਧਾਲੂਆਂ ਦਾ ਸਮੂਹ ਤਹਿ ਦਿਲੋਂ ਆਪਣੇ ਨਵੇਂ 'ਆਗੂ' ਵਿੱਚ ਜਾਦੂਮਈ ਗੁਣ ਵੇਖਣਾ ਚਾਹੁੰਦਾ ਹੈ;

**ਅਸੀਂ ਹੁਣ ਅਜਿਹੇ ਯੁੱਗ ਵਿੱਚੋਂ ਲੰਘ ਰਹੇ ਹਾਂ, ਜਿੱਥੇ ਵਿਸ਼ੇਸ਼ ਤੇ ਵਿਲੱਖਣ ਗੁਣਾਂ ਵਾਲਿਆਂ ਦੀ ਚੜ੍ਹਤ ਤੇ ਕਦਰ ਹੈ। ਜਿਨ੍ਹਾਂ ਨੂੰ ਗੱਦੀ ਵਿਰਾਸਤ ਵਿੱਚ ਮਿਲੀ ਹੈ, ਉਨ੍ਹਾਂ ਨੂੰ ਇਹ ਚੇਤੇ ਰੱਖਣਾ ਹੋਵੇਗਾ ਕਿ ਸਿਆਸੀ ਕਾਰਜ-ਖੇਤਰ ਵਿਚਲੀ ਕਾਰਗੁਜ਼ਾਰੀ ਤੇ ਲੀਡਰਸ਼ਿਪ ਦੀਆਂ ਜ਼ਰੂਰਤਾਂ ਵਿੱਚ ਪਰਿਵਾਰਕ ਵਿਰਾਸਤ ਜਾਂ ਪਰਿਵਾਰਕ ਅਤੀਤ ਕੋਈ ਬਹੁਤਾ ਪ੍ਰਭਾਵਸ਼ਾਲੀ ਸਿੱਧ ਨਹੀਂ ਹੁੰਦਾ। ਪਰਿਵਾਰਕ ਵਿਰਾਸਤ ਨਾਲ ਕੋਈ ਗੱਦੀ ਪੱਕੀ ਨਹੀਂ ਹੋ ਜਾਂਦੀ ਅਤੇ ਨਾ ਹੀ ਇਹ ਲੋਕਤੰਤਰੀ ਉਚਿਤਤਾ ਯਕੀਨੀ ਬਣਾਉਂਦੀ ਹੈ।**



ਸ਼ਰਧਾਲੂਆਂ ਦੀ ਵਫ਼ਾਦਾਰੀ ਖ਼ੁਦ-ਬਖ਼ੁਦ ਹੀ ਮ੍ਰਿਤਕ ਮਹੰਤ ਦੀ ਥਾਂ ਉਸ ਦੇ ਵਾਰਸ ਕੋਲ ਚਲੀ ਜਾਂਦੀ ਹੈ ਕਿਉਂਕਿ ਉਨ੍ਹਾਂ ਨੂੰ ਯਕੀਨ ਹੁੰਦਾ ਹੈ ਕਿ ਉਸ ਵਿੱਚ ਉਨ੍ਹਾਂ ਦੀਆਂ ਸਰੀਰਿਕ ਅਤੇ ਰੂਹਾਨੀ ਬਿਮਾਰੀਆਂ ਤੇ ਪਰੇਸ਼ਾਨੀਆਂ ਦੂਰ ਕਰਨ ਦੀ ਯੋਗਤਾ ਤੇ ਸਮਰੱਥਾ ਹੈ। ਅਜਿਹਾ ਹੋਣ ਦੇ ਬਾਵਜੂਦ ਕੁਝ ਡੇਰਾ ਮੁਖੀਆਂ ਨੂੰ ਆਪਣੀ ਗੱਦੀ ਦੀ ਹਿਫਾਜ਼ਤ ਲਈ ਹਥਿਆਰਬੰਦ ਰਾਖਿਆਂ ਦੀ ਮਦਦ ਲੈਣੀ ਪੈਂਦੀ ਹੈ। ਕਿਸੇ ਸਿਆਸੀ ਪਾਰਟੀ ਜਾਂ ਸਰਕਾਰ ਜਾਂ ਕਿਸੇ ਵੱਡੇ ਵਪਾਰਕ ਅਦਾਰੇ ਦੀ ਜਮਹੂਰੀ ਬਣਤਰ ਵਿੱਚ ਗੱਦੀ ਸੰਭਾਲਣੀ ਤੇ ਇਸ ਉੱਤੇ ਪਕੜ ਮਜ਼ਬੂਤ ਕਰਨੀ ਇੱਕ ਬਿਲਕੁਲ ਹੀ ਵੱਖਰੀ ਕਿਸਮ ਦੀ ਗੱਲ ਹੈ। ਜਿਹੜੇ ਗੱਦੀ ਉੱਤੇ ਬੈਠਦੇ ਹਨ, ਉਹ ਇਹ ਰੋਣਾ ਰੋ ਸਕਦੇ ਹਨ ਕਿ ਉਨ੍ਹਾਂ ਨੂੰ ਆਪਣੀ ਸਹੀ ਸਮਰੱਥਾ ਅਤੇ ਪ੍ਰਤਿਭਾ ਵਿਖਾਉਣ ਲਈ ਵਾਜਬ ਆਜ਼ਾਦੀ ਨਹੀਂ ਦਿੱਤੀ ਗਈ, ਪਰ ਆਧੁਨਿਕ ਸੰਗਠਨ ਦਾ ਸੁਭਾਅ ਹੀ ਅਜਿਹਾ ਹੈ ਕਿ ਇਸ ਵਿੱਚ ਦੋਸਤਾਂ ਅਤੇ ਦੁਸ਼ਮਣਾਂ ਵਿਚਾਲੇ ਰੱਸਾਕਸ਼ੀ ਜਾਰੀ ਰਹਿਣੀ ਇੱਕ ਦਸਤੂਰ ਵਾਂਗ ਹੈ। ਅਜੋਕੀ ਗੱਦੀ 'ਤੇ ਬੈਠੇ ਵਿਅਕਤੀ ਨੂੰ ਹਰ ਵੇਲੇ ਲਗਾਤਾਰ ਖ਼ੁਦ ਨੂੰ ਕਾਬਲ ਸਿੱਧ ਕਰਨਾ ਪੈਂਦਾ ਹੈ ਅਤੇ ਜੇ ਕੋਈ ਸਾਇਰਸ ਮਿਸਤਰੀ ਆਪਣੀ ਕਾਰਗੁਜ਼ਾਰੀ ਵਿਖਾਉਣ ਦੇ ਯੋਗ ਨਹੀਂ, ਜਾਂ ਉਸ ਬਾਰੇ ਇਹ ਪ੍ਰਭਾਵ ਬਣ ਜਾਵੇ ਕਿ ਉਹ ਆਪਣੇ ਰੁਤਬੇ ਦੇ ਹਾਣ ਦਾ ਨਹੀਂ, ਤਦ ਉਸ ਸਥਿਤੀ ਦੀ ਦਰੁਸਤਗੀ ਲਈ ਕੁਝ ਨਾ ਕੁਝ ਕਰਨਾ ਜ਼ਰੂਰ ਪੈਂਦਾ ਹੈ।

ਜਨਤਕ ਕਾਰਜ-ਖੇਤਰ ਵਿੱਚ ਇਸ ਗੱਲ ਦੀ ਕੋਈ ਗਾਰੰਟੀ ਨਹੀਂ ਹੈ ਕਿ ਗੱਦੀਨਸ਼ੀਨ ਨੂੰ ਅੱਗਿਓਂ ਕੋਈ ਚੁਣੌਤੀ ਨਹੀਂ ਦੇਵੇਗਾ। ਆਧੁਨਿਕ ਜਮਹੂਰੀ ਅਹੁਦਿਆਂ ਲਈ ਵਾਦ-ਵਿਵਾਦ ਤਾਂ ਹੁਣ ਇੱਕ ਆਮ ਜਿਹੀ ਗੱਲ ਹੋ ਗਈ ਹੈ। ਇੱਕ ਜਮਹੂਰੀ ਸਥਾਪਨਾ ਵਿੱਚ ਗੱਦੀ ਦੀ ਸਭ ਤੋਂ ਵਧੀਆ ਸੁਰੱਖਿਆ ਕੇਵਲ ਉਦੋਂ ਸੰਭਵ ਹੋ ਸਕਦੀ ਹੈ ਜੇ ਲੀਡਰਸ਼ਿਪ ਨੂੰ ਨਿੱਗਰ ਢੰਗ ਨਾਲ ਨਿਰੰਤਰ ਨਵਿਆਇਆ ਜਾਂਦਾ ਰਹੇ। ਇਸ ਤੋਂ ਭਾਵ ਹੈ ਕਿ ਜ਼ਿੰਮੇਵਾਰੀ ਨੂੰ ਨਵੇਂ ਸਿਰੇ ਤੋਂ ਪਰਿਭਾਸ਼ਿਤ ਕਰਨ ਤੇ ਉਸ ਦਾ ਦਾਇਰਾ ਵਧਾਉਣ ਦੀ ਸਮਰੱਥਾ ਅਤੇ ਨਾਲ ਹੀ ਆਪਣੇ ਹੁਨਰ ਦੀ ਵਿਆਖਿਆ ਕਰਨ, ਇਹ ਦਰਸਾਉਣ ਕਿ ਕਿਸ ਢੰਗ ਨਾਲ ਕੰਮ ਹੁੰਦਾ ਹੈ ਅਤੇ ਕਿਸ ਨਾਲ ਨਹੀਂ, ਕੀ-ਕੁਝ ਬਦਲਣ ਦੀ ਲੋੜ ਹੈ ਅਤੇ ਅਜਿਹੀ ਤਬਦੀਲੀ ਕਿਵੇਂ ਲਿਆਂਦੀ ਜਾ ਸਕਦੀ ਹੈ; ਇਹ ਸਭ ਯੋਗਤਾ ਹੋਣੀ ਜ਼ਰੂਰੀ ਹੈ। ਤਬਦੀਲੀ ਨੂੰ ਕੌਸ਼ਲ ਤੇ ਮੁਹਾਰਤ ਨਾਲ ਅੰਜਾਮ ਦੇਣ ਨਾਲ ਵੀ ਗੱਦੀ ਉੱਤੇ ਪਕੜ ਮਜ਼ਬੂਤ ਹੋ ਸਕਦੀ ਹੈ; ਜਾਂ ਜੇ ਅਜੋਕੇ ਦੌਰ ਦੀ ਸ਼ਬਦਾਵਲੀ ਵਰਤੀਏ ਤਾਂ ਕਿਹਾ ਜਾ ਸਕਦਾ ਹੈ ਕਿ ਗੱਦੀ ਦੀ ਬ੍ਰਾਂਡ-ਵੈਲਿਊ ਵੱਧ ਸਕਦੀ ਹੈ।

ਸਾਇਰਸ ਮਿਸਤਰੀ ਦੇ ਮਾਮਲੇ ਵਿੱਚ, ਕਿਸੇ ਨੇ ਇਹ ਨਹੀਂ ਦੱਸਿਆ ਕਿ ਉਸ ਨੇ ਕੁਝ 'ਪ੍ਰਮੁੱਖ ਵਿਰਾਸਤੀ ਤਪਸ਼ ਕੇਂਦਰਾਂ' ਤੋਂ ਖ਼ਤਰਨਾਕ ਵਿਕਿਰਣਾਂ ਦਾ ਰਿਸਾਅ ਘਟਾਉਣ ਲਈ ਕੀ ਕੁਝ ਤਜਵੀਜ਼ ਕੀਤਾ। ਅਖਿਲੇਸ਼ ਯਾਦਵ ਦੇ ਮਾਮਲੇ ਵਿੱਚ, ਇਹ ਬਹੁਤਾ ਸਪਸ਼ਟ ਨਹੀਂ ਹੋਇਆ ਕਿ ਉਸ ਦੇ ਆਪਣੇ ਚਾਚੇ ਸ਼ਿਵਪਾਲ ਸਿੰਘ ਯਾਦਵ ਤੇ ਆਪਣੇ ਪਿਤਾ ਮੁਲਾਇਮ ਸਿੰਘ ਯਾਦਵ ਨਾਲ ਕਿਹੜੇ ਕਿਹੜੇ ਮੁੱਦਿਆਂ ਨੂੰ ਲੈ ਕੇ ਮੱਤਭੇਦ ਹਨ। ਰਾਹੁਲ ਗਾਂਧੀ ਦੇ ਮਾਮਲੇ ਵਿੱਚ, ਕੋਈ ਕਾਂਗਰਸੀ ਭਰੋਸੇ ਨਾਲ ਇਹ ਨਹੀਂ ਆਖ ਸਕਦਾ ਕਿ ਇਸ 'ਯੁਵਰਾਜ' ਨੇ ਨਹਿਰੂ-ਗਾਂਧੀ ਵਿਰਾਸਤ ਨੂੰ ਰਾਸ਼ਟਰ ਦੀ ਬਦਲ ਚੁੱਕੀਆਂ ਚੇਤਨਾਵਾਂ ਮੁਤਾਬਕ ਢਾਲਣ ਅਤੇ ਆਮ ਲੋਕਾਂ ਲਈ ਆਕਰਸ਼ਕ ਬਣਾਉਣ ਲਈ ਕੀ ਕੁਝ ਨਵਾਂ ਕੀਤਾ। ਦਰਅਸਲ, ਰਾਹੁਲ ਗਾਂਧੀ ਦੇ ਮਾਮਲੇ ਵਿੱਚ ਤਾਂ ਇਹ ਵੀ ਸਪਸ਼ਟ ਨਹੀਂ ਹੈ ਕਿ ਉਹ ਇਸ ਗੱਲ ਨੂੰ ਸਮਝਦਾ ਵੀ ਹੈ ਕਿ 1984 ਦੇ ਬਾਅਦ ਤੋਂ ਭਾਰਤ ਨੇ ਆਪਣੀਆਂ ਤਰਜੀਹਾਂ ਤੇ ਸੰਵੇਦਨਾਵਾਂ ਨੂੰ ਕਿੰਨੇ ਨਾਟਕੀ ਢੰਗ ਨਾਲ ਬਦਲ ਲਿਆ ਹੈ।

ਸਾਇਰਸ-ਅਖਿਲੇਸ਼-ਰਾਹੁਲ ਦੀ ਇਹ ਝਾਕੀ ਸਾਨੂੰ ਦੱਸਦੀ ਹੈ ਕਿ ਜਨਮ ਦੇ ਆਧਾਰ ਉੱਤੇ ਜਾਂ ਜੱਦੀ ਨਿਯੁਕਤੀ ਰਾਹੀਂ ਕੋਈ ਅਹੁਦਾ ਜ਼ਰੂਰ ਮਿਲ ਸਕਦਾ ਹੈ ਪਰ ਇਸ ਨਾਲ ਮੁਹਾਰਤ ਜਾਂ ਪ੍ਰਭਾਵਿਕਤਾ ਦੀ ਪ੍ਰਾਪਤੀ ਆਪਣੇ-ਆਪ ਨਹੀਂ ਹੋ ਜਾਂਦੀ। ਸ਼ਾਇਦ ਅਜਿਹਾ ਸਭ ਤੋਂ ਬਿਹਤਰੀਨ ਤੇ ਸਭ ਤੋਂ ਵੱਧ ਪ੍ਰਭਾਵਸ਼ਾਲੀ ਅਹੁਦਾ ਉਹ ਸੀ, ਜਿਹੜਾ ਮਹਾਤਮਾ ਗਾਂਧੀ ਤੋਂ ਹੁੰਦਾ ਹੋਇਆ ਜਵਾਹਰਲਾਲ ਨਹਿਰੂ ਨੂੰ ਮਿਲਿਆ ਸੀ। ਇਹ ਤਬਦੀਲੀ ਇਸ ਕਰਕੇ ਕਾਰਗਰ ਸਾਬਤ ਹੋਈ ਕਿਉਂਕਿ ਜਵਾਹਰਲਾਲ ਕੋਈ ਛੋਟੇ ਕੱਦ-ਬੁੱਤ ਵਾਲੇ ਵਿਅਕਤੀ ਨਹੀਂ ਸਨ। ਇਤਿਹਾਸਕਾਰ ਬੀ.ਆਰ. ਨੰਦਾ ਨੇ ਇਸ ਰਿਸ਼ਤੇ ਦੀ ਤਹਿ ਤੱਕ ਪੁੱਜਣ ਦਾ ਯਤਨ ਕੀਤਾ ਹੈ। ਉਨ੍ਹਾਂ ਲਿਖਿਆ ਹੈ: "ਪਾਰਟੀ ਅਤੇ ਦੇਸ਼ ਵਿੱਚ ਨਹਿਰੂ ਨੇ ਆਪਣੇ ਗੁਣਾਂ ਦੀ ਬਦੌਲਤ ਹੀ ਆਪਣੀ ਜਗ੍ਹਾ ਬਣਾਈ। ਉੱਚ ਆਦਰਸ਼ਵਾਦ ਤੇ ਗਤੀਸ਼ੀਲਤਾ, ਅਥਾਹ ਊਰਜਾ ਤੇ ਮਜ਼ਬੂਤ ਆਸ਼ਾਵਾਦ, ਆਪਣੀ ਪਾਰਟੀ ਤੇ ਦੇਸ਼ ਦੀ ਤਕਦੀਰ ਵਿੱਚ ਅਟੁੱਟ ਭਰੋਸਾ, ਨੌਜਵਾਨਾਂ ਵਿੱਚ ਤੇਜਪੂਰਨ ਪ੍ਰਭਾਵ ਤੇ ਆਮ ਜਨਤਾ ਵਿਚ ਮਕਬੂਲੀਅਤ ਦਾ ਗਲੈਮਰ ਉਹ ਖ਼ੂਬੀਆਂ ਸਨ ਜਿਨ੍ਹਾਂ ਨੇ ਨਹਿਰੂ ਦਾ ਉੱਚ ਮੁਕਾਮ 'ਤੇ ਪੁੱਜਣਾ ਸੰਭਵ ਬਣਾਇਆ। ਫਿਰ ਵੀ, ਇਸ ਬਾਰੇ ਸ਼ੱਕ ਹੈ ਕਿ ਜੇ ਗਾਂਧੀ ਉਨ੍ਹਾਂ ਨੂੰ 1929 ਅਤੇ 1936 ਵਿਚ ਨਾਜ਼ੁਕ ਸਮਿਆਂ ਵੇਲੇ ਅੱਗੇ ਨਾ ਲਿਆਉਂਦੇ, ਤਾਂ ਉਹ ਇੰਨੀ ਛੇਤੀ ਪਾਰਟੀ ਲੀਡਰਸ਼ਿਪ ਦੇ ਸਿਖ਼ਰ 'ਤੇ ਨਹੀਂ ਸਨ ਪੁੱਜ ਸਕਣੇ।" ਇਸ ਸਭ ਦੇ ਬਾਵਜੂਦ ਇਸ ਰਿਸ਼ਤੇ ਨੇ ਕੰਮ ਕੀਤਾ ਕਿਉਂਕਿ ਮਹਾਤਮਾ ਨੂੰ ਇਹ ਭਰੋਸਾ ਸੀ ਕਿ ਮਨੋਵੇਗੀ ਤੇ ਕੱਟੜ ਸੁਧਾਰਵਾਦੀ ਹੋਣ ਵਰਗੀਆਂ ਕਮਜ਼ੋਰੀਆਂ ਦੇ ਬਾਵਜੂਦ ਨਹਿਰੂ "ਏਨੇ ਕੁ ਵਿਨਮਰ ਤੇ ਵਿਵਹਾਰਕ ਸਨ ਕਿ ਸਿਖ਼ਰ ਦੇ ਤਣਾਅ ਵਾਲੀਆਂ ਸਥਿਤੀਆਂ ਵਿੱਚ ਵੀ ਆਪੇ ਤੋਂ ਬਾਹਰ ਨਹੀਂ ਸੀ ਹੁੰਦੇ।"

ਮੁੰਬਈ, ਲਖਨਊ ਤੇ ਦਿੱਲੀ ਵਿੱਚ ਗੱਦੀ ਨੂੰ ਲੈ ਕੇ ਹੋ ਰਹੀ ਉਥਲ-ਪੁਥਲ ਦੇ ਬਾਵਜੂਦ ਯੁਵਾ ਪੀੜ੍ਹੀ ਦੀ ਅਸਫ਼ਲਤਾ ਦਾ ਸੋਗ ਮਨਾਉਣ ਦੀ ਲੋੜ ਨਹੀਂ ਕਿਉਂਕਿ ਕੇਵਲ ਯੁਵਾ ਹੋਣਾ ਹੀ ਆਪਣੇ ਆਪ ਵਿੱਚ ਕੋਈ ਵਾਜਬ ਯੋਗਤਾ ਨਹੀਂ ਹੁੰਦੀ। ਸਿਆਸਤ ਦੀ ਦੁਨੀਆ, ਜੋ ਆਗੂਆਂ ਤੇ ਪ੍ਰੇਰਨਾਦਾਇਕ ਵਿਚਾਰਾਂ ਤੇ ਆਦਰਸ਼ਾਂ ਦੁਆਲੇ ਘੁੰਮਦੀ ਹੈ, ਵਿਰਾਸਤ ਵਿੱਚ ਕੁਝ ਮਿਲ ਜਾਣ ਦਾ ਮਤਲਬ ਤੁਰਤ-ਫੁਰਤ ਸਫ਼ਲਤਾ ਨਹੀਂ ਹੁੰਦਾ। ਇੱਕ ਰਾਜਨੇਤਾ ਵਿੱਚ ਇਹ ਯੋਗਤਾ ਹੋਣੀ ਜ਼ਰੂਰੀ ਹੈ ਕਿ ਉਹ ਆਪਣੇ ਪਿੱਛੇ ਆਪਣੀ ਪਾਰਟੀ ਨੂੰ ਇੱਕਜੁਟ ਕਰ ਕੇ ਰੱਖੇ। ਇਸ ਲਈ ਉਸ ਨੂੰ ਸਿਆਸੀ ਸਿਧਾਂਤਾਂ ਅਤੇ ਵਿਸ਼ਵਾਸਾਂ ਦੇ ਆਧਾਰ ਉੱਤੇ ਇੱਕ ਰੂਪ-ਰੇਖਾ ਦਾ ਪ੍ਰਸਤਾਵ ਤਿਆਰ ਰੱਖਣਾ ਚਾਹੀਦਾ ਹੈ। ਪਰ ਅਖਿਲੇਸ਼ ਯਾਦਵ ਤੇ ਰਾਹੁਲ ਗਾਂਧੀ ਦੋਵਾਂ ਨੇ ਹੀ ਆਪੋ-ਆਪਣੀਆਂ ਪਾਰਟੀਆਂ ਦੀ ਸਥਿਤੀ ਨੂੰ ਮਜ਼ਬੂਤ ਕਰਨ ਤੇ ਇਨ੍ਹਾਂ ਦੀ 'ਬ੍ਰਾਂਡ ਵੈਲਿਊ' ਵਧਾਉਣ ਵੱਲ ਹਾਲੇ ਤੱਕ ਕੋਈ ਧਿਆਨ ਨਹੀਂ ਦਿੱਤਾ। ਹਾਲਾਂਕਿ ਅਖਿਲੇਸ਼ ਯਾਦਵ ਅਤੇ ਰਾਹੁਲ ਗਾਂਧੀ ਦਾ ਵਜੂਦ ਕੇਵਲ ਆਪੋ-ਆਪਣੇ ਪਰਿਵਾਰ ਕਾਰਨ ਹੀ ਹੈ, ਫਿਰ ਵੀ ਜੋ ਮਿਸ਼ਰਤ 'ਵਿਰਾਸਤ' ਉਨ੍ਹਾਂ ਨੂੰ ਜਾਂਨਸ਼ੀਨੀ ਦੇ ਰੂਪ ਵਿੱਚ ਮਿਲੀ, ਉਸ ਤੋਂ ਅਗਾਂਹ ਜਾਣ ਦੀ ਤਾਂਘ ਉਨ੍ਹਾਂ ਨੇ ਜ਼ਰੂਰ ਦਿਖਾਈ ਹੈ। ਗੱਦੀ ਦਾ ਸਾਡੇ ਮੌਜੂਦਾ ਦੌਰ ਦੇ ਮਿਜ਼ਾਜ ਨਾਲ ਕੋਈ ਤਾਲਮੇਲ ਨਹੀਂ। ਹੁਣ ਕੋਈ ਵੀ ਵਾਰਸ ਉਦੋਂ ਤੱਕ ਸਫ਼ਲ ਨਹੀਂ ਹੋ ਸਕਦਾ, ਜਦੋਂ ਤੱਕ ਕਿ ਉਹ ਕੋਈ ਨਵੀਂ ਸ਼ੁਰੂਆਤ ਨਹੀਂ ਕਰਦਾ ਕਿਉਂਕਿ ਲੀਡਰਸ਼ਿਪ ਦੀਆਂ ਜ਼ਰੂਰਤਾਂ ਅਪਰਿਵਰਤਿਤ ਰਹਿੰਦੀਆਂ ਹਨ। ਮਾਰਗਰੈੱਟ ਥੈਚਰ ਨੇ ਕਿਹਾ ਸੀ ਕਿ ਉਹ ਆਪਣੀ ਲੀਡਰਸ਼ਿਪ ਦੇ ਸਾਰੇ ਸਮੇਂ ਦੌਰਾਨ "ਇਸ ਗੱਲ ਨੂੰ ਲਗਾਤਾਰ ਮਹੱਤਵ ਦਿੰਦੀ ਰਹੀ ਕਿ ਰਾਹ ਚਾਹੇ ਜਿੰਨਾ ਵੀ ਮੁਸ਼ਕਲ ਕਿਉਂ ਨਾ ਹੋਵੇ ਤੇ ਮੰਜ਼ਿਲ ਤਕ ਪਹੁੰਚਣ ਵਿੱਚ ਕਿੰਨਾ ਵੀ ਸਮਾਂ ਕਿਉਂ ਨਾ ਲੱਗੇ, ਦਿਸ਼ਾ ਵਿੱਚ ਬੁਨਿਆਦੀ ਕਿਸਮ ਦੀ ਤਬਦੀਲੀ ਲਿਆਉਣ ਲਈ ਜ਼ੋਰ ਲੱਗਦਾ ਹੀ ਰਹਿਣਾ ਚਾਹੀਦਾ ਹੈ।" ਮਹਾਤਮਾ ਦਾ ਸਿਆਣਾ ਸਾਥ ਹੋਣ ਦੇ ਬਾਵਜੂਦ ਨਹਿਰੂ ਨੇ ਇੱਕ ਬਿਲਕੁਲ ਨਵੇਂ ਤਰੀਕੇ ਨਾਲ ਨਵੇਂ ਭਾਰਤ ਦੀ ਰੂਪ-ਰੇਖਾ ਤਿਆਰ ਕੀਤੀ ਸੀ; ਇੰਦਰਾ ਗਾਂਧੀ ਵੀ ਕੇਵਲ ਉਦੋਂ ਹੀ ਸਫ਼ਲ ਹੋ ਸਕੇ ਸਨ, ਜਦੋਂ ਉਨ੍ਹਾਂ ਨਹਿਰੂ ਦੇ ਵਿਚਾਰਾਂ ਤੋਂ ਕੁਝ ਵੱਖਰੇ ਤਰੀਕੇ ਚੱਲ ਕੇ ਵਿਖਾਇਆ। ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਨਰਿੰਦਰ ਮੋਦੀ ਨੇ ਵੀ ਵਾਜਪਾਈ ਦੀ ਵਿਰਾਸਤ ਨੂੰ ਚੁੱਪ-ਚੁਪੀਤੇ ਦਫ਼ਨ ਕਰ ਦਿੱਤਾ ਹੈ, ਇਸ ਦਾ ਜੋ ਮਰਜ਼ੀ ਅਰਥ ਸਮਝ ਲਵੋ!

ਅਸੀਂ ਹੁਣ ਅਜਿਹੇ ਯੁੱਗ ਵਿੱਚੋਂ ਲੰਘ ਰਹੇ ਹਾਂ, ਜਿੱਥੇ ਵਿਸ਼ੇਸ਼ ਤੇ ਵਿਲੱਖਣ ਗੁਣਾਂ ਵਾਲਿਆਂ ਦੀ ਚੜ੍ਹਤ ਤੇ ਕਦਰ ਹੈ। ਜਿਨ੍ਹਾਂ ਨੂੰ ਗੱਦੀ ਵਿਰਾਸਤ ਵਿੱਚ ਮਿਲੀ ਹੈ, ਉਨ੍ਹਾਂ ਨੂੰ ਇਹ ਚੇਤੇ ਰੱਖਣਾ ਹੋਵੇਗਾ ਕਿ ਸਿਆਸੀ ਕਾਰਜ-ਖੇਤਰ ਵਿਚਲੀ ਕਾਰਗੁਜ਼ਾਰੀ ਤੇ ਲੀਡਰਸ਼ਿਪ ਦੀਆਂ ਜ਼ਰੂਰਤਾਂ ਵਿੱਚ ਪਰਿਵਾਰਕ ਵਿਰਾਸਤ ਜਾਂ ਪਰਿਵਾਰਕ ਅਤੀਤ ਕੋਈ ਬਹੁਤਾ ਪ੍ਰਭਾਵਸ਼ਾਲੀ ਸਿੱਧ ਨਹੀਂ ਹੁੰਦਾ। ਪਰਿਵਾਰਕ ਵਿਰਾਸਤ ਨਾਲ ਕੋਈ ਗੱਦੀ ਪੱਕੀ ਨਹੀਂ ਹੋ ਜਾਂਦੀ ਅਤੇ ਨਾ ਹੀ ਇਹ ਲੋਕਤੰਤਰੀ ਉਚਿਤਤਾ ਯਕੀਨੀ ਬਣਾਉਂਦੀ ਹੈ।

# ਪੰਜਾਬੀ ਸੂਬੇ ਦੀ ਬਣਤਰ ਖ਼ਿਲਾਫ਼ ਅੰਦੋਲਨ ਕਰਨ ਵਾਲਾ ਅਕਾਲੀ ਦਲ ਹੁਣ ਮਨਾ ਰਿਹੈ ਜਸ਼ਨ

**ਚੰਡੀਗੜ੍ਹ/ਹਮੀਰ ਸਿੰਘ :** ਪੰਜਾਬੀ ਸੂਬੇ ਦੇ ਪੰਜਾਹ ਸਾਲ ਅਕਾਲੀ ਦਲ ਅਤੇ ਭਾਜਪਾ ਵਲੋਂ ਕੀਤੇ ਵਿਰੋਧ ਤੇ ਹੁਣ ਜਸ਼ਨ ਮਨਾਉਣ ਤੱਕ ਦਾ ਅਨੋਖਾ' ਸਫ਼ਰ ਹੈ। ਭਾਸ਼ਾ ਦੇ ਆਧਾਰ ਉੱਤੇ ਪੰਜਾਬੀ ਸੂਬੇ ਦਾ ਹਿੰਦੀ ਬਚਾਓ ਅਤੇ ਮਹਾਂ ਪੰਜਾਬ ਦੇ ਨਾਅਰੇ ਨਾਲ ਵਿਰੋਧ ਕਰਦੀ ਰਹੀ ਭਾਜਪਾ (ਤਤਕਾਲੀ ਜਨਸੰਘ) ਅਤੇ ਪੰਜਾਬ ਪੁਨਰਗਠਨ ਕਾਨੂੰਨ 1966 ਤਹਿਤ ਬਣੇ ਪੰਜਾਬੀ ਸੂਬੇ ਦੀ ਬਣਤਰ ਖ਼ਿਲਾਫ਼ ਅੰਦੋਲਨ ਕਰਨ ਵਾਲਾ ਅਕਾਲੀ ਦਲ ਹੁਣ ਵੱਡੇ ਪੱਧਰ 'ਤੇ ਪੰਜਾਬੀ ਸੂਬੇ ਦੀ ਸਥਾਪਨਾ ਸਬੰਧੀ ਜਸ਼ਨ ਮਨਾ ਰਹੇ ਹਨ। ਰਾਜਧਾਨੀ ਚੰਡੀਗੜ੍ਹ, ਪਾਣੀਆਂ, ਪਾਵਰ ਪ੍ਰਾਜੈਕਟਾਂ ਅਤੇ ਪੰਜਾਬੀ ਬੋਲਦੇ ਇਲਾਕਿਆਂ ਸਬੰਧੀ ਮੁੱਦੇ ਹੱਲ ਨਹੀਂ ਹੋਏ ਪਰ ਅਕਾਲੀ ਦਲ ਸੱਤਾ ਪ੍ਰਾਪਤੀ ਨੂੰ ਹੀ ਪੰਜਾਬੀ ਸੂਬੇ ਦੀ ਪ੍ਰਾਪਤੀ ਵਜੋਂ ਦੇਖ ਰਿਹਾ ਹੈ। ਭਾਸ਼ਾ ਦੇ ਆਧਾਰ ਉੱਤੇ ਸੂਬਾ ਬਣਾਉਣ ਦੀ ਨੀਤੀ ਦੇ ਬਾਵਜੂਦ ਕੇਂਦਰ ਨੇ ਪੰਜਾਬੀ ਸੂਬਾ ਬਣਾਉਣ ਤੋਂ ਪਾਸਾ ਵੱਟੀਂ ਰੱਖਿਆ। ਪੰਜਾਬੀ ਸੂਬੇ ਦੀ ਮੰਗ ਦਾ ਜਨ ਸੰਘ, ਆਰੀਆ ਸਮਾਜ ਅਤੇ ਕਾਂਗਰਸ ਨੇ ਉਸ ਵੇਲੇ ਲਗਾਤਾਰ ਵਿਰੋਧ ਕੀਤਾ। ਪੰਜਾਬੀ ਸੂਬੇ ਦੇ ਨਾਅਰੇ ਉੱਤੇ ਲੱਗੀ ਰੋਕ ਹਟਵਾਉਣ ਅਤੇ ਭਾਸ਼ਾ ਦੇ ਆਧਾਰ ਉੱਤੇ ਸੂਬਾ ਲੈਣ ਲਈ 43 ਜਣੇ ਸ਼ਹੀਦ ਹੋਏ ਤੇ ਲਗਪਗ 57000 ਜੇਲ੍ਹ ਗਏ। ਸੂਬੇ ਦੇ ਪੁਨਰਗਠਨ ਮੌਕੇ ਖੜ੍ਹੇ ਹੋਏ ਮੁੱਦੇ ਹੁਣ ਤੱਕ ਪੰਜਾਬੀਆਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰ ਰਹੇ ਹਨ। ਉਸ ਵੇਲੇ ਦੇ ਰੋਪੜ ਅਤੇ ਨਾਲਾਗੜ੍ਹ ਦੇ ਐਸਡੀਐਮ ਪ੍ਰੀਤਮ ਸਿੰਘ ਕੁਮੇਦਾਨ ਨੇ ਕਿਹਾ ਕਿ ਹੱਦਬੰਦੀ ਕਮਿਸ਼ਨ ਨੇ ਪਾਵਰ ਪ੍ਰਾਜੈਕਟ ਅਤੇ ਭਾਖੜਾ ਪੰਜਾਬ ਵਿੱਚ ਰੱਖਣ ਦੀ ਸਿਫਾਰਸ਼ ਕੀਤੀ ਸੀ ਪਰ ਕੇਂਦਰ ਸਰਕਾਰ ਨੇ ਇਸ ਨੂੰ ਨਹੀਂ ਮੰਨਿਆ। ਸੂਬਾ ਬਣਦਿਆਂ ਹੀ ਅਕਾਲੀ ਦਲ ਨੇ ਅੰਦੋਲਨ ਦਾ ਐਲਾਨ ਕਰ ਦਿੱਤਾ। ਸੰਤ ਫ਼ਤਹਿ ਸਿੰਘ ਨੇ 17 ਦਸੰਬਰ 1966 ਨੂੰ ਮਰਨ ਵਰਤ ਰੱਖ ਲਿਆ। ਵਰਤ ਤੁੜਾਉਣ ਲਈ ਕੀਤਾ ਕੇਂਦਰ ਦਾ ਵਾਅਦਾ ਵੀ ਕੰਮ ਨਾ ਆਇਆ ਤਾਂ ਰਾਜ ਸਭਾ ਮੈਂਬਰ ਅਤੇ ਸ਼੍ਰੋਮਣੀ ਕਮੇਟੀ ਦੇ ਦੋ ਵਾਰ ਜਨਰਲ ਸਕੱਤਰ

ਬਾਕੀ ਸਫ਼ਾ 30 'ਤੇ

# ਕਿਸਾਨਾਂ ਦਾ ਕਰਜ਼ਾ ਮੁਆਫ਼ ਨਹੀਂ ਕਰਨਾ ਚਾਹੁੰਦੀ ਬਾਦਲ ਸਰਕਾਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਅਤੇ ਆਮ ਆਦਮੀ ਪਾਰਟੀ ਵਾਂਗ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਦੇ ਮੁੱਦੇ 'ਤੇ ਕੋਈ ਵਾਅਦਾ ਕਰਨ ਦੇ ਰੌਂਅ ਵਿੱਚ ਨਹੀਂ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਕਰਜ਼ਾ ਮੁਆਫ਼ੀ ਦਾ ਵਾਅਦਾ ਕੀਤੇ ਜਾਣ ਦੀ ਸਲਾਹ ਨੂੰ ਰੱਦ ਕਰ ਦਿੱਤਾ। ਸੂਤਰਾਂ ਦਾ ਦੱਸਣਾ ਹੈ ਕਿ ਇਸ ਮੀਟਿੰਗ ਦੌਰਾਨ ਪਾਰਟੀ ਆਗੂਆਂ ਨੇ ਕਿਹਾ ਕਿ ਕਾਂਗਰਸ ਅਤੇ 'ਆਪ' ਵੱਲੋਂ ਜਿਸ ਤਰ੍ਹਾਂ ਕਿਸਾਨਾਂ ਨਾਲ ਕਰਜ਼ਾ ਮੁਆਫ਼ ਕਰਨ ਦਾ ਵਾਅਦਾ ਕੀਤਾ ਜਾ ਰਿਹਾ ਹੈ, ਉਸ ਨੂੰ ਦੇਖਦਿਆਂ ਦੋਹਾਂ ਪਾਰਟੀਆਂ ਨੂੰ ਕਿਸਾਨਾਂ ਦਾ ਸਮਰਥਨ ਮਿਲ ਰਿਹਾ ਹੈ। ਇਸ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਵਾਲਾ ਵਾਅਦਾ ਕਰਨਾ ਚਾਹੀਦਾ ਹੈ। ਹਾਕਮ ਪਾਰਟੀ ਦੇ ਆਗੂਆਂ ਨੇ ਤਰਕ ਦਿੱਤਾ ਕਿ ਕਰਜ਼ਾ ਮੁਆਫ਼ੀ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਹੈ। ਇਸ ਲਈ ਪਾਰਟੀ ਨੂੰ ਕਾਂਗਰਸ ਅਤੇ 'ਆਪ' ਵਾਲੀ ਦੌੜ ਵਿੱਚ ਸ਼ਾਮਲ ਨਹੀਂ ਹੋਣਾ ਚਾਹੀਦਾ। ਅਕਾਲੀ ਆਗੂਆਂ ਦਾ ਮੰਨਣਾ ਹੈ ਕਿ ਕਰਜ਼ਾ ਮੁਆਫ਼ੀ ਦਾ ਵਾਅਦਾ ਕਰਨ ਵਾਲੀ ਦੌੜ ਵਿੱਚ ਸ਼ਾਮਲ ਹੋ ਕੇ ਰਾਜਸੀ ਲਾਭ ਨਹੀਂ ਮਿਲਣਾ। ਅਕਾਲੀ ਦਲ ਨੇ ਆਪਣੇ ਆਗੂਆਂ ਨੂੰ ਸਰਕਾਰੀ ਸਕੀਮਾਂ ਤੇ ਵਿਕਾਸ ਕਾਰਜਾਂ ਦਾ ਪ੍ਰਚਾਰ ਕਰਨ ਲਈ ਕਿਹਾ। ਕਾਂਗਰਸ ਤੇ 'ਆਪ' ਨੇ ਕਿਸਾਨਾਂ ਦਾ ਕਰਜ਼ਾ ਮੁਆਫ਼ੀ ਦੀ ਮੁਹਿੰਮ ਜ਼ੋਰ ਸ਼ੋਰ ਨਾਲ ਚਲਾਈ ਹੋਈ ਹੈ।




ਸ਼੍ਰੋਮਣੀ ਅਕਾਲੀ ਦਲ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਪਾਰਟੀ ਦੇ ਹੋਰ ਆਗੂ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਕੋਈ ਅਜਿਹਾ ਵਾਅਦਾ ਨਹੀਂ ਕੀਤਾ ਜਾਵੇਗਾ, ਜੋ ਨਿਭਾਇਆ ਨਾ ਜਾ ਸਕੇ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਅਖਾੜਾ ਮਘਾਉਣ ਲਈ ਕੀਤੀਆਂ ਜਾ ਰਹੀਆਂ ਚਾਰ ਵੱਡੀਆਂ ਰੈਲੀਆਂ ਵਿਚ ਇਕੱਠ ਕਰਨ ਲਈ ਪਾਰਟੀ ਦੇ ਸਮੂਹ ਵਿਧਾਇਕਾਂ ਤੇ ਜ਼ਿਲ੍ਹਾ ਪ੍ਰਧਾਨਾਂ ਦੀਆਂ ਡਿਊਟੀਆਂ ਲਗਾਈਆਂ। ਪਾਰਟੀ ਪ੍ਰਧਾਨ ਦਾ ਕਹਿਣਾ ਹੈ ਕਿ 1 ਨਵੰਬਰ ਨੂੰ ਅੰਮ੍ਰਿਤਸਰ ਵਿਚ ਹੋਣ ਵਾਲੇ ਪੰਜਾਬੀ ਸੂਬਾ ਦੀ 50ਵੀਂ ਵਰ੍ਹੇਗੰਢ ਸਬੰਧੀ ਸਮਾਗਮ, ਉਸ ਤੋਂ ਬਾਅਦ ਜਲੰਧਰ ਜ਼ਿਲ੍ਹੇ ਦੇ ਕਰਤਾਰਪੁਰ ਵਿਚ ਜੰਗ-ਏ- ਆਜ਼ਾਦੀ ਯਾਦਗਾਰ ਦੇ ਉਦਘਾਟਨੀ ਸਮਾਗਮ, ਅੰਮ੍ਰਿਤਸਰ ਵਿੱਚ ਹੀ ਰਾਮ ਤੀਰਥ ਦੇ ਉਦਘਾਟਨੀ ਸਮਾਰੋਹ, 27 ਨਵੰਬਰ ਨੂੰ ਆਨੰਦਪੁਰ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਦੀ 350 ਵੀਂ ਜਨਮ ਸ਼ਤਾਬਦੀ ਦੇ ਸਮਾਗਮ ਸ਼ੁਰੂ ਕਰਨਾ ਅਤੇ 8 ਦਸੰਬਰ ਨੂੰ ਮੋਗਾ ਰੈਲੀ ਵਿਚ ਭਾਰੀ ਇਕੱਠ ਜੁਟਾਇਆ ਜਾਵੇ। ਅਕਾਲੀ ਦਲ ਦੇ ਪ੍ਰਧਾਨ ਨੇ 1984 ਦੇ ਦੰਗਿਆਂ ਦੇ ਮਾਮਲੇ ਨੂੰ ਮਘਦਾ ਰੱਖਣ ਲਈ 3 ਨਵੰਬਰ ਨੂੰ ਕਾਂਗਰਸ ਦੇ ਕੌਮੀ ਆਗੂਆਂ ਅਤੇ ਸੂਬਾਈ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੇ ਪੁਤਲੇ ਫੂਕਣ ਦਾ ਐਲਾਨ ਵੀ ਕੀਤਾ ਹੈ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੇ 9 ਸਾਲਾਂ ਦੇ ਵਿਕਾਸ ਅਤੇ ਪ੍ਰਾਪਤੀਆਂ ਨੂੰ ਹੀ ਏਜੰਡਾ ਬਣਾਇਆ ਜਾਵੇ। ਪਾਰਟੀ ਦੇ ਸੀਨੀਅਰ ਆਗੂਆਂ ਦਾ ਕਹਿਣਾ ਹੈ ਕਿ 8 ਦਸੰਬਰ ਦੀ ਮੋਗਾ ਰੈਲੀ ਤੋਂ ਬਾਅਦ ਅਕਾਲੀ ਦਲ ਦਾ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਤੇਜ਼ ਹੋ ਜਾਵੇਗਾ।

# ਬੈਂਸ ਭਰਾਵਾਂ ਦੀ ਟੀਮ ਨੂੰ ਲੋਕ ਇਨਸਾਫ਼ ਪਾਰਟੀ ਵਜੋਂ ਮਿਲੀ ਮਾਨਤਾ




**ਲੁਧਿਆਣਾ/ਬਿਊਰੋ ਨਿਊਜ਼ :**
ਬੈਂਸ ਭਰਾਵਾਂ ਦੇ ਨਾਂਅ ਹੇਠ ਚੱਲ ਰਹੀ ਗੈਰ ਮਾਨਤਾ ਪ੍ਰਾਪਤ ਸਿਆਸੀ ਪਾਰਟੀ ਟੀਮ ਇਨਸਾਫ਼ ਨੂੰ ਹੁਣ ਭਾਰਤੀ ਚੋਣ ਕਮਿਸ਼ਨ ਨੇ ਲੋਕ ਇਨਸਾਫ਼ ਪਾਰਟੀ ਵਜੋਂ ਮਾਨਤਾ ਦੇ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਟੀਮ ਇਨਸਾਫ਼ ਦੇ ਆਗੂ ਅਤੇ ਵਿਧਾਇਕ ਜਥੇਦਾਰ ਬਲਵਿੰਦਰ ਸਿੰਘ ਬੈਂਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਭਾਰਤੀ ਚੋਣ ਕਮਿਸ਼ਨ ਕੋਲ ਆਗਾਮੀ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦੇ ਹੋਏ ਟੀਮ ਇਨਸਾਫ਼ ਨੂੰ ਬਤੌਰ ਸਿਆਸੀ ਪਾਰਟੀ ਮਾਨਤਾ ਦੇਣ ਲਈ ਅਰਜ਼ੀ ਦਿੱਤੀ ਸੀ। ਜਿਸ ਪਿੱਛੋਂ ਭਾਰਤੀ ਚੋਣ ਕਮਿਸ਼ਨ ਨੇ ਟੀਮ ਇਨਸਾਫ਼ ਦੇ ਤੌਰ 'ਤੇ ਮਾਨਤਾ ਦੇਣ ਤੋਂ ਨਾਂਹ ਕਰਦਿਆਂ ਕੋਈ ਹੋਰ ਨਾਂਅ ਦੀ ਮੰਗ ਕੀਤੀ ਸੀ। ਇਸ ਮਗਰੋਂ ਬੈਂਸ ਭਰਾਵਾਂ ਨੇ ਉਨ੍ਹਾਂ ਦੀ ਟੀਮ ਇਨਸਾਫ਼ ਨੂੰ 'ਲੋਕ ਇਨਸਾਫ਼ ਪਾਰਟੀ' ਵਜੋਂ ਮਾਨਤਾ ਦੇਣ ਲਈ ਕਿਹਾ ਗਿਆ ਸੀ ਅਤੇ ਜਿਸ ਨੂੰ ਚੋਣ ਕਮਿਸ਼ਨ ਨੇ ਮਨਜ਼ੂਰ ਕਰਦਿਆਂ ਟੀਮ ਇਨਸਾਫ਼ ਦੀ ਥਾਂ ਲੋਕ ਇਨਸਾਫ਼ ਪਾਰਟੀ ਵਜੋਂ ਮਾਨਤਾ ਦੇਣਾ ਪ੍ਰਵਾਨ ਕਰ ਲਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਸਬੰਧੀ ਵੀ ਚੋਣ ਕਮਿਸ਼ਨ ਵੱਲੋਂ ਇਤਰਾਜ਼ ਮੰਗੇ ਗਏ ਹਨ। ਇਸ ਮੌਕੇ ਟੀਮ ਇਨਸਾਫ਼ ਨੂੰ ਲੋਕ ਇਨਸਾਫ਼ ਪਾਰਟੀ ਵੱਲੋਂ ਮਾਨਤਾ ਦੇਣ 'ਤੇ ਵਿਧਾਇਕ ਬੈਂਸ ਨੇ ਅੱਗੇ ਕਿਹਾ ਕਿ ਆਗਾਮੀ ਚੋਣਾਂ ਦੌਰਾਨ ਉਨ੍ਹਾਂ ਦੀ ਪਾਰਟੀ ਹੁਣ ਭਾਰਤੀ ਚੋਣ ਕਮਿਸ਼ਨ ਵੱਲੋਂ ਦਿੱਤੇ ਜਾਣ ਵਾਲੇ ਚੋਣ ਨਿਸ਼ਾਨ 'ਤੇ ਚੋਣ ਲੜੇਗੀ। ਉਨ੍ਹਾਂ ਇਕ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਉਨ੍ਹਾਂ ਦੀ ਪਾਰਟੀ ਇਕੱਲਿਆਂ ਚੋਣ ਲੜੇਗੀ ਅਤੇ ਜੇਕਰ ਕਿਸੇ ਹਮਖਿਆਲੀ ਸਿਆਸੀ ਪਾਰਟੀ ਵੱਲੋਂ ਲੋਕ ਇਨਸਾਫ਼ ਪਾਰਟੀ ਨਾਲ ਸਮਝੌਤਾ ਕਰਨ ਲਈ ਪੇਸ਼ਕਸ਼ ਕੀਤੀ ਗਈ ਤਾਂ ਉਹ ਇਸ ਉਪਰ ਵੀ ਵਿਚਾਰ ਕਰਨਗੇ।

# ਨਵਜੋਤ ਸਿੰਘ ਸਿੱਧੂ 'ਤੇ ਚੱਲੇਗਾ ਹਾਈ ਕੋਰਟ ਵਿਚ ਕੇਸ: ਸੁਪਰੀਮ ਕੋਰਟ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੁਪਰੀਮ ਕੋਰਟ ਨੇ ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਨੂੰ ਹਦਾਇਤ ਕੀਤੀ ਕਿ ਉਹ 2009 ਦੀਆਂ ਲੋਕ ਸਭਾ ਚੋਣਾਂ ਦੌਰਾਨ ਸਰਕਾਰੀ ਨੌਕਰਸ਼ਾਹ ਤੋਂ ਸਹਾਇਤਾ ਲੈਣ ਦੇ ਦੋਸ਼ਾਂ ਤਹਿਤ ਮੁਕੱਦਮੇ ਦਾ ਸਾਹਮਣਾ ਕਰਨ। ਉਂਜ ਅਦਾਲਤ ਨੇ ਚੋਣ ਖ਼ਰਚੇ ਦੇ ਫਰਜ਼ੀ ਵੇਰਵੇ ਜਮ੍ਹਾਂ ਕਰਾਉਣ ਅਤੇ ਭ੍ਰਿਸ਼ਟ ਤਰੀਕੇ ਅਪਣਾਉਣ ਦੇ ਦੋਸ਼ਾਂ ਤੋਂ ਸਿੱਧੂ ਨੂੰ ਰਾਹਤ ਦੇ ਦਿੱਤੀ ਹੈ। ਜਸਟਿਸ ਰੰਜਨ ਗੋਗੋਈ ਅਤੇ ਏ ਐਮ ਸਪਰੇ 'ਤੇ ਆਧਾਰਤ ਬੈਂਚ ਨੇ ਸਿੱਧੂ ਵੱਲੋਂ ਦਾਖ਼ਲ ਕੀਤੀ ਗਈ ਅਪੀਲ 'ਤੇ ਉਨ੍ਹਾਂ ਦੇ ਵਿਰੋਧੀ ਕਾਂਗਰਸ ਆਗੂ ਓਮ ਪ੍ਰਕਾਸ਼ ਸੋਨੀ ਵੱਲੋਂ ਲਾਏ ਗਏ ਦੋ ਦੋਸ਼ਾਂ ਨੂੰ ਅੰਸ਼ਿਕ ਤੌਰ 'ਤੇ ਰੱਦ ਕਰ ਦਿੱਤਾ। ਬੈਂਚ ਨੇ ਕਿਹਾ, "ਚੋਣ ਪਟੀਸ਼ਨ 'ਤੇ ਮੌਜੂਦਾ ਹੁਕਮਾਂ ਤਹਿਤ ਬਾਕੀ ਰਹਿੰਦੇ ਮਾਮਲਿਆਂ ਵਿਚ ਕੇਸ ਚਲਦਾ ਰਹੇਗਾ।" ਸ੍ਰੀ ਸਿੱਧੂ ਨੇ ਰਾਜ ਸਭਾ ਅਤੇ ਭਾਜਪਾ ਤੋਂ ਅਸਤੀਫ਼ਾ ਦਿੱਤੇ ਜਾਣ ਮਗਰੋਂ ਪਿੱਛੇ ਜਿਹੇ ਨਵਾਂ ਸਿਆਸੀ ਮੋਰਚਾ 'ਆਵਾਜ਼-ਏ-ਪੰਜਾਬ' ਬਣਾਇਆ ਹੈ। ਉਨ੍ਹਾਂ 2009 ਵਿਚ ਕਾਂਗਰਸ ਦੇ ਸੋਨੀ ਨੂੰ ਹਰਾ ਕੇ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਜਿੱਤ ਹਾਸਲ ਕੀਤੀ ਸੀ। ਅਦਾਲਤ ਨੇ ਕਿਹਾ ਕਿ ਸ੍ਰੀ ਸਿੱਧੂ 'ਤੇ ਦੋਸ਼ ਹੈ ਕਿ ਪੰਜਾਬ ਰਾਜ ਬਿਜਲੀ ਬੋਰਡ ਦੇ ਵਧੀਕ ਸੁਪਰਟੈਂਡਿੰਗ ਇੰਜਨੀਅਰ ਜਗਜੀਤ ਸਿੰਘ ਸੁੱਚੂ ਦਾ ਉਨ੍ਹਾਂ ਅੰਮ੍ਰਿਤਸਰ ਤਬਾਦਲਾ ਕਰਵਾ ਲਿਆ ਸੀ ਤਾਂ ਜੋ ਆਪਣੀ ਜਿੱਤ ਯਕੀਨੀ ਬਣਾਉਣ ਲਈ ਉਸ ਦੀ ਸਹਾਇਤਾ ਲਈ ਜਾ ਸਕੇ ਅਤੇ ਜਿਵੇਂ ਹਾਈ ਕੋਰਟ ਨੇ ਹੁਕਮ ਦਿੱਤੇ ਹਨ, ਉਸ ਨੂੰ ਇਸ ਕੇਸ ਦਾ ਸਾਹਮਣਾ ਕਰਨਾ ਪਏਗਾ। ਅਦਾਲਤ ਨੇ ਇਸ ਮਾਮਲੇ ਵਿਚ ਸਿੱਧੂ ਦੀ ਅਪੀਲ ਨੂੰ ਖ਼ਾਰਜ ਕਰ ਦਿੱਤਾ। ਕਾਂਗਰਸ ਆਗੂ ਸੋਨੀ ਨੇ ਚੋਣ ਪਟੀਸ਼ਨ ਵਿਚ ਇਹ ਦੋਸ਼ ਲਾਏ ਸਨ ਅਤੇ ਇਨ੍ਹਾਂ ਦੇ ਆਧਾਰ 'ਤੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਕੇਸ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡ ਦਿੱਤਾ ਸੀ ਅਤੇ ਰੈਗੂਲਰ ਮੁਕੱਦਮੇ ਦੇ ਹੁਕਮ ਦਿੱਤੇ। ਹਾਈ ਕੋਰਟ ਦੇ ਹੁਕਮਾਂ ਨੂੰ ਸਿੱਧੂ ਨੇ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ ਜਿਥੇ ਪਹਿਲਾਂ ਕੇਸ 'ਤੇ ਰੋਕ ਲਾ ਦਿੱਤੀ ਗਈ ਸੀ। ਸੋਨੀ ਨੇ ਆਪਣੀ ਪਟੀਸ਼ਨ ਵਿਚ ਇਹ ਵੀ ਦੋਸ਼ ਲਾਏ ਸਨ ਕਿ ਸਿੱਧੂ ਨੇ ਚੋਣ ਖ਼ਰਚੇ ਵਿਚ ਦਿਖਾਏ ਗਏ 1.83 ਲੱਖ ਰੁਪਏ ਦੀ ਥਾਂ 'ਤੇ ਰੈਲੀਆਂ ਦੌਰਾਨ ਕਿਤੇ ਵੱਧ ਖ਼ਰਚਾ ਕੀਤਾ ਸੀ। ਬੈਂਚ ਨੇ ਕਿਹਾ ਕਿ ਰੈਲੀਆਂ ਦੇ ਵੇਰਵੇ ਦੇਖਣ ਤੋਂ ਬਾਅਦ ਕੋਈ ਆਧਾਰ ਨਜ਼ਰ ਨਹੀਂ ਆਉਂਦਾ ਕਿ ਪਟੀਸ਼ਨਰ (ਸੋਨੀ), ਜੇਤੂ ਉਮੀਦਵਾਰ (ਸਿੱਧੂ) ਵੱਲੋਂ ਵੱਧ ਖ਼ਰਚੇ ਦੇ ਕਿਵੇਂ ਦੋਸ਼ ਲਾ ਰਿਹਾ ਹੈ। ਅਦਾਲਤ ਨੇ ਸੋਨੀ ਵੱਲੋਂ ਦਿੱਤੇ ਗਏ ਵੇਰਵਿਆਂ 'ਤੇ ਵੀ ਸਵਾਲ ਖੜ੍ਹੇ ਕੀਤੇ। ਇਸੇ ਦੌਰਾਨ ਓਮ ਪ੍ਰਕਾਸ਼ ਸੋਨੀ ਵੱਲੋਂ ਵੋਟਾਂ ਦੀ ਗਿਣਤੀ 'ਚ ਬੇਨਿਯਮੀਆਂ ਦੀ ਸ਼ਿਕਾਇਤ ਦਰਜ ਕਰਾਉਣ ਤੋਂ ਬਾਅਦ ਰਿਟਰਨਿੰਗ ਅਫ਼ਸਰ ਵੱਲੋਂ ਲਏ ਗਏ ਐਕਸ਼ਨ ਦੇ ਸਬੰਧ ਵਿਚ ਅਦਾਲਤ ਨੇ ਕਿਹਾ ਕਿ ਚੋਣਾਂ 2009 ਵਿਚ ਹੋਈਆਂ ਸਨ ਅਤੇ ਹੁਣ ਤਾਂ ਸਦਨ ਨੂੰ ਭੰਗ ਹੋਇਆਂ ਵੀ ਲੰਬਾ ਸਮਾਂ ਹੋ ਚੁੱਕਿਆ ਹੈ। ਇਸ ਲਈ ਹੁਣ ਇਸ 'ਤੇ ਵਿਚਾਰ ਕਰਨਾ ਲੋੜੀਂਦਾ ਨਹੀਂ ਹੈ।



# ਆਪਣੇ ਹੀ ਘਰ ਵਿਚ ਪੰਜਾਬੀ ਦਾ ਅਦਬ ਨਹੀਂ

**ਪਟਿਆਲਾ/ਬਿਊਰੋ ਨਿਊਜ਼ :** ਭਾਸ਼ਾ ਵਿਭਾਗ ਪੰਜਾਬ ਦੇ ਮੁੱਖ ਦਫ਼ਤਰ ਵਿੱਚ ਹੀ ਪੰਜਾਬੀ ਦਾ ਨਿਰਾਦਰ ਹੋ ਰਿਹਾ ਹੈ। ਅਜਿਹਾ ਕੇਂਦਰ ਸਰਕਾਰ ਦੀਆਂ ਹਦਾਇਤਾਂ 'ਤੇ ਹੋ ਰਿਹਾ ਹੈ ਕਿਉਂਕਿ ਕੇਂਦਰ ਦੇ ਸਿੱਧੇ ਅਧਿਕਾਰ ਖੇਤਰ ਵਾਲੇ ਦਫ਼ਤਰਾਂ ਨੂੰ ਸਖ਼ਤ ਹਦਾਇਤਾਂ ਹਨ ਕਿ ਹਰ ਕੰਮ ਰਾਸ਼ਟਰ ਭਾਸ਼ਾ ਹਿੰਦੀ ਵਿੱਚ ਹੋਵੇ। ਅਜਿਹੇ ਵਿੱਚ ਭਾਸ਼ਾ ਵਿਭਾਗ ਪੰਜਾਬ ਦੇ ਮੁੱਖ ਦਫ਼ਤਰ ਦੇ ਵਿਹੜੇ ਵਿੱਚ ਸਥਾਪਤ ਨਾਰਥ ਜ਼ੋਨ ਕਲਚਰਲ ਸੈਂਟਰ ਵੱਲੋਂ ਰਾਜ ਭਾਸ਼ਾ ਪੰਜਾਬੀ ਨੂੰ ਦਰਕਿਨਾਰ ਕਰਨਾ ਹੀ ਬਿਹਤਰ ਸਮਝਿਆ ਗਿਆ ਹੈ। ਭਾਸ਼ਾ ਵਿਭਾਗ ਪੰਜਾਬ, ਜਿਸ 'ਤੇ ਪੂਰੇ ਪੰਜਾਬ ਵਿੱਚ ਰਾਜ ਭਾਸ਼ਾ ਪੰਜਾਬੀ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਹੈ, ਆਪਣੇ ਮੁੱਖ ਦਫ਼ਤਰ 'ਚ ਹੀ ਪੰਜਾਬੀ ਨੂੰ ਮਾਣ-ਸਤਿਕਾਰ ਦਿਵਾਉਣ ਤੋਂ ਅਸਮਰੱਥ ਹੈ।




ਭਾਸ਼ਾ ਵਿਭਾਗ ਦੇ ਸਥਾਨਕ ਸ਼ੇਰਾਂ ਵਾਲਾ ਗੇਟ ਸਥਿਤ ਮੁੱਖ ਦਫ਼ਤਰ ਦੇ ਵਿਹੜੇ ਵਿੱਚ ਕੁਝ ਵਰ੍ਹਿਆਂ ਤੋਂ ਕੇਂਦਰ ਦੇ ਸਭਿਆਚਾਰਕ ਵਿਭਾਗ ਵੱਲੋਂ ਨਾਰਥ ਜ਼ੋਨ ਕਲਚਰਲ ਸੈਂਟਰ ਪਟਿਆਲਾ ਦਾ ਮੁੱਖ ਦਫ਼ਤਰ ਸਥਾਪਤ ਕੀਤਾ ਹੋਇਆ ਹੈ ਪ੍ਰੰਤੂ ਕੇਂਦਰੀ ਪੈਟਰਨ ਦੇ ਇਸ ਖੇਤਰੀ ਦਫ਼ਤਰ ਨੇ ਮੁੱਖ ਦਰਵਾਜ਼ੇ, ਜੋ ਭਾਸ਼ਾ ਵਿਭਾਗ ਦੇ ਦਫ਼ਤਰ ਨਾਲ ਸਾਂਝਾ ਹੀ ਹੈ, 'ਤੇ ਲਗਾਏ ਗਏ ਸਾਈਨ ਬੋਰਡ 'ਤੇ ਪੰਜਾਬੀ ਨੂੰ ਨੇੜੇ ਵੀ ਨਹੀਂ ਢੁੱਕਣ ਦਿੱਤਾ। ਬੋਰਡ 'ਤੇ ਰਾਸ਼ਟਰੀ ਭਾਸ਼ਾ ਹਿੰਦੀ ਅੰਕਿਤ ਕੀਤੀ ਗਈ ਹੈ ਤੇ ਹੇਠਾਂ ਅੰਗਰੇਜ਼ੀ ਅੰਕਿਤ ਹੈ ਪਰ ਸੂਬੇ ਦੀ ਮਾਤ-ਭਾਸ਼ਾ ਪੰਜਾਬੀ ਦਾ ਇੱਕ ਅੱਖਰ ਵੀ ਲਿਖਣਾ ਮੁਨਾਸਬ ਨਹੀਂ ਸਮਝਿਆ ਗਿਆ। ਦੋਹਾਂ ਵਿਭਾਗਾਂ ਦੇ ਸਾਂਝੇ ਮੁੱਖ ਦਰਵਾਜ਼ੇ ਤੋਂ ਕੁਝ ਮੀਟਰ ਅੱਗੇ ਕਲਚਰਲ ਸੈਂਟਰ ਦੇ ਦਫ਼ਤਰ ਵੱਲ ਇਸ਼ਾਰਾ ਕਰਦੇ ਲਗਾਏ ਗਏ ਇੱਕ ਵੱਖਰੇ ਸਬ ਸਾਈਨ ਬੋਰਡ 'ਤੇ ਵੀ ਪੰਜਾਬੀ ਨੂੰ ਅੱਖੋਂ-ਪਰੋਖੇ ਕੀਤਾ ਹੋਇਆ ਹੈ। ਕਲਚਰਲ ਸੈਂਟਰ ਦੇ ਦਫ਼ਤਰੀ ਸਕੱਤਰ ਜਗਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਕੇਂਦਰ ਦੇ ਸਭਿਆਚਾਰਕ ਮਾਮਲਿਆਂ ਬਾਰੇ ਮੰਤਰਾਲੇ ਵੱਲੋਂ ਸਖ਼ਤ ਹਦਾਇਤਾਂ ਹਨ ਕਿ ਸਭ ਤੋਂ ਵੱਧ ਪ੍ਰਚਾਰ, ਵਿਕਾਸ ਤੇ ਕੰਮਕਾਰ ਹਿੰਦੀ ਵਿੱਚ ਹੀ ਹੋਣਾ ਚਾਹੀਦਾ ਹੈ। ਜੇਕਰ ਕਿਤੇ ਨਾ ਸਰੇ ਤਾਂ 20 ਫੀਸਦੀ ਤੱਕ ਅੰਗਰੇਜ਼ੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਅਜਿਹੀਆਂ ਹਦਾਇਤਾਂ ਕਰਕੇ ਪੰਜਾਬੀ ਦੀ ਵਰਤੋਂ ਕਰਨ ਤੋਂ ਹਿਚਕਾਹਟ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਕੁਝ ਮਹੀਨੇ ਪਹਿਲਾਂ ਤੱਕ ਸਬ-ਸਾਈਨ ਬੋਰਡ 'ਤੇ ਹਿੰਦੀ ਦੇ ਨਾਲ ਪੰਜਾਬੀ ਵੀ ਲਿਖੀ ਗਈ ਸੀ ਪਰ ਇਸ ਮਾਮਲੇ ਦਾ ਮੰਤਰਾਲੇ ਵੱਲੋਂ ਨੋਟਿਸ ਲੈ ਲਿਆ ਗਿਆ ਸੀ ਤੇ ਅਖ਼ੀਰ ਉਨ੍ਹਾਂ ਨੂੰ ਸਬ ਸਾਈਨ ਬੋਰਡ ਦੀ ਫਰੰਟ ਦਿਸ਼ਾ ਤੋਂ ਪੰਜਾਬੀ ਨੂੰ ਹਟਾਉਣ ਪਿਆ ਹੈ। ਭਾਸ਼ਾ ਵਿਭਾਗ ਪੰਜਾਬ ਦੀ ਡਾਇਰੈਕਟਰ ਗੁਰਸ਼ਰਨ ਕੌਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਮੰਨਿਆ ਕਿ ਅਦਾਰੇ ਦੇ ਮੁੱਖ ਦਰਵਾਜ਼ੇ 'ਤੇ ਹੀ ਪੰਜਾਬੀ ਦਾ ਘਾਣ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਭਾਸ਼ਾ ਵਿਭਾਗ ਨੇ ਇਸ ਮਾਮਲੇ 'ਤੇ ਕਲਚਰਲ ਸੈਂਟਰ ਨਾਲ ਰਾਬਤਾ ਕਾਇਮ ਕੀਤਾ ਹੋਇਆ ਹੈ, ਜੇਕਰ ਉਨ੍ਹਾਂ ਪੰਜਾਬੀ ਪ੍ਰਤੀ ਦੋਖ਼ੀ ਵਤੀਰਾ ਜਾਰੀ ਰੱਖਿਆ ਤਾਂ ਭਾਸ਼ਾ ਵਿਭਾਗ ਸਖ਼ਤ ਕਾਰਵਾਈ ਕਰਨ ਲਈ ਮਜਬੂਰ ਹੋਵੇਗਾ।

# ਮਲੂਕਾ ਦੇ ਪੁੱਤਰ ਚਰਨਜੀਤ ਸਿੰਘ ਮਲੂਕਾ ਨੂੰ ਕੈਨੇਡਾ ਵਿਚ ਸ਼ਰਧਾਂਜਲੀਆਂ

**ਟੋਰਾਂਟੋ/ਬਿਊਰੋ ਨਿਊਜ਼ :** ਪੰਜਾਬ ਦੇ ਪੰਚਾਇਤ ਤੇ ਪੇਂਡੂ ਵਿਕਾਸ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਕੈਨੇਡਾ ਵਾਸੀ ਛੋਟੇ ਬੇਟੇ ਚਰਨਜੀਤ ਸਿੰਘ ਮਲੂਕਾ (45) ਦਾ ਬੀਤੀ 25 ਅਕਤੂਬਰ ਨੂੰ ਮਿਲਟਨ ਡਿਸਟ੍ਰਕਟ ਹਸਪਤਾਲ ਵਿਚ ਦਿਹਾਂਤ ਹੋ ਗਿਆ ਸੀ। ਉਨ੍ਹਾਂ ਦਾ ਅੰਤਿਮ ਸਸਕਾਰ ਬਰੈਂਪਟਨ ਕ੍ਰਿਮਾਟੋਰੀਅਮ ਐਂਡ ਵਿਜ਼ੀਟੇਸ਼ਨ ਸੈਨਟਰ ਵਿਚ ਕੀਤਾ ਗਿਆ ਜਿੱਥੇ ਵੱਡੀ ਤਦਾਦ ਵਿਚ ਲੋਕਾਂ ਨੇ ਅੰਤਿਮ ਦਰਸ਼ਨ ਕੀਤੇ। ਉਪਰੰਤ ਮਿਸੀਸਾਗਾ 'ਚ ਡਿਕਸੀ ਰੋਡ 'ਤੇ ਸਥਿਤ ਉਂਟਾਰੀਓ ਖਾਲਸਾ ਦਰਬਾਰ ਗੁਰਦੁਆਰਾ ਸਾਹਿਬ ਵਿਚ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਹੋਇਆ। ਅਰਦਾਸ ਉਪਰੰਤ ਸੰਸਦ ਮੈਂਬਰ ਰੂਬੀ ਸਹੋਤਾ, ਗੁਰਬਖਸ਼ ਸਿੰਘ ਮੱਲ੍ਹੀ, ਫੁੰਮਣ ਸਿੰਘ ਭਗਤਾ, ਇੰਦਰਜੀਤ ਸਿੰਘ ਬੱਲ, ਗਿਆਨ ਸਿੰਘ ਲੰਗੇਰੀ, ਪ੍ਰਦੁੱਮਣ ਸਿੰਘ ਪਾਇਲ ਤੇ ਰਣਜੀਤ ਸਿੰਘ ਦੂਲੇ ਨੇ ਸੰਬੋਧਨ ਕੀਤਾ। ਸਟੇਜ ਦੀ ਕਾਰਵਾਈ ਹਰਬੰਸ ਸਿੰਘ ਜੰਡਾਲੀ ਨੇ ਚਲਾਈ। ਸ. ਜੰਡਾਲੀ ਨੇ ਦੱਸਿਆ ਕਿ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ, ਚਰਨਜੀਤ ਸਿੰਘ ਅਟਵਾਲ, ਡਾ. ਦਲਜੀਤ ਸਿੰਘ ਚੀਮਾ, ਬਿਕਰਮਜੀਤ ਸਿੰਘ ਮਜੀਠੀਆ, ਪਰਮਿੰਦਰ ਸਿੰਘ ਢੀਂਡਸਾ, ਸਰਵਣ ਸਿੰਘ ਫਿਲੌਰ, ਮਨਪ੍ਰੀਤ ਸਿੰਘ ਇਯਾਲੀ, ਮਨਤਾਰ ਸਿੰਘ ਬਰਾੜ, ਬਲਰਾਮ ਜੀ ਦਾਸ ਟੰਡਨ, ਸਤਿਗੁਰੂ ਉਦੈ ਸਿੰਘ ਸਮੇਤ ਕਈ ਹੋਰ ਰਾਜਨੀਤਕ ਤੇ ਧਾਰਮਿਕ ਸ਼ਖਸੀਅਤਾਂ ਨੇ ਸ. ਮਲੂਕਾ ਨੂੰ ਕੈਨੇਡਾ ਵਿਚ ਟੈਲੀਫੋਨ ਕਰਕੇ ਦੁੱਖ ਸਾਂਝਾ ਕੀਤਾ ਹੈ। ਸੰਗਤ ਦਾ ਧੰਨਵਾਦ ਕਰਦਿਆਂ ਸ. ਮਲੂਕਾ ਨੇ ਕਿਹਾ ਕਿ ਉਨ੍ਹਾਂ ਨੂੰ ਤੇ ਸਦੀਵੀ ਵਿਛੋੜਾ ਦੇ ਗਏ ਚਰਨਜੀਤ ਦੇ ਪਰਿਵਾਰ (ਪਤਨੀ ਨਸੀਬ ਕੌਰ, ਬੇਟਾ ਰਣਦੀਪ ਸਿੰਘ, ਬੇਟੀ ਰਮਨੀਤ ਕੌਰ) ਨੂੰ ਇਸੇ ਤਰ੍ਹਾਂ ਕੈਨੇਡਾ ਵਾਸੀ ਸਹਿਯੋਗੀਆਂ ਤੇ ਹਮਦਰਦਾਂ ਦੀ ਲੋੜ ਰਹੇਗੀ। ਸਟੇਜ ਤੋਂ ਬੋਲਦਿਆਂ ਸ. ਮਲੂਕਾ ਬੇਹੱਦ ਭਾਵੁਕ ਹੋਏ ਤੇ ਸਦਮੇ ਵਿਚ ਉਨ੍ਹਾਂ ਦੇ ਹੰਝੂ ਕਿਰ ਗਏ, ਜਿਸ ਨਾਲ ਮੌਕੇ 'ਤੇ ਮਾਹੌਲ ਬੇਹੱਦ ਗਮਗੀਨ ਹੋ ਗਿਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਕੈਨੇਡਾ ਈਸਟ ਇਕਾਈ ਤੇ ਯੂਥ ਦਲ ਦੀ ਲੀਡਰਸ਼ਿਪ ਤੇ ਵਰਕਰ ਵੱਡੀ ਗਿਣਤੀ ਵਿਚ ਮੌਜੂਦ ਰਹੇ ਤੇ ਪੰਜਾਬ ਤੋਂ ਸ. ਮਲੂਕਾ ਦਾ ਬੇਟਾ ਗੁਰਪ੍ਰੀਤ ਸਿੰਘ ਮਲੂਕਾ ਵੀ ਹਾਜ਼ਰ ਸਨ।

# ਆਸਟਰੇਲੀਆ : ਬੱਸ ਡਰਾਈਵਰ ਮਨਮੀਤ ਅਲੀਸ਼ੇਰ ਨੂੰ ਕੈਮੀਕਲ ਸੁੱਟ ਕੇ ਜ਼ਿੰਦਾ ਸਾੜਿਆ

## ਗੋਰਾ ਮੁਲਜ਼ਮ ਗ੍ਰਿ.ਫਤਾਰ; ਦਰਜਨ ਦੇ ਕਰੀਬ ਸਵਾਰੀਆਂ ਵੀ ਜ਼ਖ਼ਮੀ

**ਸਿਡਨੀ/ਬਿਊਰੋ ਨਿਊਜ਼ :** ਆਸਟਰੇਲੀਆ ਦੇ ਬ੍ਰਿਸਬਨ ਵਿੱਚ ਇਕ ਗੋਰੇ ਹਮਲਾਵਰ ਨੇ ਪੰਜਾਬੀ ਬੱਸ ਡਰਾਈਵਰ ਉੱਤੇ ਤੇਲ ਸੁੱਟ ਕੇ ਅੱਗ ਲਾ ਦਿੱਤੀ, ਜਿਸ ਕਾਰਨ ਸੰਗਰੂਰ ਦੇ ਪਿੰਡ ਅਲੀਸ਼ੇਰ ਨਾਲ ਸਬੰਧਤ ਬੱਸ ਡਰਾਈਵਰ ਮਨਮੀਤ ਸ਼ਰਮਾ (29) ਦੀ ਮੌਤ ਹੋ ਗਈ। ਸੂਬਾ ਕੁਈਨਜ਼ਲੈਂਡ ਦੇ ਸ਼ਹਿਰ ਬ੍ਰਿਸਬਨ ਵਿਚਲੇ ਮੂਰੂਕਾ ਇਲਾਕੇ ਦੀ ਇਸ ਘਟਨਾ ਵਿੱਚ ਬੱਸ ਅੰਦਰ ਬੈਠੀਆਂ ਦਰਜਨ ਦੇ ਕਰੀਬ ਸਵਾਰੀਆਂ ਵੀ ਅੱਗ ਦੀਆਂ ਲਪਟਾਂ ਤੇ ਧੂੰਏ ਵਿੱਚ ਘਿਰ ਗਈਆਂ। ਉਨ੍ਹਾਂ ਨੂੰ ਮਾਮੂਲੀ ਜ਼ਖ਼ਮ ਆਏ ਹਨ। ਅੱਧੀ ਦਰਜਨ ਹਸਪਤਾਲ ਵਿਚ ਜੇਰੇ ਇਲਾਜ ਹਨ। ਹਮਲਾਵਰ ਨੂੰ ਵੀ ਅੱਗ ਦਾ ਸੇਕ ਲੱਗਾ ਹੈ। 48 ਸਾਲ ਦਾ ਮੁਲਜ਼ਮ ਪੁਲੀਸ ਹਿਰਾਸਤ ਵਿੱਚ ਹੈ। ਉਸ ਦੀ ਪਛਾਣ ਨਹੀਂ ਦੱਸੀ ਗਈ। ਪੁਲੀਸ ਅਨੁਸਾਰ ਹਮਲੇ ਦੇ ਕਾਰਨਾਂ ਦਾ ਪਤਾ ਨਹੀਂ ਲੱਗਿਆ ਪਰ ਇਹ ਸਾਫ਼ ਹੈ ਵਾਰਦਾਤ ਅਤਿਵਾਦ, ਨਸਲੀ ਵਿਤਕਰੇ ਜਾਂ ਲੁੱਟ ਖੋਹ ਨਾਲ ਸਬੰਧਤ ਨਹੀਂ ਹੈ। ਪੁਲੀਸ ਦੇ ਸੁਪਰਡੈਂਟ ਜਿਮ ਨੇ ਕਿਹਾ ਹਮਲਾਵਰ ਤੇ ਹੋਰਾਂ ਪਾਸੋਂ ਪੁੱਛ ਪੜਤਾਲ ਕੀਤੀ ਜਾ ਰਹੀ ਹੈ। ਸਵੇਰੇ ਕਰੀਬ ਨੌਂ ਵਜੇ ਬ੍ਰਿਸਬਨ ਕੌਂਸਲ ਬੱਸ ਦਾ ਡਰਾਈਵਰ ਮਨਮੀਤ ਆਪਣੇ ਨਿਰਧਾਰਤ ਰੂਟ 'ਤੇ ਬੱਸ ਚਲਾ ਰਿਹਾ ਸੀ। ਬੱਸ ਰੁਕਣ 'ਤੇ ਇਕ ਵਿਅਕਤੀ ਉਸ ਵਿੱਚ ਚੜ੍ਹਿਆ ਤੇ ਉਸ ਨੇ ਜਲਣਸ਼ੀਲ ਪਦਾਰਥ ਮਨਮੀਤ ਉੱਪਰ ਸੁੱਟ ਕੇ ਅੱਗ ਲਗਾ ਦਿੱਤੀ। ਸੀਟ ਬੈਲਟ ਲੱਗੀ ਹੋਣ ਕਾਰਨ ਉਹ ਅੱਗ ਦੀ ਲਪੇਟ ਵਿੱਚ ਆ ਗਿਆ। ਬੱਸ ਧੂੰਏ ਤੇ ਅੱਗ ਵਿੱਚ ਤਬਦੀਲ ਹੋਣ ਕਾਰਨ ਸਵਾਰੀਆਂ ਨੇ ਚੀਕ ਚਿਹਾੜਾ ਪਾ ਦਿੱਤਾ, ਜਿਸ ਨੂੰ ਸੁਣ ਕੇ ਬਾਹਰ ਖੜ੍ਹੇ ਟੈਕਸੀ ਡਰਾਈਵਰ ਨੇ ਬੱਸ ਦਾ ਸ਼ੀਸ਼ਾ ਤੋੜਿਆ। ਇਸ ਨਾਲ ਵੱਡਾ ਜਾਨੀ ਨੁਕਸਾਨ ਟਲ ਗਿਆ। ਮਨਮੀਤ ਵਿਦਿਆਰਥੀ ਵੀਜ਼ੇ ਉੱਤੇ ਆਸਟਰੇਲੀਆ ਆਇਆ ਸੀ ਤੇ ਪੜ੍ਹਾਈ ਪੂਰੀ ਕਰਕੇ ਆਸਟਰੇਲੀਆ ਦਾ ਨਾਗਰਿਕ ਬਣ ਗਿਆ। ਉਹ ਪੰਜਾਬੀ ਭਾਈਚਾਰੇ ਦੀਆਂ ਸਭਿਆਚਾਰਕ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਭਾਗ ਲੈਂਦਾ ਸੀ ਉਹ ਉਭਰਦਾ ਗਾਇਕ, ਕਵੀ ਤੇ ਡਰਾਮਾ ਕਲਾਕਾਰ ਸੀ। ਉਸ ਦੀ ਮੌਤ ਕਾਰਨ ਆਸਟਰੇਲੀਆ ਵਿਚ ਵਸਦੇ ਸਮੁੱਚੇ ਭਾਰਤੀਆ ਖਾਸਕਰ ਪੰਜਾਬੀ ਭਾਈਚਾਰੇ ਵਿੱਚ ਸੋਗ ਫੈਲ ਗਿਆ ਹੈ। ਉਨ੍ਹਾਂ ਇਸ ਹਮਲੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ।



### ਕਤਲ ਕੇਸ ਦਾ ਮੁਲਜ਼ਮ ਅਦਾਲਤ ਵਿੱਚ ਪੇਸ਼

ਮੈਲਬਰਨ : ਮਨਮੀਤ ਸ਼ਰਮਾ ਦੇ ਕੇਸ ਵਿੱਚ ਮੁਲਜ਼ਮ ਐਂਥਨੀ ਮਾਰਕ ਐਡਵਰਡ ਡੌਨੌਹਿਊ (48) ਨੂੰ ਮੈਜਿਸਟਰੇਟ ਕੋਰਟ ਸਾਹਮਣੇ ਪੇਸ਼ ਕੀਤਾ ਗਿਆ। ਉਸ ਨੂੰ ਬੱਸ ਡਰਾਈਵਰ ਮਨਮੀਤ ਦੇ ਕਤਲ, 11 ਸਵਾਰੀਆਂ ਦੇ ਇਰਾਦਾ ਕਤਲ ਸਮੇਤ 13 ਦੋਸ਼ਾਂ ਤਹਿਤ ਅਦਾਲਤ ਸਾਹਮਣੇ ਲਿਜਾਇਆ ਗਿਆ। ਕੈਦੀ ਕੱਪੜਿਆਂ ਵਿੱਚ ਜੱਜ ਅੱਗੇ ਲਿਆਂਦੇ ਗਏ ਇਸ ਹਮਲਾਵਰ ਨੇ ਸਿਰਫ਼ ਅਗਲੀ ਪੇਸ਼ੀ ਦੀ ਤਸਦੀਕ ਮੌਕੇ ਮੂੰਹ ਖੋਲ੍ਹਿਆ। ਮੈਜਿਸਟਰੇਟ ਨੇ ਇਸ ਕੇਸ ਵਿੱਚ 11 ਪੀੜਤ ਸਵਾਰੀਆਂ ਦੀ ਪਛਾਣ ਜਨਤਕ ਕਰਨ 'ਤੇ ਰੋਕ ਲਾਈ ਹੈ। ਅਦਾਲਤ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁਲਜ਼ਮ ਦੇ ਵਕੀਲ ਐਡਮ ਮੈਗਿਲ ਨੇ ਐਂਥਨੀ ਨੂੰ 'ਸੁੰਨ' ਦੱਸਦਿਆਂ ਕਿਹਾ, "ਇਸ ਸਮੇਂ ਉਹ ਕੁਝ ਮਹਿਸੂਸ ਨਹੀਂ ਕਰ ਰਿਹਾ ਜਾਪਦਾ, ਉਸ ਦੀ ਮਾਨਸਿਕ ਹਾਲਤ ਨੂੰ ਦੇਖਿਆ ਜਾਣਾ ਚਾਹੀਦਾ ਹੈ ਕਿਉਂਕਿ ਇਹ ਜੁਰਮ ਸਮਝ ਤੋਂ ਬਾਹਰ ਹੈ।" ਮੈਜਿਸਟਰੇਟ ਕੋਲ ਜ਼ਮਾਨਤੀ ਅਧਿਕਾਰ ਨਾ ਹੋਣ ਕਾਰਨ ਹਮਲਾਵਰ ਦੀ ਅਗਲੀ ਪੇਸ਼ੀ 21 ਨਵੰਬਰ ਨੂੰ ਹੋਵੇਗੀ। ਇਸ ਦੌਰਾਨ ਮ੍ਰਿਤਕ ਨੌਜਵਾਨ ਦੀ ਯਾਦ ਵਿੱਚ ਸ਼ਹਿਰ ਦੇ ਗੁਰਦੁਆਰੇ 'ਬ੍ਰਿਸਬਨ ਸਿੱਖ ਟੈਂਪਲ' ਵਿੱਚ ਭਾਈਚਾਰਕ ਇਕੱਤਰਤਾ ਕੀਤੀ ਗਈ, ਜਿਸ ਵਿੱਚ ਜਨਤਕ ਟਰਾਂਸਪੋਰਟ ਯੂਨੀਅਨ ਦੇ ਨੁਮਾਇੰਦਿਆਂ ਸਮੇਤ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਸਮਾਜ ਸੇਵੀ ਮਨਜੀਤ ਬੋਪਾਰਾਏ ਨੇ ਮੰਗ ਰੱਖੀ ਕਿ ਜਾਂਚ ਮਗਰੋਂ ਇਹ ਯਕੀਨੀ ਬਣਾਇਆ ਜਾਵੇ ਕਿ ਮੁਲਜ਼ਮ ਨੂੰ ਬਣਦੀ ਸਜ਼ਾ ਮਿਲੇ। ਇਕੱਤਰਤਾ ਮਗਰੋਂ ਮਨਮੀਤ ਫ਼ਾਊਂਡੇਸ਼ਨ ਦੇ ਗਠਨ ਦਾ ਐਲਾਨ ਕੀਤਾ ਗਿਆ। ਇਸ ਤੋਂ ਇਲਾਵਾ ਘਟਨਾ ਸਥਾਨ ਨੇੜੇ ਵੱਡੀ ਗਿਣਤੀ ਵਿੱਚ ਇਕੱਤਰ ਹੋਏ ਸ਼ਹਿਰ ਵਾਸੀਆਂ ਨੇ ਮਨਮੀਤ ਨੂੰ ਸ਼ਰਧਾਂਜਲੀ ਦਿੱਤੀ।

### ਦਸੰਬਰ ਵਿਚ ਸੀ ਮਨਮੀਤ ਦੀ ਮੰਗਣੀ :

ਲਹਿਰਾਗਾਗਾ : ਆਸਟਰੇਲੀਆਂ ਤੋਂ ਮਨਮੀਤ ਦੀ ਮੌਤ ਬਾਰੇ ਆਏ ਫੋਨ ਕਾਰਨ ਪਿੰਡ ਅਲੀਸ਼ੇਰ ਦੇ ਅਕਾਲੀ ਆਗੂ ਮਾਸਟਰ ਰਾਮ ਸਰੂਪ ਸ਼ਰਮਾ ਦੇ ਪਰਿਵਾਰ ਵਿੱਚ ਸੋਗ ਫੈਲ ਗਿਆ ਹੈ। ਮ੍ਰਿਤਕ ਦੀ ਮਾਤਾ ਕ੍ਰਿਸ਼ਨਾ ਦੇਵੀ ਅਕਾਲੀ ਦਲ ਦੀ ਬਲਾਕ ਸਮਿਤੀ ਮੈਂਬਰ ਹੈ ਅਤੇ ਵੱਡਾ ਭਰਾ ਅਮਿਤ ਅਲੀਸ਼ੇਰ ਯੂਥ ਅਕਾਲੀ ਦਲ ਦਾ ਕੌਮੀ ਮੀਤ ਪ੍ਰਧਾਨ ਹੈ। ਚਾਰ ਭੈਣ ਭਰਾਵਾਂ ਵਿਚ ਮਨਮੀਤ ਸਭ ਤੋਂ ਛੋਟਾ ਸੀ। ਉਸ ਨੇ ਮੰਗਣੀ ਕਰਵਾਉਣ ਲਈ ਦਸੰਬਰ ਮਹੀਨੇ ਵਿੱਚ ਪਿੰਡ ਆਉਣਾ ਸੀ। ਉਸ ਦੇ ਚਚੇਰੇ ਭਰਾ ਵਰਿੰਦਰ ਸ਼ਰਮਾ ਦਾ ਦਾਅਵਾ ਹੈ ਕਿ ਉਸ ਦੇ ਭਰਾ ਦੀ ਮੌਤ ਦਾ ਕਾਰਨ ਨਸਲੀ ਹਮਲਾ ਹੈ।

### ਟੈਕਸੀ ਡਰਾਈਵਰ ਬਹਾਦਰੀ ਮੈਡਲ ਲਈ ਨਾਮਜ਼ਦ:

ਸਿਡਨੀ : ਕੁਈਨਜ਼ਲੈਂਡ ਸਰਕਾਰ ਨੇ ਬ੍ਰਿਸਬੇਨ ਦੇ ਟੈਕਸੀ ਡਰਾਈਵਰ ਐਗੁਇਕ ਨਯੋਕ ਨੂੰ ਰਾਸ਼ਟਰੀ ਬਹਾਦਰੀ ਮੈਡਲ ਦੇਣ ਲਈ ਨਾਮਜ਼ਦ ਕੀਤਾ ਹੈ। ਉਸ ਨੇ ਸੜਦੀ ਬੱਸ ਦੇ ਸ਼ੀਸ਼ੇ ਤੋੜ ਕੇ ਇਕ ਦਰਜਨ ਸਵਾਰੀਆਂ ਨੂੰ ਬਚਾਇਆ ਸੀ।

### ਮਨਮੀਤ ਅਲੀਸ਼ੇਰ ਦੀ ਮ੍ਰਿਤਕ ਦੇਹ ਪਰਿਵਾਰ ਨੂੰ ਸੌਂਪੀ

ਮੈਲਬਰਨ: ਬ੍ਰਿਸਬਨ 'ਚ ਸਾੜ ਕੇ ਮਾਰੇ ਗਏ ਪੰਜਾਬੀ ਨੌਜਵਾਨ ਮਨਮੀਤ ਅਲੀਸ਼ੇਰ ਦੀ ਮ੍ਰਿਤਕ ਦੇਹ ਪੰਜਾਬ ਤੋਂ ਆਏ ਉਸ ਦੇ ਵਾਰਿਸਾਂ ਨੂੰ ਸੌਂਪ ਦਿੱਤੀ ਗਈ। ਪੀੜਤ ਪਰਿਵਾਰ ਨੇ ਆਸਟਰੇਲੀਆ ਸਰਕਾਰ ਕੋਲੋਂ ਇਨਸਾਫ਼ ਦੀ ਮੰਗ ਕਰਦਿਆਂ ਮੁਲਜ਼ਮ ਨੂੰ ਸਖ਼ਤ ਸਜ਼ਾ ਦੇਣ ਲਈ ਕਿਹਾ। ਮਨਮੀਤ ਦੀ ਮ੍ਰਿਤਕ ਦੇਹ ਵੀਰਵਾਰ ਤਕ ਪੰਜਾਬ ਪਹੁੰਚੇਗੀ। ਉਧਰ ਸੂਬੇ ਦੇ ਸਿਹਤ ਮੰਤਰੀ ਕੈਮਰਨ ਡਿੱਕ ਨੇ ਨਿਰਦੇਸ਼ ਦਿੱਤੇ ਹਨ ਕਿ ਮਾਨਸਿਕ ਬਿਮਾਰੀ ਅਧੀਨ ਰਹੇ ਹਮਲਾਵਰ ਐਂਥਨੀ ਓ ਡੌਨਹਿਊ (48) ਦੇ ਸਰਕਾਰੀ ਹਸਪਤਾਲ ਤੋਂ ਚੱਲੇ ਇਲਾਜ ਦੀ ਜਾਂਚ ਕਰਵਾਈ ਜਾਵੇ। ਇਸ ਪੜਤਾਲ ਲਈ 8 ਹਫ਼ਤਿਆਂ ਦਾ ਸਮਾਂ ਰੱਖਿਆ ਗਿਆ ਹੈ। ਮਨਮੀਤ ਦੇ ਭਰਾ ਅਮਿਤ ਸ਼ਰਮਾ ਅਤੇ ਪਰਿਵਾਰ ਦੇ ਕਰੀਬੀ ਵਿਨਰਜੀਤ ਸਿੰਘ ਗੋਲਡੀ ਨੇ ਕਿਹਾ ਕਿ ਉਨ੍ਹਾਂ ਨੂੰ ਇਨਸਾਫ਼ ਦੀ ਉਡੀਕ ਰਹੇਗੀ। ਉਨ੍ਹਾਂ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਆਸਟਰੇਲੀਆ 'ਚ ਕੰਮ ਕਰਦੇ ਪਰਵਾਸੀਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ਤਾਂ ਜੋ ਹੋਰ ਕਿਸੇ ਪਰਿਵਾਰ ਨੂੰ ਅਸਹਿ ਦਰਦ ਦਾ ਸਾਹਮਣਾ ਨਾ ਕਰਨਾ ਪਵੇ।" ਬ੍ਰਿਸਬਨ ਕੌਂਸਲ ਦੇ ਮੇਅਰ ਨੇ ਆਪਣੇ ਦਫ਼ਤਰ 'ਚ ਅਮਿਤ ਸ਼ਰਮਾ ਨਾਲ ਮੁਲਾਕਾਤ ਮਗਰੋਂ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੰਦਿਆਂ ਐਲਾਨ ਕੀਤਾ ਕਿ ਮਨਮੀਤ ਦੀ ਸ਼ਹਿਰ 'ਚ ਯਾਦਗਾਰ ਸਥਾਪਤ ਕੀਤੀ ਜਾਵੇਗੀ ਅਤੇ ਵਿੱਤੀ ਮਦਦ ਸਬੰਧੀ ਵੀ ਪ੍ਰਬੰਧ ਕੀਤੇ ਗਏ ਹਨ। ਪ੍ਰਧਾਨ ਮੰਤਰੀ ਮੈਲਕਮ ਟਰਨਬੁੱਲ ਨੇ ਇਸ ਘਟਨਾ ਉੱਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਕੁਈਨਜ਼ਲੈਂਡ ਦੀ ਮੁੱਖ ਮੰਤਰੀ ਅਨੈਸਟਿਕਾ ਪੈਲਾਸੁਜ਼ੂਕ ਨੇ ਫ਼ੋਨ ਉੱਤੇ ਪਰਿਵਾਰ ਨਾਲ ਹਮਦਰਦੀ ਜਤਾਉਂਦਿਆਂ ਘਟਨਾ ਦੀ ਸਮਾਂਬੱਧ ਜਾਂਚ ਦਾ ਭਰੋਸਾ ਦਿੱਤਾ ਹੈ। ਗੁਰੂ ਘਰ ਵਿੱਚ ਰੱਖੀ ਗਈ ਭਾਈਚਾਰਕ ਇਕੱਤਰਤਾ ਦੌਰਾਨ ਸੂਬੇ ਦੇ ਮਲਟੀਕਲਚਰਲ ਮੰਤਰੀ ਸਮੇਤ ਹੋਰ ਅਧਿਕਾਰੀਆਂ ਨੇ ਆਪਣੇ ਸੁਨੇਹੇ ਸਾਂਝੇ ਕੀਤੇ। ਵੱਖ-ਵੱਖ ਸ਼ਹਿਰਾਂ 'ਚ ਮਨਮੀਤ ਦੀ ਯਾਦ 'ਚ ਭਾਈਚਾਰੇ ਵਲੋਂ ਸ਼ੋਕ ਸਭਾਵਾਂ ਉਲੀਕੀਆਂ ਜਾ ਰਹੀਆਂ ਹਨ। ਦੂਜੇ ਸੂਬਿਆਂ ਦੇ ਬੱਸ ਡਰਾਈਵਰਾਂ ਵਲੋਂ ਕਾਲੇ ਬਿੱਲੇ ਲਗਾ ਕੇ ਮਨਮੀਤ ਨੂੰ ਸ਼ਰਧਾਂਜਲੀ ਦਿੱਤੀ ਗਈ। ਸਮਾਜ ਸੇਵੀ ਮਨਜੀਤ ਬੋਪਾਰਾਏ, ਨਵਦੀਪ ਸਿੱਧੂ, ਪ੍ਰਨਾਮ ਹੇਅਰ ਅਤੇ ਜਸਪਾਲ ਸੰਧੂ ਨੇ ਦੁੱਖ ਦੀ ਘੜੀ 'ਚ ਭਾਈਚਾਰੇ ਵਲੋਂ ਦਿਖਾਈ ਇਕਮੁੱਠਤਾ ਅਤੇ ਸਹਿਯੋਗ ਲਈ ਸਭ ਦਾ ਧੰਨਵਾਦ ਕੀਤਾ ਹੈ।

# ਸਿੱਖ ਵਿਰੋਧੀ ਹਿੰਦੂ ਫਿਰਕੂਆਂ ਦਾ ਡੱਟ ਕੇ ਵਿਰੋਧ ਕਰਨ ਦਾ ਸੱਦਾ

**ਸਾਨ ਫਰਾਂਸਿਸਕੋ/ਬਿਊਰੋ ਨਿਊਜ਼;** ਹਿੰਦੂ ਕੱਟੜਵਾਦੀਆਂ ਵਲੋਂ ਭਾਰਤ ਵਿੱਚ ਸਰਕਾਰ ਦੀ ਸ਼ਹਿ ਉੱਤੇ 1984 ਦੀ ਸਿੱਖ ਨਸਲਕੁਸ਼ੀ ਦੀ ਸਿੱਧੇ ਅਤੇ ਅਸਿੱਧੇ ਤੌਰ ਉੱਤੇ ਹਮਾਇਤ ਕੀਤੇ ਜਾਣ ਤੋਂ ਸਿੱਖਾਂ ਵਿੱਚ ਸਖ਼ਤ ਰੋਸ ਪਾਇਆ ਜਾ ਰਿਹਾ ਹੈ। ਸਿੱਖ ਜਥੇਬੰਦੀਆਂ ਨੇ ਸਾਰੇ ਅਮਨ ਪਸੰਦ ਅਤੇ ਧਰਮ ਨਿਰਪੇਖ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਜਾਗਰਿਤੀ ਸ਼ੁਕਲਾ ਵਰਗੇ ਅਕਿਰਤਘਣ ਅਤੇ ਫਿਰਕੂ ਅਨਸਰਾਂ ਦਾ ਡੱਟ ਕੇ ਵਿਰੋਧ ਕਰਨ ਅਤੇ ਘਿਣਾਉਣੀਆਂ ਹਰਕਤਾਂ ਨੂੰ ਨੰਗਿਆਂ ਕਰਨ।




ਇੱਥੇ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ ਵਿੱਚ ਸਿੱਖ ਜਥੇਬੰਦੀਆਂ ਨੇ ਖੇਦ ਪ੍ਰਗਟ ਕੀਤਾ ਕਿ ਭਾਰਤ ਵਿੱਚ ਤਾਂ ਇਹ ਅਣਮਨੁੱਖੀ ਕਾਰਵਾਈ ਨੂੰ ਕਰਨ/ਕਰਾਉਣ ਵਾਲੇ ਸਨ ਹੀ ਹਿੰਦੂ ਜਿਨ੍ਹਾਂ ਕੇਵਲ ਇਸ ਦੀ ਹਮਾਇਤ ਹੀ ਨਹੀਂ ਕੀਤੀ ਸਗੋਂ ਇਸ ਨੂੰ ਅਮਲੀ ਜਾਮਾ ਵੀ ਪਹਿਨਾਇਆ। ਵਿਦੇਸ਼ ਵਿਚਲੀਆਂ ਹਿੰਦੂ ਜਥੇਬੰਦੀਆਂ ਸਿੱਖ ਨਸਲਕੁਸ਼ੀ ਦੀ ਅਤਿ ਘਿਣਾਉਣੀ ਕਾਰਵਾਈ ਨੂੰ ਜਾਇਜ਼ ਠਹਿਰਾਉਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੀਆਂ। ਇੱਥੋਂ ਤੱਕ ਕਿ ਸ਼ੋਸ਼ਲ ਮੀਡੀਆ ਵਿੱਚ ਵੀ ਹਿੰਦੂ ਸਿੱਖਾਂ ਦੇ ਜ਼ਖ਼ਮਾਂ ਉੱਤੇ ਲੂਣ ਛਿੜਕਣ ਤੋਂ ਬਾਜ ਨਹੀਂ ਆਉਂਦੇ। ਇਸ ਦੀ ਤਾਜ਼ਾ ਮਿਸਾਲ ਟਵਿਟਰ ਉੱਤੇ ਜਾਗਰਤੀ ਸ਼ੁਕਲਾ ਨਾਂ ਦੀ ਹਿੰਦੂ ਔਰਤ ਵਲੋਂ ਜਿੰਦਰ ਨਾਮੀ ਸਿੱਖ ਨੌਜਵਾਨ ਵਲੋਂ ਕਮਿਉਨਿਟੀ ਦੇ ਦਰਦ ਸਬੰਧੀ ਲਿਖੇ ਸ਼ਬਦਾਂ ਦੇ ਵਿਰੋਧ ਵਿੱਚ ਉਗਲਿਆ ਜ਼ਹਿਰ ਹੈ। ਜਿੰਦਰ ਨੇ ਲਿਖਿਆ ਸੀ ਕਿ 1984 ਵਿੱਚ 20 ਹਜ਼ਾਰ ਸਿੱਖਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਇਨ੍ਹਾਂ ਦਾ ਕੀ ਦੋਸ਼ ਸੀ ?

ਜਾਗਰਿਤੀ ਨੇ ਬੜੀ ਬੇਸ਼ਰਮੀ ਨਾਲ ਟਿਪਣੀ ਕੀਤੀ ਕਿ ਸਿੱਖਾਂ ਨਾਲ ਇਓਂ ਹੀ ਹੋਣਾ ਚਾਹੀਦਾ ਸੀ। ਸਿੱਖ ਨਫ਼ਰਤ ਦੇ ਬੀਜ ਬੀਜਦੇ ਹਨ। ਉਨ੍ਹਾਂ ਨੇ ਹਿੰਦੂਆਂ ਦੇ ਬਿਨਾਂ ਵਜ੍ਹਾ ਕਤਲ ਕੀਤੇ। ਜਾਗਰਿਤੀ ਸ਼ੁਕਲਾ ਸਿੱਖਾਂ ਉੱਤੇ ਅਜਿਹੇ ਬੇਹੂਦਾ ਅਤੇ ਬੇਸਿਰ ਪੈਰ ਇਲਜ਼ਾਮ ਲਾਉਣ ਵੇਲੇ ਇਹ ਭੁੱਲ ਗਈ ਕਿ ਮੁਗਲਾਂ ਵੇਲੇ ਸਿੱਖਾਂ ਨੇ ਹਿੰਦੂ ਧਰਮ ਅਤੇ ਹਿੰਦੂ ਔਰਤਾਂ ਦੀਆਂ ਇਜ਼ਤਾਂ ਬਚਾਉਣ ਲਈ ਮਹਾਨ ਕਾਰਨਾਮੇ ਕੀਤੇ। ਕਸ਼ਮੀਰੀ ਪੰਡਤਾਂ ਦੀ ਖ਼ਾਤਰ ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦਿੱਤੀ। ਸਿੱਖ ਜਥੇਬੰਦੀਆਂ ਨੇ ਕਿਹਾ ਕਿ ਸਿੱਖ ਭਾਈਚਾਰੇ ਨੂੰ ਅਜਿਹੇ ਸਿਰ ਫਿਰੇ ਹਿੰਦੂ ਅਨਸਰਾਂ ਤੋਂ ਚੌਕਸ ਰਹਿਣਾ ਅਤੇ ਵਿਰੋਧ ਕਰਨਾ ਚਾਹੀਦਾ ਹੈ।

# ਹਾਂਗਕਾਂਗ : ਸਿੱਖ ਪਰਿਵਾਰ ਦੇ ਢਾਈ ਸਾਲਾ ਬੱਚੇ ਦਾ ਪੰਜਾਬੀ ਨੌਕਰਾਣੀ ਨੇ ਹੀ ਕੀਤਾ ਕਤਲ

**ਹਾਂਗਕਾਂਗ/ਬਿਊਰੋ ਨਿਊਜ਼ :**

ਹਾਂਗਕਾਂਗ ਦੇ ਥਿਨ-ਸੁ-ਵਾਈ ਇਲਾਕੇ ਵਿਚ ਰਹਿੰਦੇ ਪੰਜਾਬੀ ਪਰਿਵਾਰ ਦੇ ਢਾਈ ਸਾਲਾ ਪੁੱਤਰ ਦੀ ਪੰਜਾਬੀ ਨੌਕਰਾਣੀ ਨੇ ਹੀ ਗਲਾ ਘੁਟ ਕੇ ਹਤਿਆ ਕਰ ਦਿੱਤੀ। ਪ੍ਰਾਪਤ ਵੇਰਵਿਆਂ ਮੁਤਾਬਕ ਅੰਮ੍ਰਿਤਸਰ ਵਾਸੀ ਹਰਵਿੰਦਰ ਸਿੰਘ (ਬੌਬੀ ਮੱਲ੍ਹੀ) ਅਤੇ ਕੁਲਜੀਤ ਕੌਰ ਮੱਲ੍ਹੀ ਵੱਲੋਂ ਵਿਆਹ ਤੋਂ ਕਰੀਬ 7 ਸਾਲਾਂ ਬਾਅਦ ਪੈਦਾ ਹੋਏ ਇਕਲੌਤੇ ਪੁੱਤਰ ਏਕਮਜੋਤ ਸਿੰਘ ਦੀ ਸਾਂਭ-ਸੰਭਾਲ ਲਈ ਕਰੀਬ 7 ਮਹੀਨੇ ਪਹਿਲਾਂ ਅਰਸ਼ਦੀਪ ਕੌਰ ਪੁੱਤਰੀ ਬਿੰਦਰ ਸਿੰਘ ਪਿੰਡ ਮਾਹਲਾਂ ਕਲਾਂ, ਬਾਘਾਪੁਰਾਣਾ ਨੂੰ ਮੇਡ ਦੇ ਤੌਰ 'ਤੇ ਵੀਜ਼ਾ ਲਗਵਾ ਕੇ ਹਾਂਗਕਾਂਗ ਲਿਆਂਦਾ ਗਿਆ ਸੀ। ਸੋਮਵਾਰ ਸਵੇਰੇ ਬੌਬੀ ਮੱਲ੍ਹੀ ਦੇ ਮੋਬਾਈਲ ਨਾਲ ਜੁੜੇ ਘਰ ਦੇ ਸੀ.ਸੀ.ਟੀ.ਵੀ. ਕੈਮਰੇ ਇਕਦਮ ਬੰਦ ਹੋ ਗਏ ਅਤੇ ਨੌਕਰੀਪੇਸ਼ਾ ਮੱਲ੍ਹੀ ਪਤੀ-ਪਤਨੀ ਵੱਲੋਂ ਵਾਰ-ਵਾਰ ਸੰਪਰਕ ਕਰਨ 'ਤੇ ਨੌਕਰਾਣੀ ਨੇ ਫੋਨ ਨਾ ਚੁੱਕਿਆ। ਘਬਰਾਹਟ ਵਿਚ ਬੌਬੀ ਮੱਲ੍ਹੀ ਜਦੋਂ ਘਰ ਪਹੁੰਚਿਆ ਤਾਂ ਬੈੱਡ 'ਤੇ ਬੇਸੁੱਧ ਪਏ ਢਾਈ ਸਾਲਾ ਮਾਸੂਮ ਏਕਮਜੋਤ ਸਿੰਘ ਦੇ ਨੱਕ ਵਿਚੋਂ ਨਿਕਲ ਰਹੇ ਖ਼ੂਨ ਨੂੰ ਵੇਖ ਕੇ ਤੁਰੰਤ ਥੀਨ-ਮੂਨ ਸਥਿਤ ਹਸਪਤਾਲ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਬੱਚੇ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਹਾਂਗਕਾਂਗ ਪੁਲੀਸ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਨੌਕਰਾਣੀ ਅਰਸ਼ਦੀਪ ਕੌਰ ਨੂੰ ਥਿਨ-ਸੁ-ਵਾਈ ਪਬਲਿਕ ਟੁਆਲਿਟ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲੀਸ ਵੱਲੋਂ ਕੀਤੀ ਗਈ ਮੁਢਲੀ ਪੁੱਛਗਿੱਛ ਵਿਚ ਅਰਸ਼ਦੀਪ ਕੌਰ ਨੇ ਦੱਸਿਆ ਕਿ ਉਹ ਘਰ ਦੀ ਬਾਲਕੋਨੀ ਵਿਚ ਖੜ੍ਹੀ ਸੀ ਕਿ ਉਸ ਵਿਚ ਗੈਬੀ ਪੌਣ ਆ ਗਈ ਅਤੇ ਉਸ ਨੇ ਘਰ ਵਿਚ ਲੱਗੇ ਸੀ.ਸੀ.ਟੀ.ਵੀ. ਕੈਮਰੇ ਤੋੜਨ ਤੋਂ ਬਾਅਦ ਸੌਫੇ 'ਤੇ ਖੇਡ ਰਹੇ ਏਕਮਜੋਤ ਸਿੰਘ ਨੂੰ ਬੈੱਡ 'ਤੇ ਲਿਜਾ ਕੇ ਮੌਤ ਹੋਣ ਤੱਕ ਉਸ ਦਾ ਗਲਾ ਘੁੱਟੀ ਰੱਖਿਆ। ਬੱਚੇ ਦੀ ਮੌਤ ਹੋਣ ਤੋਂ ਬਾਅਦ ਉਹ ਉਸ 'ਤੇ ਕੱਪੜਾ ਪਾ ਕੇ ਬਾਹਰ ਚਲੀ ਗਈ। ਉਸ ਮੁਤਾਬਕ ਇਹ ਸਭ ਇਕਦਮ ਕਿਵੇਂ ਵਾਪਰਿਆ, ਉਸ ਨੂੰ ਕੋਈ ਸੁੱਧ ਨਹੀਂ। ਪੁਲੀਸ ਵੱਲੋਂ ਕੇਸ ਦੇ ਹੋਰ ਪਹਿਲੂਆਂ ਦੀ ਜਾਰੀ ਜਾਂਚ ਕਾਰਨ ਨੌਕਰਾਣੀ ਅਰਸ਼ਦੀਪ ਕੌਰ ਨੂੰ ਫਿਲਹਾਲ ਪੁਲੀਸ ਰਿਮਾਂਡ 'ਤੇ ਰੱਖਿਆ ਗਿਆ ਹੈ।



ਮ੍ਰਿਤਕ ਬੱਚੇ ਏਕਮਜੋਤ ਸਿੰਘ ਦੇ ਮਾਤਾ-ਪਿਤਾ ਨਾਲ ਨੌਕਰਾਣੀ ਦੀ ਪੁਰਾਣੀ ਤਸਵੀਰ। (ਇਨਸੈੱਟ) ਏਕਮਜੋਤ

# ਸਰਬੱਤ ਖ਼ਾਲਸਾ ਦੇ ਆਗੂਆਂ ਨੇ ਲਾਇਆ ਦੋਸ਼ : ਸਰਕਾਰ ਕਰ ਰਹੀ ਹੈ ਪ੍ਰੇਸ਼ਾਨ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਸਰਬੱਤ ਖ਼ਾਲਸਾ ਦੇ ਪ੍ਰਬੰਧਕਾਂ ਵਿੱਚ ਸ਼ਾਮਲ ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ ਅਤੇ ਜਨਰਲ ਸਕੱਤਰ ਵੱਸਣ ਸਿੰਘ ਜਫਰਵਾਲ ਨੇ ਦੋਸ਼ ਲਾਇਆ ਕਿ ਸਰਬੱਤ ਖ਼ਾਲਸਾ ਤੋਂ ਘਬਰਾਈ ਸਰਕਾਰ ਨੇ ਪ੍ਰਬੰਧਕਾਂ ਨੂੰ ਨਾਜਾਇਜ਼ ਤੰਗ-ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਸ ਤਹਿਤ ਜਥੇਬੰਦੀ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਜਿਜੇਆਣੀ ਨੂੰ ਬੀਤੀ ਰਾਤ ਬਟਾਲਾ ਤੇ ਗੁਰਦਾਸਪੁਰ ਦੀ ਪੁਲੀਸ ਵੱਲੋਂ ਘਰੋਂ ਚੁੱਕ ਕੇ ਮਾਨਸਿਕ ਤੌਰ 'ਤੇ ਤੰਗ ਪ੍ਰੇਸ਼ਾਨ ਕਰਨ ਦਾ ਯਤਨ ਕੀਤਾ ਗਿਆ ਹੈ।

ਇਸ ਸਬੰਧ ਵਿੱਚ ਸ੍ਰੀ ਜਿਜੇਆਣੀ ਦੇ ਘਰ ਵਿੱਚ ਸੱਦੇ ਪੱਤਰਕਾਰ ਸੰਮੇਲਨ ਦੌਰਾਨ ਸਿੱਖ ਆਗੂਆਂ ਨੇ ਪੁਲੀਸ ਦੀ ਇਸ ਕਾਰਵਾਈ ਦੀ ਨਿੰਦਾ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਸਰਬੱਤ ਖ਼ਾਲਸਾ ਨੂੰ ਰੋਕਣ ਲਈ ਅਜਿਹਾ ਕੀਤਾ ਗਿਆ ਹੈ। ਉਨ੍ਹਾਂ ਨੇ ਇਸ ਕਾਰਵਾਈ ਨੂੰ ਪੁਲੀਸ ਦੀ ਬੁਰਸ਼ਾਗਰਦੀ ਕਰਾਰ ਦਿੰਦਿਆਂ ਆਖਿਆ ਕਿ ਇਸ ਮਾਮਲੇ ਦੀ ਉਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਇਸ ਮਾਮਲੇ ਵਿਚ ਭਾਰਤ ਦੇ ਚੋਣ ਕਮਿਸ਼ਨ, ਰਾਜਪਾਲ ਅਤੇ ਆਈਜੀ ਬਾਰਡਰ ਰੇਂਜ ਨੂੰ ਮਿਲਣ ਅਤੇ ਸ਼ਿਕਾਇਤ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਕਾਰਵਾਈ ਨਾ ਹੋਈ ਤਾਂ ਉਹ ਨਿਆਂ ਵਾਸਤੇ ਅਦਾਲਤ ਦਾ ਦਰਵਾਜ਼ਾ ਵੀ ਖੜਕਾਉਣਗੇ। ਘਟਨਾ ਦੀ ਜਾਣਕਾਰ ਦਿੰਦਿਆਂ ਉਨ੍ਹਾਂ ਦੱਸਿਆ ਕਿ ਜਦੋਂ ਸ੍ਰੀ ਜਿਜੇਆਣੀ ਆਪਣੇ ਘਰ ਵਿੱਚ ਸੁੱਤੇ ਪਏ ਸਨ ਤਾਂ ਇਨ੍ਹਾਂ ਦੋਵਾਂ ਜ਼ਿਲ੍ਹਿਆਂ ਦੀ ਪੁਲੀਸ ਘਰ ਦਾ ਦਰਵਾਜ਼ਾ ਤੋੜ ਕੇ ਦਾਖਲ ਹੋਈ ਅਤੇ ਸੁੱਤੇ ਹੋਏ ਸਿੱਖ ਆਗੂ ਨੂੰ ਜਬਰੀ ਗੱਡੀ ਵਿੱਚ ਸੁੱਟ ਕੇ ਲੈ ਗਈ। ਇਸ ਕਾਰਵਾਈ ਦੌਰਾਨ ਘਰ ਦੀਆਂ ਔਰਤਾਂ ਨਾਲ ਵੀ ਬਦਸਲੂਕੀ ਕੀਤੀ ਗਈ। ਸ੍ਰੀ ਜਿਜੇਆਣੀ ਨੇ ਦੱਸਿਆ ਕਿ ਬਟਾਲਾ ਪੁਲੀਸ ਦੇ ਸੀਆਈਏ ਵਿਭਾਗ ਦੇ ਇੰਸਪੈਕਟਰ ਅਤੇ ਏਐਸਆਈ ਦੀ ਅਗਵਾਈ ਵਿੱਚ ਪੁੱਜੀ ਪੁਲੀਸ ਨੇ ਇਹ ਕਾਰਵਾਈ ਕੀਤੀ ਹੈ। ਉਸ ਨੂੰ ਮੁਲਜ਼ਮਾਂ ਵਾਂਗ ਥਾਣੇ ਲਿਜਾਇਆ ਗਿਆ ਅਤੇ ਕਾਰ ਚੋਰੀ ਕਰਨ ਦਾ ਦੋਸ਼ ਲਾਇਆ ਗਿਆ। ਜਦੋਂਕਿ ਉਨ੍ਹਾਂ ਨੇ ਇਹ ਕਾਰ ਏਜੰਸੀ ਤੋਂ ਖਰੀਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੁਲੀਸ ਨੇ ਇਹ ਕਾਰਵਾਈ ਸਿਆਸੀ ਹਿੱਤਾਂ ਕਾਰਨ ਕੀਤੀ ਹੈ। ਇਸ ਮੁੱਹਲੇ ਦੀਆਂ ਔਰਤਾਂ ਤੇ ਲੋਕ ਵੀ ਹਾਜ਼ਰ ਸਨ, ਜਿਨ੍ਹਾਂ ਨੇ ਪੁਲੀਸ ਕਾਰਵਾਈ ਬਾਰੇ ਹਾਮੀ ਭਰੀ। ਪੁਲੀਸ ਅਧਿਕਾਰੀਆਂ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦਿਆਂ ਆਖਿਆ ਕਿ ਪੁਲੀਸ ਨੂੰ ਮਿਲੀ ਕਿਸੇ ਗੁਪਤ ਸੂਚਨਾ ਦੀ ਪੁਸ਼ਟੀ ਲਈ ਕਾਰਵਾਈ ਕੀਤੀ ਗਈ ਪਰ ਇਹ ਸੂਚਨਾ ਗਲਤ ਸਾਬਤ ਹੋਈ ਹੈ ਅਤੇ ਉਸ ਨੂੰ ਛੱਡ ਦਿੱਤਾ ਗਿਆ ਹੈ। ਉਨ੍ਹਾਂ ਆਖਿਆ ਕਿ ਪੁਲੀਸ ਸ਼ੱਕ ਦੇ ਆਧਾਰ 'ਤੇ ਪੁੱਛਗਿਛ ਲਈ ਕਿਸੇ ਨੂੰ ਵੀ ਸੱਦ ਸਕਦੀ ਹੈ ਅਤੇ ਇਸੇ ਤਹਿਤ ਹੀ ਜਿਜੇਆਣੀ ਨੂੰ ਸੱਦਿਆ ਗਿਆ ਸੀ।

## ਮੁਤਵਾਜ਼ੀ ਜਥੇਦਾਰਾਂ ਨੇ ਸੁਖਬੀਰ ਬਾਦਲ ਖ਼ਿਲਾਫ਼ ਕਾਰਵਾਈ ਦਾ ਫ਼ੈਸਲਾ ਕੀਤਾ ਮੁਲਤਵੀ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸਰਬੱਤ ਖ਼ਾਲਸਾ ਵੱਲੋਂ ਥਾਪੇ ਗਏ ਜਥੇਦਾਰਾਂ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਕਾਰਵਾਈ ਕਰਨ ਦਾ ਫ਼ੈਸਲਾ ਫਿਲਹਾਲ ਮੁਲਤਵੀ ਕਰ ਦਿੱਤਾ ਹੈ। ਹੁਣ ਇਸ ਮਾਮਲੇ ਵਿੱਚ ਅਗਲਾ ਫ਼ੈਸਲਾ ਜੇਲ੍ਹ ਵਿੱਚ ਬੰਦ ਭਾਈ ਜਗਤਾਰ ਸਿੰਘ ਹਵਾਰਾ ਨਾਲ ਸਲਾਹ-ਮਸ਼ਵਰਾ ਕਰਕੇ ਲਿਆ ਜਾਵੇਗਾ।

ਸਰਬੱਤ ਖ਼ਾਲਸਾ ਵੱਲੋਂ ਥਾਪੇ ਗਏ ਜਥੇਦਾਰਾਂ ਭਾਈ ਧਿਆਨ ਸਿੰਘ ਮੰਡ (ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ), ਭਾਈ ਬਲਜੀਤ ਸਿੰਘ ਦਾਦੂਵਾਲ (ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ) ਅਤੇ ਭਾਈ ਅਮਰੀਕ ਸਿੰਘ (ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ) ਵੱਲੋਂ ਬਰਗਾੜੀ ਤੇ ਬਹਿਬਲ ਕਾਂਡ ਮਾਮਲੇ ਵਿੱਚ ਪੰਜਾਬ ਸਰਕਾਰ ਦੇ ਗ੍ਰਹਿ ਮੰਤਰੀ ਵਜੋਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਕੋਲੋਂ ਇਸ ਮਾਮਲੇ ਵਿੱਚ ਸਰਕਾਰ ਵੱਲੋਂ ਕੀਤੀ ਗਈ ਕਾਰਵਾਈ ਬਾਰੇ ਰਿਪੋਰਟ ਮੰਗੀ ਗਈ ਸੀ। ਪ੍ਰੰਤੂ ਹੁਣ ਤੱਕ ਉਪ ਮੁੱਖ ਮੰਤਰੀ ਵੱਲੋਂ ਕੋਈ ਹੁੰਗਾਰਾ ਨਹੀਂ ਦਿੱਤਾ ਗਿਆ ਹੈ। ਮੁਤਵਾਜ਼ੀ ਜਥੇਦਾਰ ਇਸ ਮਾਮਲੇ ਵਿੱਚ ਦੋ ਵਾਰ ਸਮਾਂ ਵੀ ਦੇ ਚੁੱਕੇ ਹਨ ਅਤੇ ਪਿਛਲੀ ਮੀਟਿੰਗ ਸਮੇਂ ਉਨ੍ਹਾਂ ਨੇ ਸਿੱਖ ਸੰਗਤ ਤੋਂ 26 ਅਕਤੂਬਰ ਤੱਕ ਸੁਝਾਅ ਮੰਗੇ ਸਨ। ਇਸ ਤਹਿਤ ਮੁਤਵਾਜ਼ੀ ਜਥੇਦਾਰਾਂ ਵੱਲੋਂ ਮੀਟਿੰਗ ਕਰਕੇ ਮਾਮਲਾ ਵਿਚਾਰਿਆ ਜਾਣਾ ਸੀ ਪਰ ਇਹ ਜਥੇਦਾਰ ਇੱਥੇ ਅਕਾਲ ਤਖ਼ਤ ਵਿਖੇ ਨਹੀਂ ਪੁੱਜੇ ਅਤੇ ਨਾ ਹੀ ਕੋਈ ਮੀਟਿੰਗ ਕੀਤੀ। ਉਨ੍ਹਾਂ ਵੱਲੋਂ ਇਸ ਮਾਮਲੇ ਵਿੱਚ ਜਾਰੀ ਬਿਆਨ ਰਾਹੀਂ ਆਖਿਆ ਗਿਆ ਕਿ ਇਸ ਮਾਮਲੇ ਵਿੱਚ ਉਪ ਮੁੱਖ ਮੰਤਰੀ ਨੇ ਹੁਣ ਤੱਕ ਕੋਈ ਜਵਾਬ ਨਹੀਂ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸੱਤਾ ਦੇ ਨਸ਼ੇ ਵਿੱਚ ਚੂਰ ਸੁਖਬੀਰ ਸਿੰਘ ਬਾਦਲ ਨੇ ਇਹ ਜਾਂਚ ਰਿਪੋਰਟ ਹੁਣ ਤੱਕ ਨਹੀਂ ਦਿੱਤੀ ਅਤੇ ਹੰਕਾਰੀ ਹੋਣ ਦਾ ਸਬੂਤ ਦਿੱਤਾ ਹੈ। ਇਸ ਸਬੰਧੀ ਉਸ ਖ਼ਿਲਾਫ਼ ਕਾਰਵਾਈ ਕਰਨ ਲਈ ਸਿੱਖ ਸੰਗਤਾਂ ਤੋਂ ਸੁਝਾਅ ਮੰਗੇ ਗਏ ਸਨ, ਜੋ ਵੱਡੀ ਗਿਣਤੀ ਵਿੱਚ ਪ੍ਰਾਪਤ ਹੋਏ ਹਨ। ਇਸੇ ਤਰ੍ਹਾਂ ਵਰਜੀਨੀਆ (ਅਮਰੀਕਾ) ਵਿੱਚ ਅੰਮ੍ਰਿਤ ਸੰਚਾਰ ਮਰਿਆਦਾ ਨੂੰ ਬਦਲਣ ਦੇ ਮਾਮਲੇ ਵਿੱਚ ਵੀ ਦੋਸ਼ੀਆਂ



ਖ਼ਿਲਾਫ਼ ਕਾਰਵਾਈ ਲਈ ਸਿੱਖ ਸੰਗਤ ਕੋਲੋਂ ਸੁਝਾਅ ਮੰਗੇ ਗਏ ਸਨ, ਜੋ ਉਨ੍ਹਾਂ ਕੋਲ ਪੁੱਜ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਹ ਦੋਵੇਂ ਮਾਮਲੇ ਗੰਭੀਰ ਹਨ ਅਤੇ ਇਨ੍ਹਾਂ ਬਾਰੇ ਕਾਹਲੀ ਨਾਲ ਕੋਈ ਕਾਰਵਾਈ ਨਹੀਂ ਕੀਤੀ ਜਾ ਸਕਦੀ। ਇਸ ਲਈ ਦੋਵਾਂ ਘਟਨਾਵਾਂ ਬਾਰੇ ਭਾਈ ਜਗਤਾਰ ਸਿੰਘ ਹਵਾਰਾ ਦੇ ਵਿਚਾਰ ਲਏ ਜਾਣਗੇ ਅਤੇ ਇਸ ਉਪਰੰਤ ਖ਼ਾਲਸਾਈ ਰਵਾਇਤ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

# ਸਿਮਰਨਜੀਤ ਸਿੰਘ ਮਾਨ ਨੇ ਕੁਝ ਪੰਥਕ ਆਗੂਆਂ ਉਤੇ ਕੇਜਰੀਵਾਲ ਨਾਲ ਸਿਆਸੀ ਸੌਦੇਬਾਜ਼ੀ ਦਾ ਦੋਸ਼ ਲਾਇਆ

### *ਪੀਰ ਮੁਹੰਮਦ ਨੇ ਕਿਹਾ-ਨਾ ਬਾਦਲ ਦੇ ਨਾ ਮਾਨ ਦੇ ਜਥੇਦਾਰਾਂ ਦੀ ਲੋੜ*

**ਫਤਹਿਗੜ੍ਹ ਸਾਹਿਬ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕੁਝ ਪੰਥਕ ਆਗੂਆਂ 'ਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੀ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਸਿਆਸੀ ਸੌਦੇਬਾਜ਼ੀ ਹੋ ਚੁੱਕੀ ਹੈ, ਜਿਸ ਕਾਰਨ ਉਹ 10 ਨਵੰਬਰ 2016 ਨੂੰ ਤਲਵੰਡੀ ਸਾਬੋ ਵਿਖੇ ਹੋਣ ਜਾ ਰਹੇ ਸਰਬੱਤ ਖ਼ਾਲਸਾ ਦਾ ਵਿਰੋਧ ਕਰ ਰਹੇ ਹਨ ਅਤੇ ਸਰਬੱਤ ਖ਼ਾਲਸਾ ਦੀ ਤਰੀਕ ਬਦਲਣ ਲਈ ਬੇਤੁਕੇ ਤੱਥ ਪੇਸ਼ ਕਰ ਰਹੇ ਹਨ। ਉਨ੍ਹਾਂ ਹਰਪਾਲ ਸਿੰਘ ਚੀਮਾ, ਕਰਨੈਲ ਸਿੰਘ ਪੀਰ ਮੁਹੰਮਦ, ਗੁਰਤੇਜ ਸਿੰਘ, ਗੁਰਦਰਸ਼ਨ ਸਿੰਘ ਢਿੱਲੋਂ, ਗਿਆਨੀ ਜਗਤਾਰ ਸਿੰਘ ਜਾਚਕ, ਆਰ. ਪੀ. ਸਿੰਘ, ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਗਿਆਨੀ ਕੇਵਲ ਸਿੰਘ, ਹਰਜਿੰਦਰ ਸਿੰਘ ਯੂਐਸ਼ਏ, ਕਰਮਜੀਤ ਸਿੰਘ ਜਰਨਲਿਸਟ ਨੂੰ ਸਿੱਧੇ ਤੌਰ 'ਤੇ ਅਖੌਤੀ ਪੰਥਕ ਆਗੂ ਦੱਸਦਿਆਂ ਕਿਹਾ ਕਿ ਇਹ ਉਹ ਲੋਕ ਜੋ ਆਪਣੀਆਂ ਸਿਆਸੀ ਸੌਦੇਬਾਜ਼ੀਆਂ ਅਤੇ ਨਿੱਜੀ ਲੋੜਾਂ ਅਧੀਨ ਪੰਜਾਬ ਅਤੇ ਸਿੱਖ ਕੌਮ ਵਿਰੋਧੀ ਸਾਜ਼ਿਸ਼ਾਂ ਵਿੱਚ ਗਲਤਾਨ ਹੋ ਕੇ ਹੀ ਸਰਬੱਤ ਖ਼ਾਲਸਾ ਵਰਗੇ ਕੌਮੀ ਪ੍ਰੋਗਰਾਮ ਦਾ ਵਿਰੋਧ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਦਾ ਮੁੱਖ ਉਦੇਸ਼ ਸਰਬੱਤ ਖ਼ਾਲਸਾ ਦੀ ਤਰੀਕ ਅੱਗੇ ਪਾ ਕੇ ਵਿਧਾਨ ਸਭਾ ਚੋਣਾਂ ਵਿੱਚ ਯੂ.ਪੀ., ਦਿੱਲੀ ਅਤੇ ਬਿਹਾਰ ਦੇ ਬਾਬੂਆਂ ਦਾ ਪੰਜਾਬ ਉੱਪਰ ਸਿਆਸੀ ਕਬਜ਼ੀ ਦਿਵਾਉਣਾ ਹੈ।ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਉਨ੍ਹਾਂ ਨੂੰ ਨਾ ਤਾਂ ਪ੍ਰਕਾਸ਼ ਸਿੰਘ ਬਾਦਲ ਦੇ ਜਥੇਦਾਰ ਚਾਹੀਦੇ ਹਨ ਅਤੇ ਨਾ ਹੀ ਸਿਮਰਨਜੀਤ ਸਿੰਘ ਮਾਨ ਦੇ। ਉਨ੍ਹਾਂ ਨੂੰ ਸਮੁੱਚੀ ਕੌਮ ਦੇ ਜਥੇਦਾਰ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਹੋਏ ਸਰਬੱਤ ਖ਼ਾਲਸਾ ਤੋਂ ਦੋ ਦਿਨ ਪਹਿਲਾਂ (8 ਨਵੰਬਰ 2015) ਉਨ੍ਹਾਂ ਅਤੇ ਸਿੱਖਜ਼ ਫ਼ਾਰ ਜਸਟਿਸ ਨੇ ਪੰਜ ਸ਼ਖ਼ਸੀਅਤਾਂ (ਪੰਜ ਪਿਆਰੇ) ਦੀ ਅਗਵਾਈ ਹੇਠ ਸਰਬੱਤ ਖ਼ਾਲਸਾ ਕਰਵਾਉਣ ਅਤੇ ਖ਼ਾਲਿਸਤਾਨ ਦੀ ਮੰਗ ਦੀ ਪ੍ਰਵਾਨਗੀ ਸਰਬੱਤ ਖ਼ਾਲਸਾ ਵੱਲੋਂ ਲਏ ਜਾਣ ਦੇ ਕੁਝ ਅਹਿਮ ਮਤੇ ਰੱਖੇ ਸਨ, ਜਿਨ੍ਹਾਂ ਨੂੰ ਦਰਕਿਨਾਰ ਕਰ ਦਿੱਤਾ ਗਿਆ। ਇਸ ਲਈ ਉਹ ਸਰਬੱਤ ਖ਼ਾਲਸਾ ਵਿੱਚ ਸ਼ਾਮਲ ਨਹੀਂ ਹੋ ਰਹੇ ਹਨ। ਜੇਕਰ ਭਾਈ ਜਗਤਾਰ ਸਿੰਘ ਹਵਾਰਾ ਅਤੇ ਉਨ੍ਹਾਂ ਦੇ ਸਿਧਾਂਤਾਂ ਉੱਪਰ ਸਰਬੱਤ ਖ਼ਾਲਸਾ ਕੀਤਾ ਜਾਂਦਾ ਹੈ ਤਾਂ ਉਹ ਜ਼ਰੂਰ ਸ਼ਾਮਲ ਹੋਣਗੇ। ਉਧਰ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ 'ਆਪ' ਆਗੂ ਅਰਵਿੰਦ ਕੇਜਰੀਵਾਲ ਨਾਲ ਹੱਥ ਮਿਲਾਉਣ ਦੀ ਗੱਲ ਨੂੰ ਨਕਾਰਦਿਆਂ ਕਿਹਾ ਕਿ ਸਿਆਸੀ ਬੰਦਾ ਹੋਣ ਕਾਰਨ ਸਰਬੱਤ ਖ਼ਾਲਸਾ ਸਬੰਧੀ ਸਿਮਰਨਜੀਤ ਸਿੰਘ ਮਾਨ ਦਾ ਕੋਈ ਨਿੱਜੀ ਮੁਫ਼ਾਦ ਤਾਂ ਹੋ ਸਕਦਾ ਹੈ ਪਰ ਉਨ੍ਹਾਂ (ਚੀਮਾ) ਦਾ ਨਹੀਂ ਕਿਉਂਕਿ ਉਹ ਸਿਆਸੀ ਵਿਅਕਤੀ ਨਹੀਂ। ਉਨ੍ਹਾਂ ਕਿਹਾ ਕਿ ਜੇਕਰ ਭਾਈ ਜਗਤਾਰ ਸਿੰਘ ਹਵਾਰਾ ਵੱਲੋਂ ਪੇਸ਼ ਕੀਤੇ ਕੌਮੀ ਸੰਕਲਪ ਅਤੇ ਵਿਧੀ ਵਿਧਾਨ ਅਨੁਸਾਰ ਸਰਬੱਤ ਖ਼ਾਲਸਾ ਹੁੰਦਾ ਹੈ ਤਾਂ ਉਹ ਜ਼ਰੂਰ ਸ਼ਿਰਕਤ ਕਰਨਗੇ। ਜੇਕਰ ਸ੍ਰੀ ਮਾਨ ਵੱਲੋਂ ਅਪਣਾਏ ਨਿੱਜੀ ਮਾਪਦੰਡਾਂ ਉਪਰ ਸਰਬੱਤ ਖ਼ਾਲਸਾ ਹੁੰਦਾ ਹੈ ਤਾਂ ਉਹ ਬਿਲਕੁਲ ਵੀ ਸ਼ਾਮਲ ਨਹੀਂ ਹੋਣਗੇ।



## ਸਰਬੱਤ ਖ਼ਾਲਸਾ : ਮੁਤਵਾਜ਼ੀ ਜਥੇਦਾਰਾਂ ਤੇ ਪੰਜ ਪਿਆਰਿਆਂ ਵਿਚਾਲੇ ਸਹਿਮਤੀ ਬਣੀ

ਦਾ ਜਥੇਦਾਰ ਲਾਇਆ ਗਿਆ ਸੀ ਕਿਉਂਕਿ ਭਾਈ ਹਵਾਰਾ ਜੇਲ੍ਹ ਵਿਚ ਹਨ, ਇਸ ਲਈ ਭਾਈ ਧਿਆਨ ਸਿੰਘ ਮੰਡ ਨੂੰ ਕਾਰਜਾਕਾਰੀ ਜਥੇਦਾਰ ਬਣਾਇਆ ਗਿਆ ਸੀ। ਇਸੇ ਤਰ੍ਹਾਂ ਤਖ਼ਤ ਦਮਦਮਾ ਸਾਹਿਬ ਦਾ ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ, ਤਖ਼ਤ ਕੇਸਗੜ੍ਹ ਸਾਹਿਬ ਦਾ ਜਥੇਦਾਰ ਅਮਰੀਕ ਸਿੰਘ ਅਜਨਾਲਾ ਨੂੰ ਲਾਇਆ ਗਿਆ ਸੀ।

ਪੰਜ ਪਿਆਰਿਆਂ ਅਤੇ ਤਿੰਨ ਮੁਤਵਾਜ਼ੀ ਜਥੇਦਾਰਾਂ ਵਿਚਾਲੇ ਸਰਬੱਤ ਖ਼ਾਲਸਾ ਦੀ ਅਗਵਾਈ ਦੇ ਮਾਮਲੇ 'ਤੇ ਵਧੀ ਦੂਰੀ ਦੀ ਸੂਚਨਾ ਮਿਲਣ ਤੋਂ ਬਾਅਦ ਭਾਈ ਹਵਾਰਾ ਵੱਲੋਂ ਭਾਈ ਹਰਮਿੰਦਰ ਸਿੰਘ ਦਿੱਲੀ ਅਤੇ ਭਾਈ ਬਲਬੀਰ ਸਿੰਘ ਸਿਰਸਾ ਦੀ ਵਿਚੋਲਗਿਰੀ ਕਰਨ ਲਈ ਡਿਊਟੀ ਲਾਈ ਗਈ ਸੀ। ਭਾਈ ਸਿਰਸਾ ਅਤੇ ਭਾਈ ਹਰਮਿੰਦਰ ਸਿੰਘ ਨੇ ਮੁਤਵਾਜ਼ੀ ਜਥੇਦਾਰਾਂ ਅਤੇ ਪੰਜ ਪਿਆਰਿਆਂ ਨੂੰ ਭਾਈ ਹਵਾਰਾ ਦਾ ਸੁਨੇਹਾ ਲਾ ਕੇ ਇੱਕ ਸਾਂਝੇ ਥਾਂ 'ਤੇ ਮੀਟਿੰਗ ਕਰਨ ਲਈ ਸਹਿਮਤ ਕਰ ਲਿਆ ਸੀ। ਭਾਈ ਮੇਜਰ ਸਿੰਘ ਦੇ ਘਰ ਹੋਈ ਮੀਟਿੰਗ ਵਿੱਚ ਗਿਲੇ-ਸ਼ਿਕਵੇ ਸਾਂਝੇ ਕਰਨ ਤੋਂ ਬਾਅਦ ਸਹਿਮਤੀ ਹੋ ਗਈ ਹੈ। ਬੰਦ ਕਮਰਾ ਮੀਟਿੰਗ ਵਿੱਚ ਵਿਚੋਲਿਆਂ ਨੂੰ ਵੀ ਅੰਦਰ ਨਹੀਂ ਜਾਣ ਦਿੱਤਾ ਗਿਆ। ਜਾਣਕਾਰੀ ਅਨੁਸਾਰ ਜਥੇਦਾਰ ਅਤੇ ਪੰਜ ਪਿਆਰੇ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਸਰਬੱਤ ਖ਼ਾਲਸਾ ਕਰਵਾਉਣ ਲਈ ਰਾਜ਼ੀ ਹੋਏ ਹਨ। ਸੁਲ੍ਹਾ ਸਫਾਈ ਲਈ ਸੱਦੀ ਮੀਟਿੰਗ ਵਿਚ ਭਾਈ ਬਲਜੀਤ ਸਿੰਘ ਦਾਦੂਵਾਲ, ਭਾਈ ਅਮਰੀਕ ਸਿੰਘ ਅਜਨਾਲਾ ਅਤੇ ਭਾਈ ਧਿਆਨ ਸਿੰਘ ਮੰਡ ਪੰਜ ਪਿਆਰੇ ਭਾਈ ਸਤਨਾਮ ਸਿੰਘ ਖੰਡੇਵਾਲ, ਭਾਈ ਤਰਲੋਕ ਸਿੰਘ, ਭਾਈ ਮੰਗਲ ਸਿੰਘ, ਭਾਈ ਮੇਜਰ ਸਿੰਘ ਅਤੇ ਸਤਨਾਮ ਸਿੰਘ ਖਾਲਸਾ ਸ਼ਾਮਲ ਹੋਏ ਸਨ।

ਇੱਕ ਹੋਰ ਜਾਣਕਾਰੀ ਅਨੁਸਾਰ ਭਾਈ ਬਗੀਚਾ ਸਿੰਘ ਭਾਈ ਹਵਾਰਾ ਨਾਲ ਤਿਹਾੜ ਜੇਲ੍ਹ ਵਿੱਚ ਮੁਲਾਕਾਤ ਕਰਕੇ ਤਾਜ਼ਾ ਸਥਿਤੀ ਬਾਰੇ ਦੱਸ ਆਏ ਹਨ।

ਮੀਟਿੰਗ ਕਰਵਾਉਣ ਲਈ ਅਹਿਮ ਭੂਮਿਕਾ ਨਿਭਾਉਣ ਵਾਲੇ ਭਾਈ ਹਰਮਿੰਦਰ ਸਿੰਘ ਨੇ ਕਿਹਾ ਹੈ ਕਿ ਮੁਤਵਾਜ਼ੀ ਜਥੇਦਾਰ ਅਤੇ ਪੰਜ ਪਿਆਰੇ ਰਲ ਕੇ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਸਰਬੱਤ ਖ਼ਾਲਸਾ ਕਰਵਾਉਣ ਲਈ ਸਹਿਮਤ ਹੋ ਗਏ ਹਨ। ਉਨ੍ਹਾਂ ਨੇ ਦੱਸਿਆ ਕਿ ਭਾਈ ਜਗਤਾਰ ਸਿੰਘ ਹਵਾਰਾ ਨੇ ਦੋਹਾਂ ਧਿਰਾਂ ਨੂੰ ਨੇੜੇ ਲਿਆਉਣ ਦੀ ਡਿਊਟੀ ਲਾਈ ਸੀ। ਉਨ੍ਹਾਂ ਕਿਹਾ ਕਿ ਮੀਟਿੰਗ ਵਿੱਚ ਰੁੱਸ-ਰੁਸੇਵੇਂ ਦੂਰ ਹੋਣ ਦੀ ਜਾਣਕਾਰੀ ਤਾਂ ਹੈ ਪਰ ਅੰਦਰ ਹੋਈਆਂ ਗੱਲਾਂ ਬਾਰੇ ਜਾਣਕਾਰੀ ਨਹੀਂ ਹੈ।

## ਡੈਲਸ, ਟੈਕਸਸ ਵਿਚ ਪ੍ਰਕਾਸ਼ ਦਿਹਾੜੇ ਮੌਕੇ ਸਜਿਆ ਮਹਾਨ ਨਗਰ ਕੀਰਤਨ

ਨਗਰ ਕੀਰਤਨ ਸ਼ਹਿਰ ਦੀਆਂ ਵੱਖ ਵੱਖ ਸੜਕਾਂ ਹੋਂ ਹੁੰਦਾ ਵਾਪਸ ਗੁਰਦੁਆਰਾ ਰਿਚਰਡਸਨ ਵਿਖੇ ਸਮਾਪਤ ਹੋਇਆ ਇਸ ਦੌਰਾਨ ਖਾਲਿਸਤਾਨ ਜਿੰਦਾਬਾਦ ਦੇ ਨਾਅਰੇ ਅਸਮਾਨ ਵਿਚ ਗੂੰਜ ਦੇ ਰਹੇ। ਨਗਰ ਕੀਰਤਨ ਅਰੰਭ ਹੋਣ ਤੋਂ ਪਹਿਲਾਂ ਗੁਰਦੁਆਰਾ ਸਿੰਘ ਸਭਾ ਵਿਖੇ ਆਖੰਡ ਪਾਠ ਦੇ ਭੋਗ ਉਪਰੰਤ ਦੀਵਾਨ ਸਜਾਏ ਗਏ ਅਤੇ ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਪ੍ਰਸ਼ਾਸਕੀ ਅਧਿਕਾਰੀਆਂ ਨੇ ਵੀ ਇਸ ਮੌਕੇ ਗੁਰੂ ਘਰ ਵਿਚ ਹਾਜ਼ਰੀ ਭਰੀ ਅਤੇ ਸੰਗਤਾਂ ਨੂੰ ਸੰਬੋਧਨ ਕੀਤਾ। ਬੁਲਾਰਿਆਂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ ਵਧਾਈ ਦਿੱਤੀ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਨ੍ਹਾਂ ਸਭਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਯੂਨਈਟਿਡ ਸਿੱਖਸ ਦੇ ਬੁਲਾਰੇ ਗੁਰਵਿੰਦਰਜੀਤ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਅਮਰੀਕੀ ਪ੍ਰਸਾਸਨ ਵੱਲੋਂ ਸਿੱਖਾਂ ਦੀ ਸੁਰੱਖਿਆ ਲਈ ਚੁੱਕੇ ਕਦਮਾਂ ਦੀ ਪ੍ਰਸ਼ੰਸਾ ਕੀਤੀ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਫਲਸਫੇ ਅਤੇ ਮਿਸ਼ਨ ਤੇ ਚਾਨਣਾ ਪਾਇਆ ਸਟੇਜ ਸਕੱਤਰ ਦੀ ਸੇਵਾ ਗੁਰੂ ਘਰ ਦੇ ਸਕੱਤਰ ਭਾਈ ਸੁਰਿੰਦਰ ਸਿੰਘ ਗਿੱਲ ਨੇ ਨਿਭਾਉਂਦਿਆਂ ਸਥਾਨਕ ਪ੍ਰਸ਼ਾਸਨ ਅਤੇ ਸਹਿਯੋਗੀਆਂ ਵੱਲੋਂ ਮਿਲੇ ਸਹਿਯੋਗ ਲਈ ਧੰਨਵਾਦ ਕੀਤਾ।

## ਗਾਖ਼ਲ ਭਰਾਵਾਂ ਵਲੋਂ ਭਾਰਤੀ ਫਿਲਮ ਖੇਤਰ ਵਿਚ ਕੀਤੀ ਨਵੀਂ ਸ਼ੁਰੂਆਤ

ਕਰਨ ਲਈ ਅਮੋਲਕ ਸਿੰਘ ਗਾਖਲ ਨਾਲ ਹੱਥ ਮਿਲਾਇਆ ਗਿਆ ਹੈ। ਨਵੀਂ ਕੰਪਨੀ ਯਾਦਗਾਰੀ ਮਰਾਠੀ ਫਿਲਮਾਂ ਦੇ ਨਿਰਮਾਣ ਲਈ ਵਚਨਬੱਧ ਹੈ। ਅਦਾਕਾਰ ਮਹੇਸ਼ ਮੰਜਰੇਕਰ ਅਤੇ ਅਸ਼ਵਨੀ ਭਾਵੇ ਜਿਹੇ ਸਟਾਰਾਂ ਨਾਲ ਲੈਸ ਪਹਿਲੀ ਮਰਾਠੀ ਫਿਲਮਾਂ 'ਧਿਆਨੀਮਨੀ' ਇਸੇ ਸਾਲ 2 ਦਸੰਬਰ ਨੂੰ ਰਿਲੀਜ਼ ਕੀਤੀ ਜਾਵੇਗੀ ਜਦਕਿ ਨਾਨਾ ਪਾਟੇਕਰ ਨੂੰ ਲੈ ਕੇ ਬਣਾਈ ਗਈ ਦੂਜੀ ਮਾਰਾਠਾ ਫਿਲਮ 'ਨੇਸ਼ਨ ਫਸਟ' ਅਗਲੇ ਸਾਲ 26 ਜਨਵਰੀ ਨੂੰ ਰਿਲੀਜ਼ ਕੀਤੀ ਜਾਵੇਗੀ, ਤੀਜੀ ਫਿਲਮ 'ਰੁਬਿਕ ਕਿਊਬ' ਅਪ੍ਰੈਲ 2017 ਵਿਚ ਰਿਲੀਜ਼ ਕੀਤੀ ਜਾਵੇਗੀ ਅਤੇ ਚੌਥੀ ਫਿਲਮ 'ਫਰੈਂਡਸ਼ਿਪ ਅਨਲਿਮਿਟਡ' ਜੂਨ 2017 ਵਿਚ ਮਰਾਠੀ ਸਿਨੇਮਾ ਦੇ ਵੱਡੇ ਸਟਾਰ ਅਕਾਸ਼ ਥੋਸਰ (ਸੈਰਤ ਫੇਮ) ਨੂੰ ਲੈ ਕੇ ਰਿਲੀਜ਼ ਕੀਤੀ ਜਾਵੇਗੀ। ਇਹ ਇਕ ਸੰਗੀਤਕ ਫਿਲਮ ਹੋਵੇਗੀ ਜਿਸ ਵਿਚ 14 ਗਾਣੇ ਹੋਣਗੇ। ਸ. ਗਾਖਲ ਨੇ ਦੱਸਿਆ ਕਿ ਇਹਨਾਂ ਤੋਂ ਇਲਾਵਾ ਦੋ ਹੋਰ ਅਗਲੀਆਂ ਫਿਲਮਾਂ ਵੀ ਅਗਲੇ ਸਾਲ ਰਿਲੀਜ਼ ਕੀਤੀਆਂ ਜਾਣਗੀਆਂ ਜਿਹਨਾਂ ਦੇ ਟਾਈਟਲ ਬਾਅਦ ਵਿਚ ਦੱਸੇ ਜਾਣਗੇ।

# Sir Speedy Tustin

Printers to the Community

**Outdoor 3'x11' Promo Flag**

**Only $29/-**

Pole & Spike $55/-

GURU NANAK SIKH TEMPLE
FAIRFIELD
Visit Our Website:
www.FairfieldGurudwara.com

**Outdoor 3'x6' Durable Banner**

All weather, durable to sunlight, rain and wear & tear. Text only.

**Only $69/-**

**Receipt Books**

Customized with your information and design. 2 part carbonless with numbering and perforation.

**Call for Price**

**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**

**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**

ਲੱਖ ਲੱਖ ਵਧਾਈ

**11" Printed Balloons**

Printed with your logo and info. One color, one location. Min. qty 1000

**19¢ each**

YOUR LOGO OR MESSAGE PRINTED HERE

White T-Shirts, 1 color screen printing in 1 position. Min Qty. 100

**Your Printed T-Shirts**

**Only $4.99**

YOUR LOGO HERE

1 color in 1 position. Min Qty. 100

**Your Printed Caps**

**Only $4.99**

DAILY TRIP ENVELOPE

**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**

*South Asian Wedding Cards*

CALL NOW

# Classified

## ਵਰ ਦੀ ਲੋੜ

**ਅਮਰੀਕਨ Bachelor's of Science in health Care managment, Caste Hindu Nai age 26, Hight 5' 7" ਲਈ ਯੋਗ ਡਿਗਰੀ ਹੋਲਡਰ ਬਰਾਬਰ ਯੋਗਤਾ ਵਾਲੇ ਵਰ ਦੀ ਲੋੜ ਹੈ। ਫੋਟੋ ਸਮੇਤ ਵੇਰਵਾ ਭੇਜੋ। ਸੀਰੀਅਸ ਸੱਜਣ ਹੀ ਸੰਪਰਕ ਕਰਨ।**

**ਫੋਨ. 916-760-8485, 916-694-3073**

**Email: duttadee@yahoo.com**

---

**ਬੇਹੱਦ ਖ਼ੂਬਸੂਰਤ ਜੱਟ ਸਿੱਖ ਐਮ.ਟੈਕ 26 ਸਾਲਾ ਲੜਕੀ, ਬਹੁਤ ਪੜ੍ਹਿਆ-ਲਿਖਿਆ ਪਰਿਵਾਰ, ਲਈ ਅਮਰੀਕੀ ਲੜਕੇ ਦੀ ਲੋੜ ਹੈ। ਲੜਕੀ ਭਾਰਤ ਵਿਚ ਰਹਿ ਰਹੀ ਹੈ। 559-312-4428 'ਤੇ ਸੰਪਰਕ ਕਰੋ। ਧੰਨਵਾਦ।**

## Bride WANTED

Looking a match for My Nephew, A Saini Sikh, 25 years old, 5 '11" Computer Engineer, completing higher studies in Canada. Girl from California will be prefered. Call at 510-557-6988 or email me Raj@gfbontime.com.

---

Suitable match for (MDS) orthodontist Sikh vegetarian boy. 28,5-8", preparing (NBDE), Done Observership @ Boston USA, having 10yrs business visa, Father retd. as Bank manager, Mother housewife, only elder brother and his family citizen@ UK .having urban and rural property.

Contact: +919999056353, +1 (510) 598-7345

E-mail : drdentortho@gmail.com

Seeking a Nanny/Babysitter
Call : Aman
510-938-7195

ਨੈਨੀ/ਬੇਬੀ ਸਿਟਰ (ਖਿਡਾਵੀ)
ਦੀ ਜ਼ਰੂਰਤ ਹੈ।
ਸੰਪਰਕ ਕਰੋ :
ਅਮਨ 510-938-7195

## ਸਿੱਖ ਨਸਲਕੁਸ਼ੀ ਦੀ ਯੋਜਨਾ ਇੰਦਰਾ ਸਰਕਾਰ ਨੇ ਬਹੁਤ ਪਹਿਲਾਂ ਘੜ ਲਈ ਸੀ : ਇਕਤਦਾਰ ਚੀਮਾ

ਨੇ ਨਸਲਘਾਤ ਤੋਂ ਕਿਹੜਾ ਸਬਕ ਸਿੱਖਣਾ ਹੈ ਤੇ ਉਹ ਇਹ ਹੈ ਕਿ ਭਾਰਤ ਦੀ ਬਹੁਗਿਣਤੀ ਤੋਂ ਸੁਚੇਤ ਰਹਿਣਾ ਹੈ ਤੇ ਆਪਣੀ ਰੱਖਿਆ ਆਪ ਕਰਨ ਦੇ ਪ੍ਰਬੰਧ ਕਰਨੇ ਹਨ। ਇਸ ਲਈ ਕੌਮ ਨੂੰ ਅਜ਼ਾਦੀ ਦਾ ਨਿਸ਼ਾਨਾ ਮਿਥਣਾ ਚਾਹੀਦਾ ਹੈ, ਉਸ ਤੋਂ ਬਿਨਾਂ ਸਭ ਕੁਝ ਅਧੂਰਾ ਰਹਿ ਜਾਵੇਗਾ ਤੇ ਸਦਾ ਲਈ ਨਸਲਕੁਸ਼ੀ ਦਾ ਡਰ ਸਿਰ ਉੱਤੇ ਲਟਕਦਾ ਰਹੇਗਾ। ਸਦੀਵੀਂ ਮੁਕਤੀ ਤੇ ਸਰਬੱਤ ਦੇ ਭਲੇ ਲਈ ਰਾਜ ਕਰੇਗਾ ਖਾਲਸਾ ਦੇ ਨਿਸ਼ਾਨੇ ਨੂੰ ਹਕੀਕੀ ਰੂਪ ਵਿਚ ਬਦਲਣਾ ਜ਼ਰੂਰੀ ਹੈ ਤੇ ਰਾਜ ਦੀ ਬਖਸ਼ਿਸ਼ ਕਿਸੇ ਵੇਲੇ ਵੀ ਹੋ ਸਕਦੀ ਹੈ ਤੇ ਇਸ ਲਈ ਕੌਮ ਦੇ ਆਗੂਆ ਨੂੰ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ। ਖਾਲਸਾ ਰਾਜ ਵਿਚ ਹੀ ਸਿੱਖ ਕੌਮ ਤੇ ਭਾਰਤ ਵਿਚ ਵੱਸਦੀਆਂ ਹੋਰ ਘੱਟ ਗਿਣਤੀ ਕੌਮਾਂ ਸੁਰੱਖਿਅਤ ਰਹਿ ਸਕਦੀਆਂ ਹਨ। ਭਾਈ ਸੰਦੀਪ ਸਿੰਘ ਜੰਟੀ ਨੇ ਕਿਹਾ ਕਿ ਟਰਲਕ ਗੁਰਦੁਆਰਾ ਸਾਹਿਬ ਵੱਲੋਂ ਸਿੱਖ ਨਸਲਕੁਸ਼ੀ ਉਤੇ ਹਰ ਸਾਲ ਸੰਗਤਾਂ ਦੇ ਸਹਿਯੋਗ ਨਾਲ ਸਮਾਗਮ ਕਰਵਾਇਆ ਜਾਇਆ ਕਰੇਗਾ ਤਾਂ ਕਿ ਕੌਮ ਵਿਚ ਜਾਗਰਿਤੀ ਰਹੇ। ਸਟੇਜ ਸਕੱਤਰ ਦੀ ਸੇਵਾ ਭਾਈ ਸੰਦੀਪ ਸਿੰਘ ਨੇ ਨਿਭਾਈ।

## ਰਿਪਬਲਿਕਨ ਉਮੀਦਵਾਰ ਰਾਜਾ ਕ੍ਰਿਸ਼ਨਾਮੂਰਤੀ ਗੁਰਦੁਆਰਾ ਸਾਹਿਬ ਵਿਖੇ ਲੋਕਾਂ ਦੇ ਰੂਬਰੂ ਹੋਏ

ਪਾਲਸੀ ਐਂਡ ਰਿਸਰਚ ਇੰਸਟੀਚਿਊਟ ਅਤੇ ਸਿੱਖ ਰਿਲੀਜੀਅਸ ਸੁਸਾਇਟੀ ਵਲੋਂ ਸਪਾਂਸਰ ਕੀਤਾ ਗਿਆ। ਸਿੱਖ ਫਾਰ ਰਿਲੀਜਅਸ ਸੁਸਾਇਟੀ ਵਲੋਂ ਰਜਿੰਦਰ ਸਿੰਘ ਮੱਗੂ ਇਸ ਫੋਰਮ ਦਾ ਕਾਰਜ ਦੇਖਦੇ ਹਨ। ਇਸ ਮੌਕੇ ਸ੍ਰੀ ਮੱਗੂ ਨੇ ਕਿਹਾ, 'ਜਦੋਂ ਉਮੀਦਵਾਰ ਟੈਲੀਵਿਜ਼ਨ ਜਾਂ ਰੇਡੀਓ 'ਤੇ ਪਰਵਾਸੀਆਂ ਦੇ ਮੁੱਦਿਆਂ 'ਤੇ ਬਹਿਸ ਕਰਦੇ ਹਨ ਤਾਂ ਉਹ ਸਾਡੇ ਭਾਈਚਾਰਿਆਂ ਅਤੇ ਸਾਡੀਆਂ ਜ਼ਿੰਦਗੀਆਂ ਬਾਰੇ ਗੱਲ ਕਰਦੇ ਹਨ। ਇਸ ਲਈ ਇਹ ਟਾਊਨ ਹਾਲ ਦੀਆਂ ਫੇਸ-ਟੂ-ਫੇਸ ਮੀਟਿੰਗਾਂ ਸਾਡੇ ਲਈ ਬਹੁਤ ਅਹਿਮੀਅਤ ਰੱਖਦੀਆਂ ਹਨ। ਸਿੱਖਾਂ ਲਈ ਬਰਾਬਰਤਾ, ਸਮਾਜਿਕ ਨਿਆਂ ਅਤੇ ਬੇਆਸਰਿਆਂ ਨੂੰ ਸੁਰੱਖਿਆ ਦੇਣਾ ਹੀ ਸਾਡੇ ਵਿਸ਼ਵਾਸ ਦਾ ਹਿੱਸਾ ਹੈ।' ਇਲੀਨੋਇਸ ਵੱਡੀ ਗਿਣਤੀ ਅਤੇ ਪ੍ਰਭਾਵਸ਼ਾਲੀ ਪਰਵਾਸੀਆਂ ਦੀ ਆਬਾਦੀ ਹੈ। ਇਥੇ 1.8 ਮਿਲੀਅਨ ਪਰਵਾਸੀ ਹਨ ਜਿਨ੍ਹਾਂ ਵਿਚੋਂ 500,000 ਪਰਵਾਸੀਆਂ ਕੋਲ ਦਸਤਾਵੇਜ਼ ਨਹੀਂ ਹੈ ਜਦਕਿ 2015 ਵਿਚ ਗੈਰ-ਦਸਤਾਵੇਜ਼ੀ ਪਰਵਾਸੀਆਂ ਨੇ 700,000,000 ਤੋਂ ਟੈਕਸ ਅਦਾ ਕੀਤੇ ਸਨ। ਰਿਪਬਲਿਕਨ ਉਮੀਦਵਾਰ ਪੀਟ ਡੀਸੀਆਨੀ ਫੋਰਮ ਅੱਗੇ ਪੇਸ਼ ਨਾ ਹੋਏ ਤੇ ਨਾ ਹੀ ਉਨ੍ਹਾਂ ਆਪਣੇ ਵਲੋਂ ਕਿਸੇ ਨੂੰ ਭੇਜਿਆ, ਇਸ ਲਈ ਸਾਰੇ ਸਵਾਲ ਸਿੱਧੇ ਤੌਰ 'ਤੇ ਰਾਜਾ ਕ੍ਰਿਸ਼ਨਾਮੂਰਤੀ ਨੂੰ ਹੀ ਪੁਛੇ ਗਏ ਤੇ ਉਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਦਿੱਤੇ। ਇਸ ਮੌਕੇ ਤੇਜਸ ਸ਼ਾਹ, ਜੈਸਨ ਕਾਰਟੇਜ਼ ਹਾਈ ਸਕੂਲ ਦੇ ਵਿਦਿਆਰਥੀਆਂ, ਈਰੇਨ ਸੋਹਨ, ਜਸਬੀਰ ਕੌਰ ਸਿੰਘ, ਬਿਲ ਡੇਵਿਸ, ਏਦਾ ਪਲਮਾ ਵਲੋਂ ਪਰਵਾਸੀਆਂ ਦੇ ਸੁਧਾਰ, ਸਿਹਤ ਸੰਭਾਲ, ਬੰਦੂਕ ਹਿੰਸਾ, ਐਚ-ਵਨ-ਬੀ ਇੰਪਲਾਈਮੈਂਟ ਵੀਜ਼ਾ ਸਬੰਧੀ ਸਵਾਲ ਪੁਛੇ ਗਏ।

## ਸਰਬੱਤ ਖ਼ਾਲਸਾ ਇਕ ਵਾਰ ਮੁੜ ਚਰਚਾ ਵਿਚ

ਇਤਿਹਾਸਕ ਪ੍ਰਾਪਤੀ ਕਹਿੰਦੇ ਹਨ। ਇਹ ਇਤਿਹਾਸਕ ਪ੍ਰਾਪਤੀ ਇਸ ਲਈ ਹੈ ਕਿਉਂਕਿ 1723 ਈਸਵੀ ਤੋਂ ਲੈ ਕੇ ਹੁਣ ਤੱਕ ਹੋਏ ਦਰਜਨਾਂ ਸਰਬੱਤ ਖ਼ਾਲਸਾ ਸਮਾਗਮਾਂ ਨੇ ਕਦੇ ਵੀ ਕੋਈ ਠੋਸ ਵਿਧੀ-ਵਿਧਾਨ ਸਾਹਮਣੇ ਨਹੀਂ ਲਿਆਂਦਾ।

ਹੁਣ ਅਗਲਾ ਸਵਾਲ ਇਹ ਹੈ ਕਿ ਕਿੰਨੀਆਂ ਜਥੇਬੰਦੀਆਂ ਅਤੇ ਸੰਸਥਾਵਾਂ ਇਸ ਸਰਬੱਤ ਖ਼ਾਲਸੇ ਵਿਚ ਸ਼ਾਮਲ ਹੋਣਗੀਆਂ? ਪੰਜ ਸਿੰਘਾਂ ਨੂੰ ਕਿਉਂਕਿ ਇਸ ਵਿਚ ਸ਼ਾਮਲ ਕਰ ਲਿਆ ਗਿਆ ਹੈ ਅਤੇ ਉਮੀਦ ਮੁਤਾਬਕ ਵਿਧੀ-ਵਿਧਾਨ ਦੇ ਖਰੜੇ ਨੂੰ ਵੀ ਪ੍ਰਵਾਨਗੀ ਮਿਲ ਜਾਣੀ ਹੈ, ਇਸ ਲਈ ਕਿਸੇ ਵੀ ਧਿਰ ਜਾਂ ਜਥੇਬੰਦੀ ਨੂੰ ਅਤੇ ਇਥੋਂ ਤੱਕ ਕਿਸੇ ਵੀ ਰਾਜਸੀ ਪਾਰਟੀ ਜਾਂ ਵਿਅਕਤੀ ਨੂੰ ਸਮਾਗਮ ਵਿਚ ਸ਼ਾਮਲ ਨਾ ਹੋਣ ਦਾ ਬਹਾਨਾ ਨਹੀਂ ਮਿਲ ਸਕਦਾ। ਹੋ ਸਕਦਾ ਹੈ ਕਿ ਪ੍ਰਬੰਧਕਾਂ ਵਲੋਂ ਹਰ ਕਿਸੇ ਵਿਅਕਤੀ ਅਤੇ ਪਾਰਟੀ ਨੂੰ ਧੜਿਆਂ ਤੋਂ ਉਪਰ ਉੱਠ ਕੇ ਸਮਾਗਮ ਵਿਚ ਸ਼ਾਮਲ ਹੋਣ ਲਈ ਵਿਸ਼ੇਸ਼ ਅਪੀਲ ਵੀ ਕੀਤੀ ਜਾਵੇ। ਇਕ ਦਿਲਚਸਪ ਸਵਾਲ ਇਸ ਮਾਹੌਲ ਵਿਚ ਹੋਰ ਕੀਤਾ ਜਾ ਰਿਹਾ ਹੈ ਕਿ ਕੀ ਖ਼ਾਲਸਾ ਪੰਥ ਦੇ ਦੋ ਵੱਡੇ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਅਤੇ ਭਾਈ ਪੰਥਪ੍ਰੀਤ ਸਿੰਘ ਸਰਬੱਤ ਖ਼ਾਲਸਾ ਦੇ ਸਮਾਗਮ ਵਿਚ ਸ਼ਾਮਲ ਹੋਣਗੇ? ਇਹ ਇਕ ਹਕੀਕਤ ਹੈ ਕਿ ਇਨ੍ਹਾਂ ਦੋਵਾਂ ਪ੍ਰਚਾਰਕਾਂ ਦੇ ਸਮਾਗਮਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਤੇ ਗ਼ੈਰ ਸਿੱਖ ਸ਼ਮੂਲੀਅਤ ਕਰਦੇ ਹਨ ਅਤੇ ਇਹ ਪ੍ਰਚਾਰਕ ਸਿੱਖੀ ਸਿਧਾਂਤਾਂ ਦੇ ਬਹੁਤ ਕਰੀਬ ਸਮਝੇ ਜਾਂਦੇ ਹਨ। ਪਿਛਲੇ ਕੁਝ ਅਰਸੇ ਤੋਂ ਜੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਸਮਾਗਮ ਵਿਚ ਭਾਈ ਰਣਜੀਤ ਸਿੰਘ ਵਲੋਂ ਕੀਤੇ ਜਾ ਰਹੇ ਪ੍ਰਚਾਰ ਦਾ ਨਿਰਪੱਖ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੂੰ ਸੰਗਤਾਂ ਵਲੋਂ ਭਰਪੂਰ ਹੁੰਗਾਰਾ ਮਿਲਦਾ ਹੈ ਅਤੇ ਉਹ ਪੰਥਕ ਰਹਿਤ ਮਰਿਆਦਾ ਦੇ ਨੇੜੇ ਨੇੜੇ ਰਹਿ ਕੇ ਹੀ ਪ੍ਰਚਾਰ ਕਰਦੇ ਹਨ। ਇਹੋ ਹਾਲ ਭਾਈ ਪੰਥਪ੍ਰੀਤ ਸਿੰਘ ਦਾ ਹੈ। ਇਕ ਵੱਖਰੀ ਕਿਸਮ ਦੀ ਸਾਦਗੀ ਦਾ ਪ੍ਰਚਾਰ ਕਰਕੇ ਉਹ ਸੰਗਤਾਂ ਦੇ ਦਿਲ ਮੋਹ ਲੈਂਦੇ ਹਨ। ਇਉਂ ਲਗਦਾ ਹੈ ਕਿ ਇਹ ਦੋਵੇਂ ਪ੍ਰਚਾਰਕ ਇਤਿਹਾਸ ਵਿਚ ਜਿਉਂਦੇ ਅਤੇ ਜਗਮਗ-ਜਗਮਗ ਕਰਦੇ ਹਨ। ਪਿਛਲੇ ਸਾਲ ਚੱਬਾ ਦੇ ਸਰਬੱਤ ਖ਼ਾਲਸਾ ਸਮਾਗਮ ਵਿਚ ਇਹ ਦੋਵੇਂ ਪ੍ਰਚਾਰਕ ਕੁਝ ਕਾਰਨਾਂ ਕਰਕੇ ਸ਼ਾਮਲ ਨਹੀਂ ਸਨ ਹੋਏ ਪਰ ਇਸ ਵਾਰ ਉਨ੍ਹਾਂ ਦੀ ਸ਼ਮੂਲੀਅਤ ਦਾ ਇੰਤਜ਼ਾਰ ਕੀਤਾ ਜਾਵੇਗਾ। ਪਰ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਸਰਬੱਤ ਖ਼ਾਲਸਾ ਦੇ ਪ੍ਰਬੰਧਕਾਂ ਨੇ ਤਨੋ-ਮਨੋ ਉਨ੍ਹਾਂ ਨਾਲ ਸੰਪਰਕ ਕੀਤਾ ਹੈ ਜਾਂ ਨਹੀਂ। ਇਹ ਗੱਲ ਭਾਵੇਂ ਸਪਸ਼ਟ ਹੈ ਕਿ ਹਾਕਮ ਧਿਰ ਇਸ ਸਮਾਗਮ ਵਿਚ ਸ਼ਾਮਲ ਨਹੀਂ ਹੋਵੇਗੀ, ਪਰ ਉਸ ਨੇ ਜਨਤਕ ਤੌਰ 'ਤੇ ਸਰਬੱਤ ਖ਼ਾਲਸਾ ਬਾਰੇ ਆਪਣੀ ਨੀਤੀ ਸਪਸ਼ਟ ਨਹੀਂ ਕੀਤੀ। ਰਾਜਨੀਤੀ ਤੇ ਧਰਮ ਦੇ ਖੇਤਰ ਵਿਚ ਹਾਕਮ ਧਿਰ ਦੇ ਪੈਰ ਸਿੱਖ ਮਨਾਂ ਵਿਚ ਉੱਖੜੇ ਹੋਏ ਹਨ ਕਿਉਂਕਿ ਉਨ੍ਹਾਂ ਨੂੰ ਇਸ ਗੱਲ ਦਾ ਭਾਰੀ ਗੁੱਸਾ ਤੇ ਰੋਸ ਹੈ ਕਿ ਅਜੇ ਤੱਕ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਅਸਲ ਦੋਸ਼ੀਆਂ ਦਾ ਅਤੇ ਇਸ ਪਿਛਲੇ ਲੁਕੀ ਸਾਜ਼ਿਸ਼ ਦਾ ਸਰਕਾਰ ਕਿਉਂ ਨਹੀਂ ਪਤਾ ਲਗਾ ਸਕੀ?

ਕੀ ਪੰਜ ਸਿੰਘਾਂ ਦੀ ਸ਼ਮੂਲੀਅਤ ਨਾਲ ਸਰਬੱਤ ਖ਼ਾਲਸਾ ਦੇ ਪ੍ਰਬੰਧਕਾਂ ਵਿਚ ਹੋਈ ਏਕਤਾ ਦਿਲਾਂ ਦੀ ਹੈ? ਸ਼ਾਇਦ ਨਹੀਂ ਤੇ ਸ਼ਾਇਦ ਹਾਂ। ਸ਼ੱਕ ਕਾਇਮ ਹਨ, ਜਿਉਂਦੇ ਹਨ ਪਰ ਕਦੇ ਸ਼ੱਕ ਜਗਦੇ ਹਨ ਕਦੇ ਬੁੱਝਦੇ ਹਨ। ਕੁਝ ਲੋਕਾਂ ਦਾ ਵਿਚਾਰ ਹੈ ਕਿ 10 ਨਵੰਬਰ 2016 ਤੱਕ ਇਸੇ ਤਰ੍ਹਾਂ ਕਦੇ ਪਤਝੜ ਤੇ ਕਦੇ ਬਹਾਰ ਦੇ ਮੌਸਮ ਆਉਂਦੇ ਰਹਿਣਗੇ। ਪਰ ਇਕ ਗੱਲ ਸਪਸ਼ਟ ਹੈ ਕਿ ਇਸ ਵਾਰ ਵੀ ਸਰਬੱਤ ਖ਼ਾਲਸਾ ਵਿਚ ਸੰਗਤ ਵੱਡੀ ਗਿਣਤੀ ਵਿਚ ਸ਼ਾਮਲ ਹੋਵੇਗੀ। ਸਰਬੱਤ ਖ਼ਾਲਸਾ ਸਮਾਗਮ ਵਿਚ ਪੇਸ਼ ਹੋਣ ਵਾਲੇ ਮਤੇ, ਸਿੱਖ ਸਮੱਸਿਆਵਾਂ ਬਾਰੇ ਇਸ ਦੀ ਪਹੁੰਚ ਅਤੇ ਰਣਨੀਤੀ ਜੇ ਸੱਚਮੁੱਚ ਹੀ ਸਰਬੱਤ ਦੇ ਭਲੇ ਦੇ ਮਹਾਨ ਆਦਰਸ਼ਾਂ ਅਤੇ ਨਿਸ਼ਾਨਿਆਂ ਮੁਤਾਬਕ ਹੋਈ ਅਤੇ ਜੇਕਰ ਇਨ੍ਹਾਂ ਆਦਰਸ਼ਾਂ ਨੂੰ ਲਾਗੂ ਕਰਨ ਲਈ ਕੋਈ ਠੋਸ ਪ੍ਰੋਗਰਾਮ ਪੇਸ਼ ਕੀਤਾ ਗਿਆ ਤਾਂ ਇਹ ਸਮਾਗਮ ਯਕੀਨਨ ਇਤਿਹਾਸ ਵਿਚ ਆਪਣੇ ਸਦੀਵੀ ਨਿਸ਼ਾਨ ਛੱਡ ਕੇ ਜਾਏਗਾ।

## ਪਰਮਜੀਤ ਸਿੰਘ ਸੰਧੂ ਦੇ ਵਿਛੋੜੇ ਦਾ ਇੰਡੋ ਅਮਰੀਕਨ ਕਲਚਰਲ ਅਰਗੇਨਾਈਜੇਸ਼ਨ ਨੂੰ ਭਾਰੀ ਘਾਟਾ

ਸੈਕਰਾਮੈਂਟੋ: ਕਬੱਡੀ ਦੇ ਪ੍ਰਸਿੱਧ ਕੋਚ ਤੇ ਇੰਡੋ ਅਮਰੀਕਨ ਕਲਚਰਲ ਅਰਗੇਨਾਈਜੇਸ਼ਨ ਦੇ ਵਧੀਆ ਵਰਕਰ ਪਰਮਜੀਤ ਸਿੰਘ ਸੰਧੂ ਦੇ ਹਮੇਸ਼ਾਂ ਲਈ ਵਿਛੜ ਜਾਣ ਉੱਤੇ ਇੰਡੋ ਅਮਰੀਕਨ ਕਲਚਰਲ ਅਰਗੇਨਾਈਜੇਸ਼ਨ ਨੂੰ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਪਿਆ ਹੈ। ਪਰਮਜੀਤ ਸਿੰਘ ਪੰਮੀ ਇੰਡੋ ਅਮਰੀਕਨ ਆਰਗੇਨਾਈਜੇਸ਼ਨ ਦੇ ਸੰਪਰਕ ਵਿਚ ਸੰਨ 2003 ਵਿਚ ਗ਼ਦਰੀ ਬਾਬਿਆਂ ਦੇ ਯੂਨੀਅਨ ਸਿਟੀ ਵਿਚ ਹੋਏ ਮੇਲੇ ਸਮੇਂ ਸੰਪਰਕ ਵਿਚ ਆਏ। ਉਨ੍ਹਾਂ ਮੇਲੇ ਦੀ ਕਾਮਯਾਬੀ ਲਈ ਜੀਅ ਜਾਨ ਨਾਲ ਕੰਮ ਕੀਤਾ ਤੇ ਹਮੇਸ਼ਾ ਲਈ ਜੱਥੇਬੰਦੀ ਨਾਲ ਜੁੜ ਗਏ।

ਜਥੇਬੰਦੀ ਵਲੋਂ ਗਿਆਨ ਸਿੰਘ ਬਿਲਗਾ ਅਤੇ ਸੁਰਿੰਦਰ ਸਿੰਘ ਬਿੰਦਰਾ ਨੇ ਇੱਥੇ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਕਿਹਾ ਕਿ ਉਨ੍ਹਾਂ ਦੇ ਕੀਤੇ ਕੰਮਾਂ ਅਤੇ ਸਿਰੜੀ ਵਫਾਦਾਰੀ ਨੂੰ ਹਮੇਸ਼ਾ ਯਾਦ ਰੱਖੇਗੀ। ਇੰਡੋ ਅਮਰੀਕਨ ਕਲਚਰਲ ਜੱਥੇਬੰਦੀ ਆਪਣੇ ਵਿਛੜ ਗਏ ਸਾਥੀ ਨੂੰ ਭਾਵ ਭਿਨੀ ਸ਼ਰਧਾਂਜਲੀ ਭੇਂਟ ਕਰਦੀ ਹੈ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਪਰਿਵਾਰ ਅਤੇ ਸਭ ਸਨੇਹੀਆਂ ਨਾਲ ਦੁਖ ਸਾਂਝਾ ਕਰਦੀ ਹੈ।

## ਪੰਜਾਬੀ ਸੂਬੇ ਦੀ ਬਣਤਰ ਖ਼ਿਲਾਫ਼ ਅੰਦੋਲਨ ਕਰਨ ਵਾਲਾ ਅਕਾਲੀ ਦਲ ਹੁਣ ਮਨਾ ਰਿਹੈ ਜਸ਼ਨ

ਰਹੇ ਦਰਸ਼ਨ ਸਿੰਘ ਫੇਰੂਮਾਨ ਨੇ ਅਰਦਾਸ ਦੇ ਸਨਮਾਨ ਤੇ ਸਿੱਖ ਹੋਮਲੈਂਡ ਦੇ ਮੁੱਦੇ ਉੱਤੇ ਰੱਖੇ 74 ਦਿਨ ਦੇ ਵਰਤ ਦੌਰਾਨ 27 ਅਕਤੂਬਰ 1969 ਨੂੰ ਸ਼ਹੀਦੀ ਪ੍ਰਾਪਤ ਕੀਤੀ। ਤਤਕਾਲੀ ਅਕਾਲੀ ਦਲ ਦੀ ਸਰਕਾਰ ਨੇ ਫੇਰੂਮਾਨ ਦੀ ਮੰਗ ਦੀ ਹਮਾਇਤ ਕਰਨ ਦੀ ਥਾਂ ਇਸ ਨੂੰ ਡਰਾਮਾ ਕਰਾਰ ਦਿੱਤਾ ਸੀ।

ਪਾਣੀਆਂ ਦੇ ਮੁੱਦੇ 'ਤੇ ਰੇੜਕਾ ਅਜੇ ਤੱਕ ਜਾਰੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਾਮਲੇ ਸਬੰਧੀ ਵੱਡੀਆਂ ਕੁਰਬਾਨੀਆਂ ਦੀ ਬਿਆਨਬਾਜ਼ੀ ਕਰ ਰਹੇ ਹਨ। ਐਸਵਾਈਐਲ ਦਾ ਕਪੂਰੀ ਨੇੜੇ ਟੱਕ ਲਗਾ ਕੇ ਨੀਂਹ ਪੱਥਰ ਰੱਖਣ ਦੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਫ਼ੈਸਲੇ ਖ਼ਿਲਾਫ਼ ਲੱਗਿਆ ਮੋਰਚਾ ਬਾਅਦ ਵਿੱਚ ਧਰਮ ਯੁੱਧ ਮੋਰਚੇ ਵਿੱਚ ਤਬਦੀਲ ਹੋ ਗਿਆ ਸੀ। ਆਨੰਦਪੁਰ ਸਾਹਿਬ ਦੇ ਮਤੇ, ਖ਼ਾਲਿਸਤਾਨ ਅਤੇ ਅੰਮ੍ਰਿਤਸਰ ਐਲਾਨਨਾਮੇ ਤੱਕ ਪੁੱਜੇ ਅੰਦੋਲਨ ਦੌਰਾਨ ਕੁਝ ਵੀ ਹੱਥ ਨਹੀਂ ਲੱਗਿਆ ਤੇ ਇਸ ਦੌਰਾਨ ਹਜ਼ਾਰਾਂ ਲੋਕ ਮਾਰੇ ਗਏ।

ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਰਮਿਆਨ 24 ਜੁਲਾਈ 1985 ਨੂੰ ਹੋਏ ਪੰਜਾਬ ਸਮਝੌਤੇ ਤੋਂ ਬਾਅਦ ਚੰਡੀਗੜ੍ਹ ਪੰਜਾਬ ਨੂੰ ਮਿਲਣ ਅਤੇ ਹੋਰ ਮੁੱਦਿਆਂ ਦਾ ਹਸ਼ਰ ਵੀ ਕੋਈ ਵੱਖਰਾ ਨਹੀਂ ਹੋਇਆ। ਪੰਜਾਬੀ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਦਿਵਾਉਣ ਦਾ ਕੰਮ ਵੀ ਲਗਭਗ 11 ਮਹੀਨੇ ਦੀ ਲਛਮਣ ਸਿੰਘ ਗਿੱਲ ਦੀ ਸਰਕਾਰ ਕਰ ਗਈ। ਇਤਿਹਾਸਕਾਰ ਡਾ. ਕਿਰਪਾਲ ਸਿੰਘ ਕਹਿੰਦੇ ਹਨ, ਆਖ਼ਰ ਪੰਜਾਬੀਆਂ ਦੇ ਪੱਲੇ ਕੀ ਪਿਆ? ਅਸੀਂ ਖ਼ੁਦ ਹੀ ਨਾ ਪੰਜਾਬੀ ਜ਼ੁਬਾਨ ਲਈ ਕੁਝ ਕੀਤਾ ਅਤੇ ਨਾ ਹੀ ਹੋਰ ਮੁੱਦਿਆਂ ਉੱਤੇ ਗੰਭੀਰਤਾ ਦਿਖਾਈ।'

ਚੰਡੀਗੜ੍ਹ ਜੱਟ ਸਿੱਖ ਐਸੋਸੀਏਸ਼ਨ ਦੇ ਪ੍ਰਧਾਨ ਰਾਜਿੰਦਰ ਸਿੰਘ ਬਡਹੇੜੀ ਨੇ ਕਿਹਾ ਕਿ ਉਹ ਅੱਜ ਵੀ ਪੰਜਾਬ ਨਾਲ ਜਾਣਾ ਚਾਹੁੰਦੇ ਹਨ। ਪੰਜਾਬ ਅਤੇ ਹਰਿਆਣਾ ਵਿੱਚ ਹੁਣ ਅਕਾਲੀ ਦਲ ਤੇ ਭਾਜਪਾ ਦੀਆਂ ਸਰਕਾਰਾਂ ਹਨ, ਜਸ਼ਨ ਦੀ ਕੋਈ ਤੁਕ ਤਾਂ ਹੋ ਸਕਦੀ ਸੀ ਜੇ ਘੱਟੋ ਘੱਟ 1 ਨਵੰਬਰ ਨੂੰ ਚੰਡੀਗੜ੍ਹ ਹੀ ਪੰਜਾਬ ਨੂੰ ਮਿਲ ਜਾਂਦਾ।

ਪ੍ਰੋ. ਸਰਦਾਰਾ ਸਿੰਘ ਜੌਹਲ ਨੇ ਕਿਹਾ ਕਿ ਜਸ਼ਨ ਮਨਾਉਣ ਵਾਲੀ ਕੋਈ ਗੱਲ ਨਹੀਂ ਹੈ। ਅਕਾਲੀ ਦਲ ਦਾ ਤਾਂ ਇਕੱਲੇ ਰਾਜ ਕਰਨ ਦਾ ਸੁਪਨਾ ਵੀ ਪੂਰਾ ਨਹੀਂ ਹੋਇਆ। ਪਹਿਲਾਂ ਜਨ ਸੰਘ ਨਾਲ ਮਿਲ ਕੇ ਅਤੇ ਹੁਣ ਭਾਜਪਾ ਨਾਲ ਮਿਲ ਕੇ ਸਰਕਾਰ ਬਣੀ ਹੋਈ ਹੈ। ਆਰਥਿਕ ਤੌਰ 'ਤੇ ਸੂਬੇ ਸਿਰ ਦੋ ਲੱਖ ਕਰੋੜ ਤੋਂ ਵੀ ਵੱਧ ਦਾ ਕਰਜ਼ਾ ਹੈ। ਪ੍ਰਾਈਵੇਟ ਸਕੂਲ ਪੰਜਾਬ ਵਿੱਚ ਹੀ ਪੰਜਾਬੀ ਨਹੀਂ ਪੜ੍ਹਾ ਰਹੇ। ਪੰਜਾਬੀਆਂ ਲਈ ਕੋਈ ਲਾਭ ਨਹੀਂ ਕੇਵਲ ਸਿਆਸੀ ਕਾਰਨਾਂ ਕਰ ਕੇ ਜਸ਼ਨ ਮਨਾਉਣਾ ਹੈ ਤਾਂ ਇਹ ਸਿਆਸਤਦਾਨਾਂ ਦੀ ਮਰਜ਼ੀ ਹੈ।

## ਕੋਚ ਪਰਮਜੀਤ ਪੰਮੀ ਦੀ ਮੌਤ ਉੱਤੇ ਵੱਖ ਵੱਖ ਸਖ਼ਸ਼ੀਅਤਾਂ ਵਲੋਂ ਦੁੱਖ ਦਾ ਪ੍ਰਗਟਾਵਾ

ਸਭ ਸਨੇਹੀਆਂ ਅਤੇ ਲੋਕ ਹਿਤੈਸ਼ੀ ਜਥੇਬੰਦੀਆਂ ਨੂੰ ਅਲਵਿਦਾ ਆਖ ਤੁਰਦਾ ਬਣਿਆ। ਉਨ੍ਹਾਂ ਦੀ ਕਹਿਣੀ ਤੇ ਕਰਨੀ ਵਿਚ ਫਰਕ ਨਹੀਂ ਸੀ।

ਪਰਮਜੀਤ ਸਿੰਘ ਪੰਮੀ ਆਪਣੀ ਸਕੂਲ ਦੀ ਪੜ੍ਹਾਈ ਸਮੇਂ ਹੀ ਖੇਡਾਂ ਨਾਲ ਜੁੜ ਗਏ। ਉਸੇ ਸਮੇਂ ਹੀ ਉਨ੍ਹਾਂ ਦਾ ਸਬੰਧ ਲੋਕ ਹਿਤੈਸ਼ੀ ਜਥੇਬੰਦੀਆਂ ਨਾਲ ਹੋਇਆ। ਪਰਮਜੀਤ ਸਿੰਘ ਸੰਧੂ ਅਨੁਸਾਰ ਉਨ੍ਹਾਂ ਉਤੇ ਵਧ ਪ੍ਰਭਾਵ ਪ੍ਰਸਿੱਧ ਅਜ਼ਾਦੀ ਸੰਗਰਾਮੀਏ ਤੇ ਕਲਸੀਆ ਲਹਿਰ ਦੇ ਮੋਢੀ ਆਗੂ ਬਾਬਤ ਸੁੰਦਰ ਸਿੰਘ ਕਲਸੀਆ ਦਾ ਸੀ ਜਿਹੜੇ ਆਪਣੀ ਜਵਾਨੀ ਵੇਲੇ ਆਪ ਵੀ ਪਹਿਲਵਾਨੀ ਕਰਦੇ ਸਨ ਤੇ ਫਿਰ ਫੌਜ ਵਿਚ ਵੀ ਭਰਤੀ ਹੋ ਗਏ।

ਯੁਨਾਈਟਡ ਸਪੋਰਟਸ ਕਲੱਬ ਦੇ ਸਰਪ੍ਰਸਤ ਅਮੋਲਕ ਸਿੰਘ ਗਾਖਲ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪਰਮਜੀਤ ਪੰਮੀ ਕੋਚ ਦੀ ਉੱਤਰੀ ਅਮਰੀਕਾ 'ਚ ਵੀ ਕਬੱਡੀ ਨੂੰ ਵੱਡੀ ਦੇਣ ਸੀ 'ਤੇ ਉਹ ਯੁਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਫਾਊਂਡਰ ਵੀ ਸਨ। ਅੰਡਰ-21 ਵੀ ਪੰਮੀ ਦੀ ਹੀ ਦੇਣ ਹੈ। ਪਰਮਜੀਤ ਸਿੰਘ ਪੰਮੀ ਦੀ ਮੌਤ ਨਾਲ ਕਬੱਡੀ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਪੰਮੀ ਕੋਚ ਦੀ ਮੌਤ 'ਤੇ ਅਮੋਲਕ ਸਿੰਘ ਗਾਖਲ ਤੋਂ ਇਲਾਵਾ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਮੱਖਣ ਸਿੰਘ ਬੈਂਸ, ਯੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਸਾਧੂ ਸਿੰਘ ਖਨੌਰ, ਗੁਰਦਾਵਰ ਸਿੰਘ ਮਹਿੜੂ, ਕੁਲਵੰਤ ਸਿੰਘ ਨਿੱਝਰ, ਬਲਜੀਤ ਸਿੰਘ ਸੰਧੂ ਅਤੇ ਨੱਥ ਸਿੰਘ ਗਾਖਲ ਨੇ ਵੀ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

# ਉਮੀਦਵਾਰ ਟਿਕਟ ਨੂੰ ਗਾਰੰਟੀ ਨਾ ਮੰਨਣ : ਕੇਜਰੀਵਾਲ



**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਵੱਲੋਂ ਉਤਾਰੇ ਸਾਰੇ ਉਮੀਦਵਾਰਾਂ ਨੂੰ ਕਿਹਾ ਹੈ ਕਿ ਉਹ ਪਾਰਟੀ ਟਿਕਟਾਂ ਨੂੰ ਗਰੰਟੀ ਨਾ ਸਮਝਣ। ਜੇ ਕਿਸੇ ਵੀ ਪੜਾਅ ਉਤੇ ਕੋਈ ਖਾਮੀ ਪਾਈ ਗਈ ਤਾਂ ਉਮੀਦਵਾਰਾਂ ਦੀਆਂ ਟਿਕਟਾਂ ਕੱਟੀਆਂ ਜਾਣਗੀਆਂ।

ਪਾਰਟੀ ਵਿਚਲੇ ਸੂਤਰਾਂ ਅਨੁਸਾਰ ਸ੍ਰੀ ਕੇਜਰੀਵਾਲ ਨੇ ਸੰਗਰੂਰ ਵਿੱਚ ਹੋਈ ਮੀਟਿੰਗ ਦੌਰਾਨ ਪਾਰਟੀ ਦੇ ਸਾਰੇ ਉਮੀਦਵਾਰਾਂ ਨੂੰ ਇਸ ਬਾਰੇ ਜਾਣੂ ਕਰਵਾ ਦਿੱਤਾ ਹੈ। ਉਨ੍ਹਾਂ ਉਮੀਦਵਾਰਾਂ ਨੂੰ ਸਪਸ਼ਟ ਕਰ ਦਿੱਤਾ ਹੈ ਕਿ ਉਹ ਪਾਰਟੀ ਟਿਕਟ ਜਾਂ ਆਪਣੀ ਜਿੱਤ ਯਕੀਨੀ ਮੰਨ ਕੇ ਨਾ ਬੈਠਣ। ਉਨ੍ਹਾਂ ਉਮੀਦਵਾਰਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਉਨ੍ਹਾਂ ਦੇ ਹਲਕਿਆਂ ਵਿੱਚ ਹੋਰ ਵੀ 'ਆਪ' ਵਾਲੰਟੀਅਰ ਹਨ, ਜੋ ਕਿਸੇ ਵੀ ਪੱਖੋਂ ਘੱਟ ਨਹੀਂ ਹਨ। ਇਹ ਵਾਲੰਟੀਅਰ ਸਹਿਜੇ ਹੀ ਸਬੰਧਤ ਉਮੀਦਵਾਰਾਂ ਦੀ ਥਾਂ ਲੈ ਸਕਦੇ ਹਨ। ਇਕ ਘੰਟਾ ਚੱਲੀ ਇਸ ਮੀਟਿੰਗ ਵਿੱਚ ਪਾਰਟੀ ਵੱਲੋਂ ਹੁਣ ਤੱਕ ਐਲਾਨੇ ਸਾਰੇ 61 ਉਮੀਦਵਾਰ ਹਾਜ਼ਰ ਸਨ। ਮੀਟਿੰਗ ਦੌਰਾਨ ਕੌਮੀ ਕਨਵੀਨਰ ਨੇ ਕਿਹਾ ਕਿ ਉਮੀਦਵਾਰਾਂ ਦਾ ਪੂਰਾ ਧਿਆਨ ਹੁਣੇ ਤੋਂ ਆਪਣੇ ਹਲਕੇ ਦੀ ਪ੍ਰਚਾਰ ਮੁਹਿੰਮ ਉਤੇ ਕੇਂਦਰਿਤ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਪੜਾਅ 'ਤੇ ਜੇ ਕੋਈ ਉਮੀਦਵਾਰ ਕਮਜ਼ੋਰ ਪਾਇਆ ਗਿਆ ਤਾਂ ਉਸ ਨੂੰ ਬਦਲਿਆ ਜਾਵੇਗਾ। ਉਨ੍ਹਾਂ ਦਿੱਲੀ ਦੀ ਮਿਸਾਲ ਦਿੰਦਿਆਂ ਕਿਹਾ ਕਿ ਦੋ ਚੋਣਾਂ ਵਿੱਚ ਆਖ਼ਰੀ ਦਿਨਾਂ ਵਿੱਚ ਉਮੀਦਵਾਰ ਬਦਲੇ ਗਏ। ਉਨ੍ਹਾਂ ਕਿਹਾ ਕਿ ਜਿਨ੍ਹਾਂ ਹਲਕਿਆਂ ਵਿੱਚ ਪਾਰਟੀ ਨੇ ਉਮੀਦਵਾਰ ਐਲਾਨੇ ਹਨ, ਅਜਿਹੇ ਹਰੇਕ ਹਲਕੇ ਵਿੱਚ ਪਾਰਟੀ ਦੇ ਪੰਜ ਅਬਜ਼ਰਵਰ ਹੋਣਗੇ, ਜੋ ਰੋਜ਼ਾਨਾ ਦਿੱਲੀ ਵਿੱਚ ਲੀਡਰਸ਼ਿਪ ਨੂੰ ਰਿਪੋਰਟ ਭੇਜਣਗੇ। ਉਨ੍ਹਾਂ ਕਿਹਾ ਕਿ ਪਾਰਟੀ ਨੇ ਵੱਖ ਵੱਖ ਪੈਮਾਨਿਆਂ ਤੋਂ ਉਮੀਦਵਾਰਾਂ ਦੀ ਪਰਖ ਕੀਤੀ, ਜਿਨ੍ਹਾਂ ਵਿੱਚ ਉਨ੍ਹਾਂ ਦਾ ਲੋਕਾਂ ਨਾਲ ਜੁੜਨ ਵਾਲਾ ਪ੍ਰੋਗਰਾਮ, ਜਿੱਤਣ ਦੀ ਸੰਭਾਵਨਾ, ਹੋਰ ਪਾਰਟੀਆਂ ਦੇ ਉਮੀਦਵਾਰਾਂ ਜਾਂ ਸੰਭਾਵੀ ਉਮੀਦਵਾਰਾਂ ਦਾ ਸਾਹਮਣਾ ਕਰਨ ਦੀ ਕਾਬਲੀਅਤ ਸ਼ਾਮਲ ਹੈ। ਮੀਟਿੰਗ ਵਿੱਚ ਕੌਮੀ ਕਨਵੀਨਰ ਤੋਂ ਇਲਾਵਾ ਪਾਰਟੀ ਦੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਅਤੇ ਸੂਬਾਈ ਮਾਮਲਿਆਂ ਦੇ ਇੰਚਾਰਜ ਸੰਜੈ ਸਿੰਘ ਤੇ ਸਹਿ ਇੰਚਾਰਜ ਜਰਨੈਲ ਸਿੰਘ ਵੀ ਹਾਜ਼ਰ ਸਨ। ਸੰਪਰਕ ਕਰਨ 'ਤੇ ਪਾਰਟੀ ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਨੇ ਇਸ ਦੀ ਪੁਸ਼ਟੀ ਕੀਤੀ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਨੇ ਉਹੀ ਕੰਮ ਕੀਤਾ, ਜੋ ਪਾਰਟੀ ਦੇ ਕੌਮੀ ਕਨਵੀਨਰ ਨੂੰ ਕਰਨਾ ਚਾਹੀਦਾ ਹੈ।

ਇਸੇ ਦੌਰਾਨ ਟਿਕਟਾਂ ਹਾਸਲ ਕਰਨ ਵਾਲੇ ਪਾਰਟੀ ਦੇ ਵੱਖ ਵੱਖ ਵਿੰਗਾਂ ਦੀ ਅਗਵਾਈ ਕਰ ਰਹੇ ਆਗੂਆਂ ਦੀ ਆਪਣੇ ਅਹੁਦਿਆਂ ਤੋਂ ਜਲਦੀ ਛੁੱਟੀ ਹੋ ਸਕਦੀ ਹੈ। ਜਿਨ੍ਹਾਂ ਆਗੂਆਂ ਨੂੰ ਪਾਰਟੀ ਅਹੁਦਿਆਂ ਤੋਂ ਲਾਂਭੇ ਕੀਤਾ ਜਾ ਸਕਦਾ ਹੈ।

# ਕੇਜਰੀਵਾਲ ਨੇ ਪੰਥਕ ਆਗੂਆਂ ਤੋਂ 'ਆਪ' ਲਈ ਹਮਾਇਤ ਮੰਗੀ

**ਬਠਿੰਡਾ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਬਠਿੰਡਾ ਜ਼ਿਲ੍ਹੇ ਵਿੱਚ ਪੰਥਕ ਆਗੂਆਂ ਨਾਲ ਮੀਟਿੰਗਾਂ ਕੀਤੀਆਂ ਤਾਂ ਜੋ ਪੰਥਕ ਵੋਟ ਬੈਂਕ ਨੂੰ ਨੇੜੇ ਕੀਤਾ ਜਾ ਸਕੇ। ਸ੍ਰੀ ਕੇਜਰੀਵਾਲ ਨੇ ਪਹਿਲਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਨਾਲ ਉਨ੍ਹਾਂ ਦੀ ਬਠਿੰਡਾ ਸਥਿਤ ਰਿਹਾਇਸ਼ 'ਤੇ ਗੁਪਤ ਮੀਟਿੰਗ ਕੀਤੀ। ਮਗਰੋਂ ਉਨ੍ਹਾਂ ਨੇ ਪਿੰਡ ਭਾਈ ਬਖਤੌਰ ਵਿੱਚ ਗੁਰਮਤਿ ਸੇਵਾ ਲਹਿਰ ਦੇ ਪ੍ਰਧਾਨ ਤੇ ਸਿੱਖ ਪ੍ਰਚਾਰਕ ਭਾਈ ਪੰਥਪ੍ਰੀਤ ਸਿੰਘ ਨਾਲ ਪੌਣਾ ਘੰਟਾ ਮੀਟਿੰਗ ਕੀਤੀ। ਇਨ੍ਹਾਂ ਮੀਟਿੰਗਾਂ ਨੂੰ ਪੂਰਨ ਤੌਰ 'ਤੇ ਗੁਪਤ ਰੱਖਿਆ ਗਿਆ। ਦਿੱਲੀ ਤੋਂ ਵਿਧਾਇਕ ਜਰਨੈਲ ਸਿੰਘ ਤੇ ਪਾਰਟੀ ਦੇ ਤਰਜਮਾਨ ਕੁਲਤਾਰ ਸੰਧਵਾਂ ਨੇ ਇਨ੍ਹਾਂ ਬੈਠਕਾਂ ਵਿਚ ਅਹਿਮ ਭੂਮਿਕਾ ਨਿਭਾਈ। ਜਾਣਕਾਰੀ ਅਨੁਸਾਰ ਸ੍ਰੀ ਕੇਜਰੀਵਾਲ ਨੇ ਇਨ੍ਹਾਂ ਮੀਟਿੰਗਾਂ ਵਿਚ ਉਚੇਚੇ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ 'ਤੇ ਵਿਚਾਰ ਵਟਾਂਦਰਾ ਕੀਤਾ। ਦੱਸਣਯੋਗ ਹੈ ਕਿ ਸ੍ਰੀ ਕੇਜਰੀਵਾਲ ਨੇ ਕੁਝ ਅਰਸਾ ਪਹਿਲਾਂ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਨਾਲ ਵੀ ਮੀਟਿੰਗ ਕੀਤੀ ਸੀ। ਸਰਬੱਤ ਖਾਲਸਾ ਵਾਲੀਆਂ ਧਿਰਾਂ ਹੁਣ 'ਆਪ' ਦੀ ਹਮਾਇਤ ਤੋਂ ਪਾਸੇ ਹਟ ਚੁੱਕੀਆਂ ਹਨ



ਅਤੇ ਉਹ 10 ਨਵੰਬਰ ਨੂੰ ਸਰਬੱਤ ਖਾਲਸਾ ਕਰਨ ਮਗਰੋਂ ਨਵੀਂ ਰਣਨੀਤੀ ਬਣਾਉਣਗੀਆਂ। ਮਾਲਵੇ ਵਿੱਚ ਡੇਰਾ ਸਿਰਸਾ ਦਾ ਵੀ ਵੋਟ ਬੈਂਕ ਹੈ, ਜਿਸ ਕਰਕੇ 'ਆਪ' ਹੁਣ ਤੋਂ ਹੀ ਪੰਥਕ ਮੁਹਿੰਮ ਚਲਾਉਣ ਲੱਗੀ ਹੈ। ਸ੍ਰੀ ਕੇਜਰੀਵਾਲ ਦੇ ਦੌਰੇ ਦੀ ਜ਼ਿਲ੍ਹੇ ਦੇ ਆਗੂਆਂ ਨੂੰ ਵੀ ਭਿਣਕ ਨਹੀਂ ਲੱਗੀ। ਦਿੱਲੀ ਦੇ ਮੁੱਖ ਮੰਤਰੀ ਨੇ ਸਾਬਕਾ ਜਥੇਦਾਰ ਨੰਦਗੜ੍ਹ ਨਾਲ ਮੀਟਿੰਗ ਕਰਕੇ ਅਸ਼ੀਰਵਾਦ ਮੰਗਿਆ। ਸ੍ਰੀ ਨੰਦਗੜ੍ਹ ਦਾ ਕਹਿਣਾ ਸੀ ਕਿ ਕੇਜਰੀਵਾਲ ਹਮਾਇਤ ਮੰਗਣ ਆਏ ਸਨ ਪਰ ਉਨ੍ਹਾਂ ਨੇ ਫਿਲਹਾਲ ਕਿਸੇ ਧਿਰ ਨੂੰ ਹਮਾਇਤ ਨਾ ਦੇਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਨੇ ਸ੍ਰੀ ਕੇਜਰੀਵਾਲ ਨੂੰ ਕਿਹਾ ਹੈ ਕਿ ਜੇਕਰ 'ਆਪ' ਦੀ ਸਰਕਾਰ ਬਣੀ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਦਮਦਮਾ ਸਾਹਿਬ ਨੂੰ ਰੇਲ ਲਿੰਕ ਨਾਲ ਜੋੜਿਆ ਜਾਵੇ ਅਤੇ ਤਲਵੰਡੀ ਸਾਬੋ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿੱਤਾ ਜਾਵੇ। ਸ੍ਰੀ ਕੇਜਰੀਵਾਲ ਨੇ ਇਨ੍ਹਾਂ ਮੰਗਾਂ 'ਤੇ ਭਰੋਸਾ ਦਿੱਤਾ। ਜਥੇਦਾਰ ਨੰਦਗੜ੍ਹ ਨੇ ਇਸ ਮੌਕੇ ਕੇਜਰੀਵਾਲ ਦਾ ਸਨਮਾਨ ਵੀ ਕੀਤਾ। ਇਸ ਮੌਕੇ 'ਆਪ' ਆਗੂ ਸੰਜੇ ਸਿੰਘ, ਵਿਧਾਇਕ ਜਰਨੈਲ ਸਿੰਘ, ਸੰਸਦ ਮੈਂਬਰ ਭਗਵੰਤ ਮਾਨ, ਪ੍ਰਗਟ ਸਿੰਘ ਭੋਡੀਪੁਰਾ ਹਾਜ਼ਰ ਸਨ। ਇਸ ਬਾਅਦ ਉਨ੍ਹਾਂ ਭਾਈ ਪੰਥਪ੍ਰੀਤ ਸਿੰਘ ਨਾਲ ਮੀਟਿੰਗ ਕੀਤੀ। ਦੱਸਣਯੋਗ ਹੈ ਕਿ ਬਰਗਾੜੀ ਕਾਂਡ ਮਗਰੋਂ ਕੋਟਕਪੂਰਾ ਧਰਨੇ ਵਿੱਚ ਭਾਈ ਪੰਥਪ੍ਰੀਤ ਸਿੰਘ ਨੇ ਮੋਹਰੀ ਭੂਮਿਕਾ ਨਿਭਾਈ ਸੀ। ਕੁਲਤਾਰ ਸੰਧਵਾਂ ਨੇ ਦੱਸਿਆ ਕਿ 'ਆਪ' ਸੁਪਰੀਮੋ ਨੇ ਪੰਥਕ ਆਗੂਆਂ ਨਾਲ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਬਾਰੇ ਵਿਚਾਰ ਵਟਾਂਦਰਾ ਕੀਤਾ ਹੈ ਅਤੇ ਪਿਛਲੇ ਸਮੇਂ ਦੌਰਾਨ ਵਾਪਰੀਆਂ ਘਟਨਾਵਾਂ ਬਾਰੇ ਜਾਣਕਾਰੀ ਹਾਸਲ ਕੀਤੀ।

# 'ਆਪ' ਤੋਂ ਦੁਖੀ ਲੋਕਾਂ ਨਾਲ ਮਿਲ ਕੇ ਤੀਜਾ ਫਰੰਟ ਬਣਾਵਾਂਗੇ : ਯੋਗੇਂਦਰ ਯਾਦਵ

**ਚੰਡੀਗੜ੍ਹ/ਬਿਊਰੋ ਨਿਊਜ਼ :**

ਆਮ ਆਦਮੀ ਪਾਰਟੀ (ਆਪ) ਵਿਚੋਂ ਕੱਢੇ ਯੋਗੇਂਦਰ ਯਾਦਵ ਨੇ ਆਪਣੀ ਸਵਰਾਜ ਇੰਡੀਆ ਪਾਰਟੀ ਰਾਹੀਂ 'ਆਪ' ਦੀ ਪੰਜਾਬ ਇਕਾਈ ਦੇ ਸਮੂਹ ਪੀੜਤਾਂ ਨੂੰ ਇਕੱਠਾ ਕਰਨ ਲਈ ਸਾਂਝਾ ਮੰਚ ਤਿਆਰ ਕਰਕੇ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਨਿੱਤਰਨ ਦਾ ਐਲਾਨ ਕੀਤਾ ਹੈ। ਉਂਝ ਉਨ੍ਹਾਂ ਮੰਨਿਆ ਹੈ ਕਿ ਸੁੱਚਾ ਸਿੰਘ ਛੋਟੇਪੁਰ ਨਾਲ ਉਨ੍ਹਾਂ ਦੇ ਸਿਧਾਂਤਕ ਮੱਤਭੇਦ ਹਨ।



ਉਨ੍ਹਾਂ ਇਥੇ ਪੰਜਾਬ ਅਤੇ ਹਰਿਆਣਾ ਦੇ ਆਗੂਆਂ ਨਾਲ ਮੀਟਿੰਗਾਂ ਕਰਨ ਮਗਰੋਂ ਕਿਹਾ ਕਿ ਉਹ 'ਆਪ' ਵਿਚੋਂ ਮੁਅੱਤਲ ਕੀਤੇ ਸੰਸਦ ਮੈਂਬਰ ਧਰਮਵੀਰ ਗਾਂਧੀ, ਆਪਣਾ ਪੰਜਾਬ ਪਾਰਟੀ ਦੇ ਨੇਤਾ ਸੁੱਚਾ ਸਿੰਘ ਛੋਟੇਪੁਰ ਅਤੇ ਡੈਮੋਕ੍ਰੈਟਿਕ ਸਵਰਾਜ ਪਾਰਟੀ ਬਣਾਉਣ ਵਾਲੇ ਪ੍ਰੋਫੈਸਰ ਮਨਜੀਤ ਸਿੰਘ ਨਾਲ ਮਿਲ ਕੇ ਤੀਸਰਾ ਫਰੰਟ ਉਸਾਰਿਆ ਜਾਵੇਗਾ, ਕਿਉਂਕਿ ਹੁਣ 'ਆਪ' ਤੀਸਰਾ ਬਦਲ ਦੇਣ ਤੋਂ ਥਿੜਕ ਗਈ ਹੈ। ਉਨ੍ਹਾਂ ਕਿਹਾ ਕਿ ਇਕ ਵੇਲੇ ਜਾਪਦਾ ਸੀ ਕਿ ਪੰਜਾਬ ਵਿੱਚ 'ਆਪ' ਤੀਸਰੇ ਬਦਲ ਵਜੋਂ ਉਭਰੀ ਹੈ ਪਰ ਪਿਛਲੇ ਦੋ-ਤਿੰਨ ਮਹੀਨਿਆਂ ਦੌਰਾਨ ਇਹ ਪਾਰਟੀ ਪੰਜਾਬ ਸਰਕਾਰ ਦੇ ਹੱਕ ਵਿੱਚ ਭੁਗਤਦੀ ਜਾਪਦੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਇਕਾਈ ਦਾ 15 ਦਿਨਾਂ ਵਿੱਚ ਗਠਨ ਕਰਨ ਲਈ ਤਿਆਰੀ ਕਮੇਟੀ ਬਣਾ ਦਿੱਤੀ ਹੈ। ਡਾਕਟਰ ਗਾਂਧੀ ਵੱਲੋਂ ਚੌਥਾ ਫਰੰਟ ਬਣਾਉਣ ਅਤੇ ਸੰਸਦ ਤੋਂ ਅਸਤੀਫ਼ਾ ਨਾ ਦੇਣ ਦੀ ਅਪਣਾਈ ਨੀਤੀ ਬਾਰੇ ਉਹ ਸਪਸ਼ਟ ਜਵਾਬ ਨਹੀਂ ਦੇ ਸਕੇ। ਉਨ੍ਹਾਂ ਕਿਹਾ ਕਿ ਖੱਬੀਆਂ ਧਿਰਾਂ, ਕਿਸਾਨਾਂ ਅਤੇ ਦਲਿਤਾਂ ਦੇ ਕੁੱਝ ਗਰੁੱਪਾਂ ਤੱਕ ਵੀ ਪਹੁੰਚ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਸ੍ਰੀ ਛੋਟੇਪੁਰ ਨੂੰ ਕਲੀਨ ਚਿੱਟ ਦੇ ਦਿੱਤੀ। ਸਵਰਾਜ ਇੰਡੀਆ ਪਾਰਟੀ ਦੇ ਦੇਸ਼ ਦੇ ਕੁੱਲ 131 ਜ਼ਿਲ੍ਹਿਆਂ ਵਿੱਚ ਯੂਨਿਟ ਬਣ ਗਏ ਹਨ ਅਤੇ ਚੋਣ ਕਮਿਸ਼ਨ ਕੋਲ ਪਾਰਟੀ ਰਜਿਸਟਰਡ ਕਰਨ ਦੀ ਅਰਜ਼ੀ ਵੀ ਦੇ ਦਿੱਤੀ ਹੈ।

ਦਿੱਲੀ ਤੇ ਹਰਿਆਣੇ ਦੇ ਆਗੂਆਂ ਦੀ ਕਮੇਟੀ ਬਣਾਈ: ਸ੍ਰੀ ਯਾਦਵ ਅਕਸਰ 'ਆਪ' ਉਪਰ ਪੰਜਾਬ ਵਿੱਚ ਦਿੱਲੀ ਦੀ ਟੀਮ ਦਾ ਗਲਬਾ ਕਾਇਮ ਕਰਨ ਦੇ ਦੋਸ਼ ਲਾਉਂਦੇ ਰਹੇ ਹਨ ਪਰ ਉਨ੍ਹਾਂ ਵੱਲੋਂ ਬਣਾਈ 'ਤਿਆਰੀ ਕਮੇਟੀ' ਵਿੱਚ ਚੇਅਰਮੈਨ ਹਰਿਆਣੇ ਦੇ ਰਾਜੀਵ ਗੋਦਾਰਾ ਅਤੇ ਕਨਵੀਨਰ ਦਿੱਲੀ ਦੇ ਸ਼ਾਮੀਰ ਮਲਹੋਤਰਾ ਹਨ। ਇਸ ਤੋਂ ਇਲਾਵਾ ਹਰਿਆਣਾ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਨੂੰ ਵਿਸ਼ੇਸ਼ ਇਨਵਾਇਟੀ ਬਣਾਇਆ ਹੈ। ਇਸ ਕਮੇਟੀ ਵਿੱਚ ਪੰਜਾਬ ਦੇ ਪੰਜ ਮੈਂਬਰ ਗੁਰਬਖਸ਼ ਸਿੰਘ ਬਰਨਾਲਾ, ਗੁਰਪ੍ਰੀਤ ਸਿੰਘ ਮਾਨ ਬਠਿੰਡਾ, ਜਗਦੇਵ ਸਿੰਘ ਗਰੇਵਾਲ, ਲਵਪ੍ਰੀਤ ਸਿੰਘ ਫਿਰੋਜ਼ਪਰ ਅਤੇ ਜਗਦੀਸ਼ ਲਾਲ ਰੋਪੜ ਨਿਯੁਕਤ ਕੀਤੇ ਹਨ।

# ਕੇਂਦਰ ਵਿੱਚ ਆਪਣੀ ਸਰਕਾਰ ਹੋਣ ਦੇ ਬਾਵਜੂਦ ਪੰਜਾਬ ਨਾਲ ਬੇਇਨਸਾਫ਼ੀ : ਬਾਦਲ

## ਪੰਜਾਬੀ ਸੂਬੇ ਦੇ ਗੋਲਡਨ ਜੁਬਲੀ ਸਮਾਗਮ 'ਚ ਪੰਜਾਬ ਦੇ ਹੱਕਾਂ ਬਾਰੇ ਕੇਂਦਰੀ ਮੰਤਰੀ ਰਹੇ ਚੁੱਪ

**ਅੰਮ੍ਰਿਤਸਰ/ਬਿਊਰੋ ਨਿਊਜ਼**, ਪੰਜਾਬੀ ਸੂਬੇ ਦੀ 50ਵੀਂ ਵਰ੍ਹੇਗੰਢ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਥੇ ਆਖਿਆ ਕਿ ਪੰਜਾਬ ਦੇ ਪਾਣੀ ਬਾਰੇ ਅਦਾਲਤ ਦਾ ਫੈਸਲਾ ਕੁੱਝ ਵੀ ਹੋਵੇ ਉਹ ਪਾਣੀ ਦੀ ਇਕ ਬੂੰਦ ਬਾਹਰ ਨਹੀਂ ਜਾਣ ਦੇਣਗੇ ਅਤੇ ਇਸ ਵਾਸਤੇ ਉਨ੍ਹਾਂ ਨੂੰ ਭਾਵੇਂ ਕੋਈ ਵੀ ਕੁਰਬਾਨੀ ਦੇਣੀ ਪਵੇ। ਉਨ੍ਹਾਂ ਕੇਂਦਰ ਨੂੰ ਪੰਜਾਬ ਨਾਲ ਨਿਆਂ ਕਰਨ ਦੀ ਅਪੀਲ ਕਰਦਿਆਂ ਆਖਿਆ ਕਿ ਸੂਬੇ ਦੀ ਰਾਜਧਾਨੀ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਵੀ ਪੰਜਾਬ ਨੂੰ ਦਿੱਤੇ ਜਾਣ। ਉਨ੍ਹਾਂ ਆਖਿਆ ਕਿ ਕੇਂਦਰ ਵਿੱਚ ਅਕਾਲੀਆਂ ਦੀ ਭਾਈਵਾਲ ਐਨਡੀਏ ਸਰਕਾਰ ਹੈ ਅਤੇ ਲੋਕ ਮਿਹਣੇ ਮਾਰ ਰਹੇ ਹਨ ਕਿ ਕੇਂਦਰ ਵਿੱਚ ਆਪਣੀ ਸਰਕਾਰ ਹੋਣ ਦੇ ਬਾਵਜੂਦ ਸੂਬੇ ਨਾਲ ਬੇਇਨਸਾਫ਼ੀ ਜਾਰੀ ਹੈ।

ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਅਤੇ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦੋਵੇਂ ਸੂਬੇ ਦੇ ਵਿਕਾਸ ਲਈ ਕੋਈ ਵਿਸ਼ੇਸ਼ ਐਲਾਨ ਜਾਂ ਸੂਬੇ ਦੀਆਂ ਮੰਗਾਂ ਨੂੰ ਪੂਰਾ ਕਰਨ ਬਾਰੇ ਕੋਈ ਭਰੋਸਾ ਦਿੱਤੇ ਬਗੈਰ ਪਰਤ ਗਏ।

ਸੂਬੇ ਦੀ ਅਕਾਲੀ-ਭਾਜਪਾ ਸਰਕਾਰ ਵੱਲੋਂ ਪੰਜਾਬੀ ਸੂਬੇ ਦੀ 50ਵੀਂ ਵਰ੍ਹੇਗੰਢ ਸਬੰਧੀ ਇਥੇ ਵਿਸ਼ੇਸ਼ ਸਮਾਗਮ ਕਰਵਾਏ ਗਏ, ਜਿਸ ਤਹਿਤ ਜਨਤਕ ਰੈਲੀ ਰਣਜੀਤ ਐਵੇਨਿਊ ਵਿੱਚ ਕੀਤੀ ਗਈ। ਸਮਾਗਮ ਵਿੱਚ ਪੰਜਾਬੀ ਸੂਬਾ ਸੰਘਰਸ਼ ਅਤੇ ਰਾਜ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਵਾਲੇ ਪੰਜਾਬੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਕੇਂਦਰੀ ਆਗੂਆਂ ਨੂੰ ਨਿਆਂ ਦੇਣ ਦੀ ਅਪੀਲ ਕਰਦਿਆਂ ਮੁੱਖ ਮੰਤਰੀ ਨੇ ਆਖਿਆ ਕਿ ਸੂਬੇ ਦੀ ਰਾਜਧਾਨੀ ਅਤੇ ਪੰਜਾਬੀ ਬੋਲਦੇ ਇਲਾਕੇ ਵੀ ਪੰਜਾਬ ਨੂੰ ਦਿੱਤੇ ਜਾਣ।

ਇਸ ਤੋਂ ਪਹਿਲਾਂ ਸ੍ਰੀ ਜੇਤਲੀ ਨੇ ਸੰਬੋਧਨ ਦੌਰਾਨ ਪੰਜਾਬੀ ਸੂਬੇ ਨਾਲ ਜੁੜੀਆਂ ਮੰਗਾਂ ਬਾਰੇ ਕੋਈ ਜ਼ਿਕਰ ਨਹੀਂ ਕੀਤਾ, ਜਦ ਕਿ ਉਨ੍ਹਾਂ ਤੋਂ ਪਹਿਲਾਂ ਸੰਬੋਧਨ ਕਰ ਕੇ ਗਏ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਸੀ ਕਿ ਸੂਬੇ ਦੀ ਰਾਜਧਾਨੀ, ਪੰਜਾਬੀ ਬੋਲਦੇ ਇਲਾਕੇ ਅਤੇ ਸੂਬੇ ਦੇ ਪਾਣੀ ਦੇ ਹੱਕ ਪ੍ਰਾਪਤ ਕਰਨ ਲਈ ਨਿਰੰਤਰ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਕੇਂਦਰੀ ਮੰਤਰੀ ਨੇ ਪੰਜਾਬੀਆਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ ਰਾਜ ਦਾ ਵਿਕਾਸ ਕੀਤਾ ਹੈ। ਉਨ੍ਹਾਂ 1984 ਨੂੰ ਵਿਨਾਸ਼ ਤੇ 2016 ਨੂੰ ਵਿਕਾਸ ਦਾ ਵਰ੍ਹਾ ਕਰਾਰ ਦਿੱਤਾ। ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੇ ਆਖਿਆ ਕਿ ਕੇਂਦਰ ਸਰਕਾਰ ਨੇ 2016 ਦਾ ਵਰ੍ਹਾ ਗੁਰੂ ਗੋਬਿੰਦ ਸਿੰਘ ਦੇ 350 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਤਾ ਹੈ ਅਤੇ ਹਰੇਕ ਸੂਬੇ ਵਿੱਚ ਇਸ ਸਬੰਧੀ ਸਮਾਗਮ ਕੀਤੇ ਜਾਣਗੇ। ਉਨ੍ਹਾਂ ਸੂਬੇ ਦੀ 50ਵੀਂ ਵਰ੍ਹੇਗੰਢ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਲੋਕਾਂ ਨੂੰ ਵਧਾਈ ਦਿੱਤੀ। ਪੰਡਾਲ ਵਿੱਚ 2 ਮੰਚ ਬਣਾਏ ਗਏ ਸਨ, ਜਿਨ੍ਹਾਂ ਵਿਚੋਂ ਇੱਕ 'ਤੇ ਪੰਜਾਬੀ ਸੂਬੇ ਵਿੱਚ ਯੋਗਦਾਨ ਪਾਉਣ ਵਾਲੇ ਸੰਘਰਸ਼ਸ਼ੀਲ ਯੋਧੇ ਤੇ ਉਨ੍ਹਾਂ ਦੇ ਪਰਿਵਾਰ, ਦੂਜੇ ਮੰਚ 'ਤੇ ਅਕਾਲੀ-ਭਾਜਪਾ ਗੱਠਜੋੜ ਦੇ ਸੀਨੀਅਰ ਆਗੂ ਅਤੇ ਮੁੱਖ ਮਹਿਮਾਨ ਬੈਠੇ ਸਨ।

# ਸਿੱਖ ਕਤਲੇਆਮ ਭੁਲਾ ਕੇ ਸਰਕਾਰ ਮਨਾ ਰਹੀ ਜਸ਼ਨ : ਕੇਜਰੀਵਾਲ

**ਅੰਮ੍ਰਿਤਸਰ:** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਮਾਮਲਿਆਂ ਦੇ ਇੰਚਾਰਜ ਸੰਜੈ ਸਿੰਘ ਤੇ ਅਸ਼ੀਸ਼ ਖੇਤਾਨ ਨੇ ਇਥੇ ਅਦਾਲਤ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਦਾਇਰ ਕੀਤੇ ਮਾਣਹਾਨੀ ਕੇਸ ਵਿੱਚ ਪੇਸ਼ੀ ਭੁਗਤੀ। ਅਦਾਲਤ ਵਿੱਚ ਦੋਵਾਂ ਧਿਰਾਂ ਦੇ ਵਕੀਲਾਂ ਵਿਚਾਲੇ ਭਖਵੀਂ ਬਹਿਸ ਹੋਈ। ਬਹਿਸ ਦੌਰਾਨ ਮੀਡੀਆ ਜਾਂ ਹੋਰਾਂ ਨੂੰ ਅਦਾਲਤ ਅੰਦਰ ਜਾਣ ਦੀ ਆਗਿਆ ਨਹੀਂ ਦਿੱਤੀ ਗਈ। ਵਧੀਕ ਚੀਫ ਜੁਡੀਸ਼ਲ ਮੈਜਿਸਟਰੇਟ ਰਵੀਇੰਦਰ ਕੌਰ ਦੀ ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 18 ਨਵੰਬਰ ਤੈਅ ਕੀਤੀ ਹੈ। ਅਦਾਲਤੀ ਕਾਰਵਾਈ ਬਾਅਦ ਸ੍ਰੀ ਕੇਜਰੀਵਾਲ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਸੂਬੇ ਦੇ ਹਰੇਕ ਵਿਅਕਤੀ ਇਥੋਂ ਤਕ ਕਿ ਜੁਆਕ ਵੀ ਜਾਣਦੇ ਹਨ ਕਿ ਪੰਜਾਬ ਵਿੱਚ ਨਸ਼ਿਆਂ ਦਾ ਕਾਰੋਬਾਰ ਕੌਣ ਕਰ ਰਿਹਾ ਹੈ। ਜੋ ਹਰੇਕ ਵਿਅਕਤੀ ਕਹਿ ਰਿਹਾ ਹੈ, ਉਹੀ ਗੱਲ ਉਹ ਵੀ ਕਹਿ ਰਹੇ ਹਨ ਅਤੇ ਹਾਕਮ ਧਿਰ ਅਦਾਲਤ ਦਾ ਡਰਾਵਾ ਦੇ ਕੇ ਉਨ੍ਹਾਂ ਦੀ ਆਵਾਜ਼ ਦਬਾਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਇਹ ਆਵਾਜ਼ ਉਦੋਂ ਤੱਕ ਬੁਲੰਦ ਰਹੇਗੀ ਜਦੋਂ ਤੱਕ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਸਲਾਖਾਂ ਪਿੱਛੇ ਨਹੀਂ ਜਾਂਦੇ। ਉਨ੍ਹਾਂ ਸ੍ਰੀ ਮਜੀਠੀਆ ਨੂੰ ਮੁੜ ਚਿਤਾਵਨੀ ਦਿੱਤੀ ਕਿ ਉਨ੍ਹਾਂ ਕੋਲ ਸਿਰਫ਼ 3 ਮਹੀਨੇ ਹਨ ਜੇਕਰ ਉਸ ਨੂੰ ਜੇਲ੍ਹ ਭੇਜ ਸਕਦੇ ਹਨ ਤਾਂ ਭੇਜ ਦੇਣ, ਨਹੀਂ ਤਾਂ ਤਿੰਨ ਮਹੀਨੇ ਮਗਰੋਂ ਪੰਜਾਬ ਵਿੱਚ 'ਆਪ' ਦੀ ਸਰਕਾਰ ਇਨ੍ਹਾਂ ਸਾਰਿਆਂ ਨੂੰ ਜੇਲ੍ਹ ਭੇਜੇਗੀ। ਉਨ੍ਹਾਂ ਅਕਾਲੀ ਸਰਕਾਰ ਨੂੰ ਰਗੜੇ ਲਾਉਂਦਿਆਂ ਕਿਹਾ ਕਿ ਦਿੱਲੀ ਸਮੇਤ ਹੋਰ ਸ਼ਹਿਰਾਂ ਵਿੱਚ ਸਿੱਖਾਂ ਦਾ ਕਤਲੇਆਮ ਹੋਇਆ ਸੀ ਪਰ ਅੱਜ ਅਕਾਲੀਆਂ ਵੱਲੋਂ ਪੰਜਾਬੀ ਸੂਬੇ ਦਾ ਜਸ਼ਨ ਮਨਾਇਆ ਜਾ ਰਿਹਾ ਹੈ।

# ‘ਮਿਸ਼ਨ 2017’ ਨੂੰ ਪੂਰਾ ਕਰਨ ਲਈ ਡੱਟ ਕੇ ਕੰਮ ਕਰਨ ਦਾ ਸੱਦਾ

## ਅਕਾਲੀ ਦਲ (ਬਾਦਲ) ਦੀ ਨਿਊਯਾਰਕ ਵਿਚ ਹੋਈ ਕਾਨਫਰੰਸ ’ਚ 2017 ਦੀਆਂ ਵਿਧਾਨ ਸਭਾਈ ਚੋਣਾਂ ਜਿੱਤਣ ਦਾ ਅਹਿਦ




**ਨਿਊਯਾਰਕ/ਸੂਰਤ ਸਿੰਘ ਪੱਡਾ:** ਸ੍ਰਅਕਾਲੀ ਦਲ ਯੂ ਐਸ ਏ ਈਸਟ ਕੋਸਟ ਵੱਲੋਂ ਨਿਊਯਾਰਕ ਦੇ ਹੋਟਲ ਰਾਇਲ ਪੈਲੇਸ ਵਿਚ ਇਕ ਵਿਸ਼ਾਲ ਕਾਨਫਰੰਸ ਕਰਵਾਈ ਗਈ। ਕਾਨਫਰੰਸ ਵਿਚ ਨਿਊਯਾਰਕ, ਨਿਊਜਰਸੀ, ਵਰਜੀਨੀਆ, ਵਾਸ਼ਿੰਗਟਨ, ਮੈਰੀਲੈਂਡ, ਕੈਲੀਫੋਰਨੀਆ ਅਤੇ ਮਿਡਵੈਸਟ ਦੇ ਕਈ ਨੁਮਾਇੰਦਿਆਂ ਨੇ ਭਾਗ ਲਿਆ। ਇਸ ਅਕਾਲੀ ਕਾਨਫਰੰਸ ਦੀ ਸ਼ੁਰੂਆਤ ਈਸਟ ਕੋਸਟ ਦੇ ਪ੍ਰਧਾਨ ਮੋਹਣ ਸਿੰਘ ਖੱਟੜਾ ਨੇ “ਸ੍ਰਅਕਾਲੀ ਦਲ ਜ਼ਿੰਦਾਬਾਦ”, “ਪ੍ਰਕਾਸ਼ ਸਿੰਘ ਬਾਦਲ ਸੁਖਬੀਰ ਸਿੰਘ ਬਾਦਲ ਜ਼ਿੰਦਾਬਾਦ” ਦੇ ਨਾਹਰੇ ਲਾ ਕੇ ਕਰਵਾਈ। ਉਨ੍ਹਾਂ ਨੇ ਦੂਰੋਂ ਦੁਰੇਡਿਓਂ ਆਏ ਅਕਾਲੀ ਵਰਕਰਾਂ ਦਾ ਧੰਨਵਾਦ ਕੀਤਾ ਅਤੇ ਜੀ ਆਇਆ ਕਿਹਾ। ਉਨ੍ਹਾਂ ਨੇ ਸਟੇਜ ਸਕੱਤਰ ਗੀ ਜੁੰਮੇਵਾਰੀ ਜਨਰਲ ਕਸ਼ਮੀਰ ਸਿੰਘ ਪਿਹੋਵਾ ਨੂੰ ਸੌਂਪੀ। ਸਕੱਤਰ ਨੇ ਸਭ ਤੋਂ ਪਹਿਲਾਂ ਸਰਪ੍ਰਸਤ ਮਾਸਟਰ ਮਹਿੰਦਰ ਸਿੰਘ ਨੂੰ ਬੁਲਾਇਆ ਜਿਨ੍ਹਾਂ ਨੇ ਪੰਜਾਬ ਵਿਚ ਹੋ ਰਹੀ ਡਿਵੈਲਮੈਂਟ ਬਾਰੇ ਕਈ ਮੁੱਦੇ ਛੋਹੇ। ਉਨ੍ਹਾਂ ਨੇ ਆਪ ਦੇ ਆਗੂ ਅਰਵਿੰਦ ਕੇਜਰੀਵਾਲ ਤੇ ਵਰ੍ਹਦਿਆਂ ਕਿਹਾ ਕਿ ਉਹ ਵਾਅਦੇ ਤਾਂ ਕਰੀ ਜਾਂਦਾ ਹੈ ਪਰ ਫੰਡ ਕਿਥੋਂ ਲਿਆਏਗਾ। ਕਾਂਗਰਸ ਵੱਲੋਂ ਪੰਜਾਬੀ ਸੂਬਾ ਬਨਾਉਣ ਵੇਲੇ ਪੰਜਾਬ ਨੂੰ ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਵਿਚ ਵੰਡ ਕੇ ਬੜੀ ਬੇਇਨਸਾਫੀ ਕੀਤੀ ਹੈ। ਮਾਸਟਰ ਮਹਿੰਦਰ ਸਿੰਘ ਨੇ 1984 ਵਿਚ ਹੋਏ ਕਤਲੇਆਮ ਦਾ ਵੀ ਬੜੇ ਭਾਵੁਕ ਸ਼ਬਦਾਂ ਵਿਚ ਜ਼ਿਕਰ ਕੀਤਾ ਅਤੇ ਕਿਹਾ ਕਿ ਸਿੱਖਾਂ ਦਾ ਭਲਾ ਸਿਰਫ਼ ਅਕਾਲੀ ਸਰਕਾਰ ਹੀ ਕਰ ਸਕਦੀ ਹੈ।

ਦੂਸਰੇ ਸਰਪ੍ਰਸਤ ਹਰਬੰਸ ਸਿੰਘ ਢਿੱਲੋਂ ਨੇ ਵੀ ਕਿਹਾ ਕਿ ਅਸੀਂ ਪੰਜਾਬ ਵਿਚ ਕਿਸੇ ਬਾਹਰਲੇ ਨੂੰ ਰਾਜ ਨਹੀਂ ਕਰਨ ਦਿਆਂਗੇ। ਉਨ੍ਹਾਂ ਪੰਜਾਬ ਵਿਚ ਹੁੰਦੀਆਂ ਕਿਸਾਨਾਂ ਦੀਆਂ ਮੌਤਾਂ ਬਾਰੇ ਪੰਜਾਬ ਸਰਕਾਰ ਦੀ ਜਿੰਮੇਵਾਰੀ ਨੂੰ ਅਣਗੌਲਿਆਂ ਕਰਦਿਆਂ ਕਿਹਾ ਕਿ ਸਾਡੇ ਕਈ ਕਿਸਾਨ ਭਰਾ ਰੀਸੋ ਰੀਸੀ ਵਿਆਹਾਂ ਸ਼ਾਦੀਆਂ ਤੇ ਜ਼ਿਆਦਾ ਖਰਚਾ ਕਰ ਲੈਂਦੇ ਹਨ ਅਤੇ ਵਿਆਜ ਵਾਲੇ ਪੈਸੇ ਮੋੜ ਨਹੀਂ ਹੁੰਦੇ। ਇਹ ਵੱਡਾ ਕਾਰਨ ਹੈ ਕਿ ਉਹੋ ਜਿਹੇ ਕਿਸਾਨ ਖੁਦਕਸ਼ੀਆਂ ਕਰ ਜਾਂਦੇ ਹਨ। ਉਨ੍ਹਾਂ ਨੇ ਕਿਹਾ ਕਿ ਅਸੀਂ ਹਰ ਪਿੰਡ ਵਿਚੋਂ ਇਹੋ ਜਿਹੇ ਕਰਜੇ ਨਾਲ ਲਿਤਾੜੇ ਕਿਸਾਨਾਂ ਦੀ ਲਿਸਟ ਬਣਾਵਾਂਗੇ ਅਤੇ ਉਨ੍ਹਾਂ ਦੀ ਮਦਦ ਕਰਾਂਗੇ। ਉਨ੍ਹਾਂ ਨੇ ਪੰਜਾਬ ਵਿਚ ਬਣੀਆਂ ਸੜਕਾਂ ਅਤੇ ਸਰਪਲੱਸ ਬਿਜਲੀ ਦਾ ਵੀ ਜ਼ਿਕਰ ਕੀਤਾ ਅਤੇ ਇਸ ਦਾ ਕਰੈਡਿਟ ਅਕਾਲੀ ਸਰਕਾਰ ਨੂੰ ਦਿੰਦਿਆਂ ਕਿਹਾ ਕਿ 2017 ਵਿਚ ਹੰਭਲਾ ਮਾਰੋ ਅਤੇ ਤੀਸਰੀ ਵਾਰ ਪੰਜਾਬ ਵਿਚ ਅਕਾਲੀ ਸਰਕਾਰ ਬਣਾਓ ਤਾਂ ਕਿ ਪੰਜਾਬ ਦਾ ਭਲਾ ਹੋ ਸਕੇ।

ਲੰਬੇ ਸਮੇਂ ਤੋਂ ਨਿਊਯਾਰਕ ਅਕਾਲੀ ਦਲ ਦੇ ਪ੍ਰਧਾਨ ਚਲੇ ਆ ਰਹੇ ਰਘਬੀਰ ਸਿੰਘ ਸੁਭਾਨਪੁਰ ਨੇ ਆਪਣੇ ਸੰਬੋਧਨ ਵਿਚ ਪ੍ਰਕਾਸ਼ ਸਿੰਘ ਬਾਦਲ ਨੂੰ ਇਕ ਮਹਾਨ ਨੇਤਾ ਦਸਿਆ ਅਤੇ ਉਨ੍ਹਾਂ ਦੀ ਸਖ਼ਸ਼ੀਅਤ ਬਾਰੇ ਕਈ ਸ਼ਬਦ ਕਹੇ। ਉਨ੍ਹਾਂ ਨੇ ਕਿਹਾ ਕਿ ਅਕਾਲੀ ਤਾਂ ਸਿਰਫ਼ ਪੰਜਾਬ ਵਿਚ ਹੀ ਸਰਕਾਰ ਬਨਾਉਣ ਦਾ ਵਾਹਦਾ ਕਰਦੇ ਹਨ ਬਾਕੀ ਪਾਰਟੀਆਂ ਕੋਲ ਤਾਂ ਹੋਰ ਕਈ ਸਟੇਟਸ ਹਨ। ਉਹ ਪੰਜਾਬ ਵੱਲ ਨੂੰ ਧਾਵਾ ਕਿਉਂ ਬੋਲ ਰਹੇ ਹਨ। ਉਨ੍ਹਾਂ ਨੇ ਬਰਗਾੜੀ ਕਾਂਡ ਨੂੰ ਵੀ ਉਨ੍ਹਾਂ ਲੋਕਾਂ ਦੀ ਸ਼ਰਾਰਤ ਦਸਿਆ ਜਿਹੜੇ ਪੰਜਾਬ ਵਿਚ ਤਾਕਤ ਹਾਸਲ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੇ ਮਹਾਨ ਪਵਿੱਤਰ ਗ੍ਰੰਥ ਨੂੰ ਵੀ ਨਹੀਂ ਬਖਸ਼ਦੇ। ਉਨ੍ਹਾਂ ਨੇ ਸੁਝਾਉ ਦਿਤਾ ਕਿ ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਿਫਾਜ਼ਤ ਖੁਦ ਸਿੱਖ ਕਰਨਗੇ ਅਤੇ ਪਿੰਡਾਂ ਵਿਚ ਹਰ ਗੁਰਦੁਆਰਾ ਸਾਹਿਬ ਵਿਚ ਸਕਿਓਰਿਟੀ ਲਗਾਈ ਜਾਵੇਗੀ। ਡਰੱਗ ਬਾਰੇ ਬੋਲਦਿਆਂ ਉਨ੍ਹਾਂ ਨੇ ਕਿਹਾ ਕਿ ਪੰਜਾਬ ਬਾਰਡਰ ਸਟੇਟ ਹੈ ਇਸ ਕਰਕੇ ਅਫਗਾਨਿਸਤਾਨ ਵੱਲੋਂ ਪਾਕਿਸਤਾਨ ਰਾਹੀਂ ਡਰੱਗ ਆਉਂਦੀ ਹੈ। ਬਾਰਡਰ ਦੀ ਸੁਰੱਖਿਆ ਕੇਂਦਰ ਸਰਕਾਰ ਨੇ ਕਰਨੀ ਹੁੰਦੀ ਹੈ। ਫਿਰ ਵੀ ਪੰਜਾਬ ਪੁਲਿਸ ਨਿੱਤ ਡਰੱਗ ਦੀ ਤਸ਼ਕਰੀ ਫੜਦੀ ਹੈ ਅਤੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਡਕਦੀ ਹੈ। ਪੰਜਾਬ ਨੂੰ ਆਪ ਦੇ ਲੀਡਰਾਂ ਨੇ ਬਦਨਾਮ ਕੀਤਾ ਹੋਇਆ ਹੈ। ਉਨ੍ਹਾਂ ਨੇ ਦਸਿਆ ਕਿ ਪੰਜਾਬ ਵਿਚ ਡਰੱਗ ਦੀ ਵਰਤੋਂ ਨਾ ਮਾਤਰ ਹੈ ਜੇ ਤੁਸੀਂ ਅੰਕੜੇ ਕੱਢ ਕੇ ਦੇਖੋਗੇ ਤਾਂ ਹੈਰਾਨ ਰਹਿ ਜਾਵੇਗੇ ਕਿ ਪੰਜਾਬ ਦਾ ਇੰਟਰਨੈਸ਼ਨਲ ਪੱਧਰ ਤੇ ਕੋਈ ਨਾਮ ਹੀ ਨਹੀਂ ਆਉਂਦਾ। ਉਨ੍ਹਾਂ ਨੇ ਕਿਹਾ ਕਿ ਅਸੀਂ ਪੰਜਾਬ ਵਿਚ ਹੋਈ ਡਿਵੈਲਪਮੈਂਟ ਦੇ ਸਿਰ ਤੇ ਵੋਟਾਂ ਮੰਗਾਂਗੇ ਅਤੇ ਤੀਸਰੀ ਵਾਰ ਅਕਾਲੀ ਸਰਕਾਰ ਬਣਾਵਾਂਗੇ।

ਅਕਾਲੀ ਦਲ ਯੂ ਐਸ ਏ ਦੇ ਬੁਲਾਰੇ ਅਤੇ ਈਸਟ ਕੋਸਟ ਦੇ ਚੇਅਰਮੈਨ ਸਤਪਾਲ ਸਿੰਘ ਬਰਾੜ ਨੇ ਵੀ ਮਿਸ਼ਨ 2017 ਬਾਰੇ ਚਰਚਾ ਕੀਤੀ। ਉਨ੍ਹਾਂ ਨੇ ਕਿਹਾ ਕਿ ਸਾਰੇ ਜਣੇ ਹੰਭਲਾ ਮਾਰੋ ਅਤੇ ਪੰਜਾਬ ਵਿਚ ਤੀਸਰੀ ਵਾਰੀ ਸੱਤਾ ਅਕਾਲੀ ਦਲ ਦੇ ਨਾਮ ਕਰੋ। ਉਨ੍ਹਾਂ ਨੇ ਬਰਗਾੜੀ ਕਾਂਡ ਤੋਂ ਲੈ ਕੇ ਡਰੱਗ ਦੇ ਮਸਲੇ ਬਾਰੇ ਅਤੇ ਕਈ ਡਿਵੈਲਮੈਂਟ ਦੇ ਕੰਮਾਂ ਦਾ ਜ਼ਿਕਰ ਕੀਤਾ। ਹਿੰਮਤ ਸਿੰਘ ਸਰਪੰਚ ਚੇਅਰਮੈਨ ਅਕਾਲੀ ਦਲ ਨਿਊਯਾਰਕ ਨੇ ਪੰਜਾਬ ਵਿਚ ਡਰੱਗ ਦੇ ਰੌਲੇ ਬਾਰੇ ਬੋਲਦਿਆਂ ਕਿਹਾ ਕਿ ਸਭ ਤੋਂ ਵੱਧ ਤਾਂ ਡਰੱਗ ਸਾਊਥ ਅਫਰੀਕਾ ਅਤੇ ਯੂ ਐਸ ਏ ਵਿਚ ਚਲਦੀ ਹੈ। ਉਨ੍ਹਾਂ ਨੇ ਕਿਹਾ ਸਾਡੇ ਪੰਜਾਬ ਦੇ ਛੇ ਲੜਕੇ ਪਿਛਲੇ ਦੋ ਮਹੀਨਿਆਂ ਵਿਚ ਡਰੱਗ ਨਾਲ ਮਾਰੇ ਹਨ ਕੀ ਉਹ ਡਰੱਗ ਪੰਜਾਬ ਤੋਂ ਅਕਾਲੀ ਭੇਜਦੇ ਹਨ। ਉਨ੍ਹਾਂ ਨੇ ਕਿਹਾ ਪੰਜਾਬ ਨੂੰ ਸਿਰਫ਼ ਬਦਨਾਮ ਕੀਤਾ ਜਾ ਰਿਹਾ ਹੈ।

ਪ੍ਰੀਤਪ ਸਿੰਘ ਗਿਲਜੀਆ ਬੁਲਾਰਾ ਈਸਟ ਕੋਸਟ ਨੇ ਵੀ ਪੰਜਾਬ ਵਿਚ ਤੀਸਰੀ ਵਾਰ ਅਕਾਲੀ ਸਰਕਾਰ ਬਣਨ ਦਾ ਵਾਹਦਾ ਕੀਤਾ। ਉਨ੍ਹਾਂ ਨੇ ਸ੍ਰੀ ਬਾਦਲ ਨੂੰ ਪੰਜਾਬ ਦਾ ਮਹਾਨ ਲੀਡਰ ਦਸਿਆ। ਮਿਡਵੈਸਟ ਅਕਾਲੀ ਦਲ ਦੇ ਪ੍ਰਧਾਨ ਬਲਦੇਵ ਸਿੰਘ ਨੇ ਵੀ ਕਾਨਫਰੰਸ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਵੀ ਬਾਹਰਲੇ ਬੰਦਿਆਂ ਨੂੰ ਪੰਜਾਬ ਵਿਚ ਆਉਣ ਤੋਂ ਰੋਕਣ ਲਈ ਕਿਹਾ ਅਤੇ ਅਕਾਲੀ ਸਰਕਾਰ ਬਨਾਉਣ ਦਾ ਵਾਹਦਾ ਕੀਤਾ ਪੰਜਾਬ ਤੋਂ ਆਏ ਸ੍ਰਕਮੇਟੀ ਦੇ ਮੈਂਬਰ ਜਥੇਦਾਰ ਭਾਗ ਸਿੰਘ ਨੇ ਵੀ ਸੰਬੋਧਨ ਕੀਤਾ।

ਬਲਵਿੰਦਰ ਸਿੰਘ ਨਵਾਂ ਸ਼ਹਿਰ ਪ੍ਰਧਾਨ ਯੂਥ ਅਕਾਲੀ ਦਲ ਨੇ ਵੀ ਕਾਨਫਰੰਸ ਵਿਚ ਪਹੁੰਚੇ ਯੂਥ ਵਰਕਰਾਂ ਨੂੰ ਜੀ ਆਇਆ ਕਿਹਾ ਅਤੇ ਧੰਨਵਾਦ ਕੀਤਾ। ਪਰਮਜੀਤ ਸਿੰਘ ਦਾਖਾ ਕੈਲੀਫੋਰਨੀਆ ਗੁਰਦੇਵ ਸਿੰਘ ਕੰਗ ਵਰਜੀਨੀਆ, ਕੁਲਬੀਰ ਸਿੰਘ, ਪ੍ਰੇਮ ਪੁਰੀ, ਪ੍ਰਿਤਪਾਲ ਸਿੰਘ ਪ੍ਰਸਾਦ ਯੂਥ ਨਿਊਜਰਸੀ, ਪ੍ਰਤਾਪ ਸਿੰਘ, ਪ੍ਰਧਾਨ ਵਰਜੀਨੀਆ, ਪ੍ਰਤਾਪ ਸਿੰਘ ਗਿੱਲ ਪ੍ਰਧਾਨ ਵਸ਼ਿੰਗਟਨ, ਹਰਜੀਤ ਸਿੰਘ ਹੁੰਦਲ ਜਨਰਲ ਸਕੱਤਰ ਈਸਟ ਕੋਸਟ, ਇੰਦਰਜੀਤ ਸਿੰਘ ਜੀ, ਮਲਕੀਤ ਸਿੰਘ ਸ਼ਰੀਂਹ ਸੋਸ਼ਲ ਮੀਡੀਆ ਇੰਚਾਰਜ, ਤਜਿੰਦਰ ਸਿੰਘ ਨੰਗਲ ਪ੍ਰਸਾਦ ਅਕਾਲੀ ਦਲ ਨਿਊਯਾਰਕ ਨੇ ਵੀ ਕਾਨਫਰੰਸ ’ਚ ਸ਼ਾਮਲ ਡੈਲੀਗੇਟਾਂ ਨੂੰ ਸੰਬੋਧਨ ਕੀਤਾ। ਅੰਤ ਵਿਚ ਪ੍ਰਧਾਨ ਮੋਹਣ ਸਿੰਘ ਖੱਟੜਾ ਨੇ ਦੂਰ ਦੂਰ ਤੋਂ ਪਹੁੰਚੇ ਅਕਾਲੀ ਵਰਕਰਾਂ ਦਾ ਧੰਨਵਾਦ ਕੀਤਾ ਅਤੇ 2017 ਦੀਆਂ ਚੋਣਾਂ ਅਕਾਲੀ ਦਲ ਦੀ ਝੋਲੀ ਵਿਚ ਪਾਉਣ ਦਾ ਅਹਿਦ ਲਿਆ।

ਇਨ੍ਹਾਂ ਤੋਂ ਇਲਾਵਾ ਕਾਨਫਰੰਸ ਵਿੱਚ ਭਾਗ ਲੈਣ ਵਾਲੇ ਪਤਵੰਤੇ ਸਜਣਾਂ ਵਿਚ ਪ੍ਰਧਾਨ ਹਰਦੀਪ ਸਿੰਘ ਗੱਲਡੀ, ਹਰਬੰਸ ਸਿੰਘ ਸੰਧੂ ਪ੍ਰਧਾਨ ਮੈਰੀਲੈਂਡ, ਪ੍ਰੈਜੀਡੈਂਟ ਗੋਲਡੀ, ਲਾਡੀ ਬਾਜਵਾ ਵਾਈਸ ਪ੍ਰਧਾਨ ਯੂਥ, ਜਸਵੰਤ ਸਿੰਘ ਚੀਮਾ ਚੇਅਰਮੈਨ ਨਿਊਜਰਸੀ ਚੇਅਰਮੈਨ ਸਰਵਣ ਸਿੰਘ ਧਾਲੀਵਾਲ ਸਕੱਤਰ ਨਿਊਜਰਸੀ, ਮਲਕੀਤ ਸਿੰਘ ਬਗਿਆਣਾ ਪ੍ਰੈਜੀਡੈਂਟ ਯੂਥ ਨਿਊਜਰਸੀ, ਮਨਪ੍ਰੀਤ ਸਿੰਘ ਚੀਮਾ ਵਾਈਸ ਪ੍ਰੈਜੀਡੈਂਟ ਯਾਦ, ਸਰਬਜੀਤ ਸਿੰਘ ਮਿੰਟਾ ਚੇਅਰਮੈਨ ਸੁਖਜੀਤ ਸਿੰਘ ਚੌਹਾਨ ਸੈਕਟਰੀ, ਇਕਬਾਲ ਸਿੰਘ ਬਾਬੂ ਸਰਕਲ ਇਨਚਾਰਜ, ਸਾਊਥ ਜਰਸੀ, ਪਰਨਿੰਦਰ ਸਿੰਘ ਸਕਰਲ ਇਨਚਾਰਜ ਨਿਊਯਾਰਕ, ਸੋਨੂੰ ਚੱਠਾ ਵਾਈਸ ਪ੍ਰਧਾਨ ਪ੍ਰਿਤਪਾਲ ਸਿੰਘ ਮੈਰੀਲੈਂਡ ਪ੍ਰਧਾਨ ਯੂਥ ਕੰਵਲ ਸੰਧੂ ਸੈਕਟਰੀ ਜਨਰਲ ਮੈਰੀਲੈਂਡ, ਜਗਮੋਹਨ ਸਿੰਘ, ਅਮਨ ਬਰਾੜ ਚੇਅਰਮੈਨ ਡੀ ਸੀ, ਸੀਨੀਅਰ ਮੀਤ ਪ੍ਰਧਾਨ ਰਣਜੀਤ ਸਿੰਘ ਮਹਿਮਦਪੁਰ, ਮਾਹਿੰਦਰ ਸਿੰਘ, ਗੁਰਮੀਤ ਸਿੰਘ, ਰਘਬੀਰ ਸਿੰਘ ਬੱਬੀ ਪ੍ਰਧਾਨ ਗੁਰਦੁਆਰਾ ਮੱਖਣ ਸ਼ਾਹ ਲੁਬਾਣਾ ਅਤੇ ਗਰੀਬ ਸਿੰਘ ਚੇਅਰਮੈਨ ਪ੍ਰਿਤਪਾਲ ਸਿੰਘ ਟਿਹਾਣਾ, ਬਲਕਾਰ ਸਿੰਘ ਸੱਲਾ ਅਤੇ ਹਾਕਮ ਸਿੰਘ ਸ਼ਾਮਲ ਸਨ। ਸਕੱਤਰ ਜਨਰਲ ਕਸ਼ਮੀਰ ਸਿੰਘ ਪਿਹੋਵਾ ਨੇ ਦਾ ਪ੍ਰੋਗਰਾਮ ਬਾਖੂਬੀ ਨਿਭਾਇਆ।

---

**ਬਾਕੀ**

## ਭੁਪਾਲ : 8 ਸਿਮੀ ਕਾਰਕੁਨਾਂ ਦੇ ਫਰਜ਼ੀ ਮੁਕਾਬਲੇ ਨੇ ਖੜ੍ਹੇ ਕੀਤੇ ਸਵਾਲ

ਸਨ। ਮ੍ਰਿਤਕਾਂ ਦੀ ਤਲਾਸ਼ੀ ਦੌਰਾਨ ਦਸਤਾਨੇ ਪਾਉਣ ਵਰਗੀਆਂ ਸਾਵਧਾਨੀਆਂ ਤਕ ਨਹੀਂ ਵਰਤੀਆਂ ਗਈਆਂ। ਸਵਾਲ ਇਹ ਵੀ ਹੈ ਕਿ ਜੇਕਰ ਮ੍ਰਿਤਕਾਂ ਨੂੰ ਜੇਲ੍ਹ ’ਚੋਂ ਭੱਜਣ ਮਗਰੋਂ ਕਿਸੇ ਨੇ ਕੱਪੜੇ, ਘੜੀਆਂ ਤੇ ਜੁੱਤੇ ਮੁਹੱਈਆ ਕਰਵਾਏ ਤਾਂ ਫਿਰ ਉਨ੍ਹਾਂ ਨੂੰ ਭੱਜਣ ਲਈ ਵਾਹਨ ਕਿਉਂ ਨਹੀਂ ਮਿਲੇ ਤੇ ਉਹ ਘੰਟਿਆਂ ਬਾਅਦ ਵੀ ਇਕੱਠੇ ਹੀ ਕਿਉਂ ਸਨ ? ਜਿਹੜੇ ਤਿੰਨ ਪੁਲੀਸ ਵਾਲੇ ਜ਼ਖ਼ਮੀ ਹੋਏ, ਉਨ੍ਹਾਂ ਨੂੰ ਵੀ ਗੋਲੀ ਲੱਗਣ ਦੇ ਜ਼ਖ਼ਮ ਨਹੀਂ। ਇਹੀ ਨਹੀਂ, ਸਵਾਲ ਇਹ ਵੀ ਹੈ ਕਿ ਇਨ੍ਹਾਂ ਕੈਦੀਆਂ ਕੋਲ ਏਨੀਆਂ ਚਾਦਰਾਂ ਕਿਥੋਂ ਆਈਆਂ ਤੇ ਟੂੱਥ ਬਰੱਸ਼ ਨਾਲ ਉਨ੍ਹਾਂ ਨੇ ਚਾਬੀ ਕਿਵੇਂ ਬਣਾਈ। ਅਜਿਹੇ ਸਵਾਲਾਂ ਦਾ ਸਹੀ ਜਵਾਬ ਕੈਦੀਆਂ ਦੇ ਜੇਲ੍ਹ ’ਚੋਂ ਭੱਜਣ ਤੋਂ ਲੈ ਕੇ ਮਾਰੇ ਜਾਣ ਤਕ ਪੂਰੇ ਘਟਨਾਕ੍ਰਮ ਦੀ ਵਿਆਪਕ ਤੇ ਨਿਰਪੱਖ ਜਾਂਚ ਨਾਲ ਹੀ ਸਾਹਮਣੇ ਆ ਸਕਣਗੇ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ 1997 ਵਿਚ ਕਿਹਾ ਸੀ ਕਿ ਹਰ ਮੁਕਾਬਲੇ ਦੀ ਨਿਆਂਇਕ ਜਾਂਚ ਜ਼ਰੂਰੀ ਹੈ।

ਇਨ੍ਹਾਂ ਸਿਮੀ ਕਾਰਕੁਨਾਂ ਦੇ ਵਕੀਲ ਪਰਵੇਜ਼ ਆਲਮ ਨੇ ਪੁਲੀਸ ਦੇ ਉਸ ਦਾਅਵੇ ’ਤੇ ਸਵਾਲ ਖੜ੍ਹੇ ਕੀਤੇ ਹਨ, ਜਿਸ ਵਿਚ ਕਿਹਾ ਗਿਆ ਸੀ ਕਿ ਕੈਦੀਆਂ ਨੇ ਕਈ ਉਚੀਆਂ ਉਚੀਆਂ ਦੀਵਾਰਾਂ ਟੱਪੀਆਂ ਤੇ ਸਖ਼ਤ ਸੁਰੱਖਿਆ ਵਾਲੀ ਸੈਂਟਰਲ ਜੇਲ੍ਹ ਦੇ ਦਰਵਾਜ਼ਿਆਂ ਵਿਚ ਲੱਗੇ ਤਾਲੇ ਟੂੱਥ ਬਰੱਸ਼ ਨਾਲ ਬਣੀਆਂ ਚਾਬੀਆਂ ਨਾਲ ਖੋਲ੍ਹ ਦਿੱਤੇ। ਵਕੀਲ ਨੇ ਕਿਹਾ ਕਿ ਇਨ੍ਹਾਂ 8 ਲੋਕਾਂ, ਜੋ ਪਾਬੰਦੀਸ਼ੁਦਾ ਸਿਮੀ ਨਾਲ ਜੁੜੇ ਸਨ, ਦੇ ਪਰਿਵਾਰ ਵਾਲੇ ਮੱਧ ਪ੍ਰਦੇਸ਼ ਹਾਈ ਕੋਰਟ ਜਾਣਗੇ ਤੇ ਪੁਲੀਸ ਵਲੋਂ ਉਨ੍ਹਾਂ ਨੂੰ ਮਾਰੇ ਜਾਣ ਦੀ ਸੀ.ਬੀ.ਆਈ. ਜਾਂਚ ਦੀ ਮੰਗ ਕਰਨਗੇ, ਜੋ ਉਨ੍ਹਾਂ ਮੁਤਾਬਕ ਸੋਚ-ਸਮਝ ਕੇ ਕੀਤੀ ਗਈ ਹੱਤਿਆ ਹੈ। ਉਧਰ ਮੱਧ ਪ੍ਰਦੇਸ਼ ਸਰਕਾਰ ਨੇ ਸਾਫ਼ ਕਰ ਦਿੱਤਾ ਹੈ ਕਿ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨ. ਆਈ.ਏ.) ਸਿਰਫ਼ ਜੇਲ੍ਹ ਬਰੇਕ ਦੀ ਘਟਨਾ ਦੀ ਜਾਂਚ ਕਰੇਗੀ, ਕੈਦੀਆਂ ਦੇ ਮਾਰੇ ਜਾਣ ਦੀ ਨਹੀਂ। ਗ੍ਰਹਿ ਮੰਤਰੀ ਭੁਪਿੰਦਰ ਸਿੰਘ ਨੇ ਕਿਹਾ ਕਿ ਕੈਦੀਆਂ ਦੇ ਮਾਰੇ ਜਾਣ ਦੀ ਜਾਂਚ ਮੱਧ ਪ੍ਰਦੇਸ਼ ਪੁਲੀਸ ਦੀ ਵਿਸ਼ੇਸ਼ ਟੀਮ ਕਰੇਗੀ। ਵੀਡੀਓ ਵਿਚ ਸ਼ੂਟਆਊਟ ਦੇ ਕੋਈ ਸੰਕੇਤ ਨਹੀਂ ਮਿਲਦੇ ਤੇ ਪੁਲੀਸ ਵਾਲੇ ਕਾਫ਼ੀ ਨਜ਼ਦੀਕ ਤੋਂ ਕੈਦੀਆਂ ਨੂੰ ਮਾਰਦੇ ਦਿਖਾਈ ਦੇ ਰਹੇ ਹਨ। ਇਸ ਤੋਂ ਬਾਅਦ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਮੱਧ ਪ੍ਰਦੇਸ਼ ਦੀ ਸ਼ਿਵਰਾਜ ਸਿੰਘ ਚੌਹਾਨ ਸਰਕਾਰ ਤੇ ਪੁਲੀਸ ਤੋਂ ਸਪਸ਼ਟੀਕਰਨ ਮੰਗਿਆ ਹੈ।

ਜ਼ਿਕਰਯੋਗ ਹੈ ਕਿ ਮੱਧ ਪ੍ਰਦੇਸ਼ ਦੀ ਉੱਚ ਸੁਰੱਖਿਆ ਵਾਲੀ ਭੁਪਾਲ ਕੇਂਦਰੀ ਜੇਲ੍ਹ ਦੇ ਸੁਰੱਖਿਆ ਕਰਮੀ ਦੀ ਕਥਿਤ ਹੱਤਿਆ ਕਰ ਕੇ ਭੱਜੇ ਸਿਮੀ ਦੇ 8 ਕਾਰਕੁਨਾਂ ਨੂੰ ਕੁਝ ਘੰਟਿਆਂ ਬਾਅਦ ਹੀ ਸ਼ਹਿਰ ਦੇ ਬਾਹਰਵਾਰ ਪੁਲੀਸ ਨੇ ਮੁਕਾਬਲੇ ਵਿੱਚ ਮਾਰ ਮੁਕਾਇਆ ਸੀ। ਮੱਧ ਪ੍ਰਦੇਸ਼ ਸਰਕਾਰ ਨੇ ਕੁਤਾਹੀ ਲਈ ਜੇਲ੍ਹ ਸੁਪਰਡੈਂਟ ਸਮੇਤ ਚਾਰ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਸੀ।

### ਵਿਰੋਧੀ ਧਿਰਾਂ ਨੇ ਮੰਗੀ ਜਾਂਚ

ਕਰਦਿਆਂ ਕਿਹਾ ਕਿ ਜਿਸ ਢੰਗ ਨਾਲ ਮਾਲੇਗਾਉਂ ਬੰਬ ਧਮਾਕੇ ਦੀ ਜਾਂਚ ਹੋਈ ਹੈ, ਉਸ ਤੋਂ ਐਨਆਈਏ ਦੀ ਸਾਖ਼ ਡਿੱਗੀ ਹੈ। ਕਾਂਗਰਸ ਆਗੂਆਂ ਕਮਲਨਾਥ ਅਤੇ ਦਿਗਵਿਜੈ ਸਿੰਘ ਨੇ ਜੁਡੀਸ਼ਲ ਜਾਂਚ ਦੀ ਮੰਗ ਕਰਦਿਆਂ ਕਿਹਾ ਕਿ ਸਰਕਾਰ ਇਸ ਤੋਂ ਭੱਜ ਨਹੀਂ ਸਕਦੀ ਹੈ। ਸੀਪੀਐਮ ਆਗੂ ਬਰਿੰਦਾ ਕਰਤ ਨੇ ਕਿਹਾ ਕਿ ਮੁਕਾਬਲਾ ਸ਼ੱਕੀ ਜਾਪਦਾ ਹੈ ਅਤੇ ਸਰਕਾਰ ਨੂੰ ਇਸ ਦੀ ਕਿਸੇ ਜੱਜ ਦੀ ਨਿਗਰਾਨੀ ਹੇਠ ਜਾਂਚ ਕਰਾਉਣੀ ਚਾਹੀਦੀ ਹੈ। ਉਧਰ ਭਾਜਪਾ ਆਗੂ ਸਿਧਾਰਥ ਨਾਥ ਸਿੰਘ ਅਤੇ ਜੀਵੀਐਲ ਨਰਸਿਮਹਾ ਨੇ ਕਾਂਗਰਸ ’ਤੇ ਵਰ੍ਹਦਿਆਂ ਕਿਹਾ ਕਿ ਉਹ ਮੁਕਾਬਲੇ ਨੂੰ ਸਿਆਸੀ ਰੰਗਤ ਦੇਣ ਦੀ ਕੋਸ਼ਿਸ਼ ਕਰ ਰਹੀ ਹੈ।

### ਸਿੱਧੂ ’ਤੇ ਕਾਂਗਰਸ-‘ਆਪ’ ਕਦੇ ਨਰਮ, ਕਦੇ ਗਰਮ

ਕਰ ਰਹੀ ਹੈ। ਪਰ ਇਨ੍ਹਾਂ ਨਾਲ ਹੀ ਚੌਥਾ ਫ਼ਰੰਟ ਆਪਣੇ ਲਈ ਸਿਆਸੀ ਢੋਈ ਲਭਦਾ ਨਜ਼ਰ ਆ ਰਿਹਾ ਹੈ। ਸਭ ਤੋਂ ਹਾਸੋਹੀਣੀ ਹਾਲਤ ਨਵਜੋਤ ਸਿੰਘ ਸਿੱਧੂ ਦੇ ਆਵਾਜ਼-ਏ-ਪੰਜਾਬ ਦੀ ਪ੍ਰਤੀਤ ਹੋ ਰਹੀ ਹੈ। ਨਵਜੋਤ ਸਿੱਧੂ ਨਿਤ ਹੀ ਆਪਣੇ-ਆਪ ਨੂੰ ਕਦੇ ਕਾਂਗਰਸ ਦੇ ਹਵਾਲੇ ਤੇ ਕਦੇ ‘ਆਪ’ ਦੀ ਝੋਲੀ ਵਿਚ ਸੁੱਟਣ ਲਈ ਉਤਾਵਲੇ ਨਜ਼ਰ ਆਉਂਦੇ ਹਨ ਪਰ ਫ਼ੈਸਲਾ ਕੋਈ ਨਹੀਂ ਕਰ ਪਾ ਰਹੇ। ਉਧਰ ਸਿੱਧੂ ਨੂੰ ਲੈ ਕੇ ਕਾਂਗਰਸ ਦਾ ਮਿਜਾਜ਼ ਕਦੇ ਗਰਮ ਹੋ ਜਾਂਦਾ ਹੈ ਤੇ ਕਦੇ ਨਰਮ ਪੈ ਜਾਂਦਾ ਹੈ। ਇਹੋ ਹਾਲਤ ਆਮ ਆਦਮੀ ਪਾਰਟੀ ਦੀ ਹੈ ਜੋ ਕਦੇ ਤਾਂ ਬਾਹਾਂ ਅੱਡੀ ਸਿੱਧੂ ਦੇ ਸਵਾਗਤ ਲਈ ਤਿਆਰ ਹੁੰਦੀ ਹੈ ਤੇ ਅਗਲੇ ਹੀ ਪਲ ਸਿੱਧੂ ਨੂੰ ‘ਅੱਖਾਂ’ ਵੀ ਦਿਖਾ ਦਿੰਦੀ ਹੈ। ਸਿੱਧੂ ਦੇ ਸੰਗੀ ਸਾਥੀ ਪਰਗਟ ਸਿੰਘ ਤੇ ਬੈਂਸ ਭਰਾ ਵੀ ਸਿੱਧੂ ਦੇ ਕੋਈ ਫ਼ੈਸਲਾ ਨਾ ਕਰ ਸਕਣ ਕਾਰਨ ਉਨ੍ਹਾਂ ਨੂੰ ਅੱਖਾਂ ਦਿਖਾ ਚੁੱਕੇ ਹਨ।

ਇਸ ਸਭ ਦੌਰਾਨ ਚੌਥਾ ਫਰੰਟ ਬਣਨ ਦੀਆਂ ਸੰਭਾਵਨਾਂ ਮੱਧਮ ਪੈਂਦੀਆਂ ਜਾਪਦੀਆਂ ਹਨ। ਆਪਣਾ ਪੰਜਾਬ ਪਾਰਟੀ ਦੇ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਵਲੋਂ ਆਪਣੇ ਬਲਬੂਤੇ ਚੋਣਾਂ ਲੜਨ ਦੀ ਤਿਆਰੀ ਅਤੇ ਨਵਜੋਤ ਸਿੰਘ ਸਿੱਧੂ ਵਲੋਂ ਕਾਂਗਰਸ ਜਾਂ ‘ਆਪ’ ਨਾਲ ਹੱਥ ਮਿਲਾਉਣ ਦੇ ਕੀਤੇ ਜਾ ਰਹੇ ਯਤਨਾਂ ਕਾਰਨ ਚੌਥਾ ਫਰੰਟ ਬਣਨ ਦਾ ਰਾਹ ਬੰਦ ਹੁੰਦਾ ਜਾ ਰਿਹਾ ਹੈ। ਦੂਜੇ ਪਾਸੇ ‘ਆਪ’ ਤੋਂ ਮੁਅੱਤਲ ਸੰਸਦ ਮੈਂਬਰ ਧਰਮਵੀਰ ਗਾਂਧੀ ਵਲੋਂ ਬਣਾਈ ਸਟੀਅਰਿੰਗ ਕਮੇਟੀ ਨੇ ਸਾਰੀਆਂ ਧਿਰਾਂ ਨੂੰ ਇਕੱਠੇ ਕਰਨ ਲਈ 4 ਨਵੰਬਰ ਨੂੰ ਸਾਂਝੀ ਮੀਟਿੰਗ ਸੱਦੀ ਹੈ।

ਸ੍ਰੀ ਛੋਟੇਪੁਰ ਨੇ ਵੀ ਸਿੱਧੂ ਅਤੇ ਉਨ੍ਹਾਂ ਦੀ ਟੀਮ ਨੂੰ ਪਹਿਲੀ ਨਵੰਬਰ ਤੱਕ ਚੌਥਾ ਫਰੰਟ ਬਣਾਉਣ ਲਈ ਅਲਟੀਮੇਟਮ ਦੇ ਕੇ ਆਪਣੇ ਪੱਧਰ ’ਤੇ ਉਮੀਦਵਾਰ ਐਲਾਨਣ ਦਾ ਫ਼ੈਸਲਾ ਕੀਤਾ ਸੀ ਪਰ ਉਹ ਵੀ ਕੋਈ ਠੋਸ ਫ਼ੈਸਲਾ ਲੈਣ ਦੇ ਸਮਰਥ ਨਜ਼ਰ ਨਹੀਂ ਆ ਰਹੇ। ਆਪਣਾ ਪੰਜਾਬ ਪਾਰਟੀ ਦੀ ਮੀਡੀਆ ਟੀਮ ਦੇ ਇੰਚਾਰਜ ਕਰਨਲ ਜੇ.ਐਸ. ਗਿੱਲ ਨੇ ਕਿਹਾ ਕਿ ਹੋਰ ਧਿਰਾਂ ਦੀ ਬਹੁਤ ਉਡੀਕ ਕਰ ਲਈ ਹੈ ਅਤੇ ਪਾਰਟੀ ਇਕ-ਅੱਧੇ ਦਿਨ ਵਿੱਚ ਆਪਣੇ ਘੱਟੋ-ਘੱਟ 10 ਉਮੀਦਵਾਰਾਂ ਦਾ ਐਲਾਨ ਕਰ ਦੇਵੇਗੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਸੀਪੀਆਈ ਤੇ ਸੀਪੀਆਈ (ਐਮ) ਨਾਲ ਗੱਲ ਹੋਈ ਹੈ।

ਡਾ. ਗਾਂਧੀ ਵਲੋਂ ਬਣਾਈ ਸਟੀਅਰਿੰਗ ਕਮੇਟੀ ਦੇ ਬੁਲਾਰੇ ਪ੍ਰੋ. ਮਨਜੀਤ ਸਿੰਘ ਨੇ ਦੱਸਿਆ ਕਿ 4 ਨਵੰਬਰ ਨੂੰ ਸਾਰੀਆਂ ਹਮਖਿਆਲ ਧਿਰਾਂ ਦੀ ਸਾਂਝੀ ਮੀਟਿੰਗ ਕਰ ਕੇ ਚੌਥੇ ਫਰੰਟ ਦੀ ਉਸਾਰੀ ਲਈ ਯਤਨ ਕੀਤੇ ਜਾਣਗੇ। ਮੀਟਿੰਗ ਵਿੱਚ ਖੱਬੀਆਂ ਧਿਰਾਂ ਸਮੇਤ ਨਵੇਂ ਬਣੇ ਅਖੰਡ ਅਕਾਲੀ ਦਲ ਨੂੰ ਵੀ ਸੱਦਿਆ ਗਿਆ ਹੈ। ਦੱਸਣਯੋਗ ਹੈ ਕਿ ‘ਆਪ’ ਵਿੱਚੋਂ ਨਿਕਲ ਕੇ ਸਵਰਾਜ ਇੰਡੀਆ ਪਾਰਟੀ ਬਣਾਉਣ ਵਾਲੇ ਯੋਗੇਂਦਰ ਯਾਦਵ ਨੇ ਵੀ ਇਸ ਫਰੰਟ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ।

ਇਸ ਦੌਰਾਨ ‘ਆਪ’ ਬਾਕੀ ਬਚਦੇ 56 ਉਮੀਦਵਾਰਾਂ ਦੀ ਚੋਣ ਦੀ ਪ੍ਰਕਿਰਿਆ ਨੂੰ ਤੇਜ਼ੀ ਨਾਲ ਅੰਤਮ ਰੂਪ ਦੇ ਰਹੀ ਹੈ। ਪਾਰਟੀ ਵਲੋਂ ਵਿਧਾਨ ਸਭਾ ਹਲਕਿਅੰ ਵਿੱਚ ਉਮੀਦਵਾਰਾਂ ਲਈ ਵੋਟਿੰਗ ਕਰਵਾਉਣ ਦੀ ਪ੍ਰਕਿਰਿਆ ਚਲਾਈ ਜਾ ਰਹੀ ਹੈ ਅਤੇ ਚੰਡੀਗੜ੍ਹ ਵਿੱਚ ਡੇਰਾ ਲਾਈ ਬੈਠੇ ਆਗੂ ਉਮੀਦਵਾਰਾਂ ਦੀ ਇੰਟਰਵਿਊ ਕਰ ਕੇ ਨਾਵਾਂ ਨੂੰ ਅੰਤਿਮ ਰੂਪ ਦੇ ਰਹੇ ਹਨ।

# ਸਨਵਾਕੀਨ ਵਿਖੇ ਪਰਿਵਾਰਕ ਪਿਕਨਿਕ ਦੌਰਾਨ ਰਵਾਇਤੀ ਖੇਡਾਂ ਦਾ ਸ਼ਾਨਦਾਰ ਪ੍ਰਦਰਸ਼ਨ

**ਸਨਵਾਕੀਨ/(ਕੁਲਵੰਤ ਧਾਲੀਆਂ/ਨੀਟਾ ਮਾਛੀਕੇ):**
ਸਨਵਾਕੀਨ ਸ਼ਹਿਰ ਦੇ ਪੰਜਾਬੀ ਪਰਿਵਾਰਾਂ ਨੇ ਆਪਣੇ ਰੁਝੇਵਿਆਂ 'ਚੋਂ ਥੋੜ੍ਹੀ ਵਿਹਲ ਕੱਢ ਕੇ ਪਿਕਨਿਕ ਮਨਾਈ, ਜਿਸ ਦੌਰਾਨ ਪੰਜਾਬ ਦੀਆਂ ਵਿਸਰ ਰਹੀਆਂ ਰਵਾਇਤੀ ਖੇਡਾਂ ਅਤੇ ਰਸਮਾਂ ਦਾ ਪਰਦਰਸ਼ਨ ਕਰਦਿਆਂ ਖ਼ੂਬ ਅਨੰਦ ਮਾਣਿਆ ਗਿਆ। ਇਸ ਪਿਕਨਿਕ ਵਿੱਚ ਛੋਟੀ ਉਮਰ ਦੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਲਈ ਖੇਡਾਂ ਦਾ ਪ੍ਰਬੰਧ ਕੀਤਾ ਗਿਆ ਸੀ। ਵੱਖ-ਵੱਖ ਉਮਰ ਵਰਗ ਦੇ ਬੱਚਿਆਂ ਅਤੇ ਬਜ਼ੁਰਗਾਂ ਦੀਆਂ ਦੌੜਾ, ਬਾਸਕਟ ਬਾਲ, ਵਾਲੀਬਾਲ, ਰੱਸਾਕਸ਼ੀ, ਚਾਟੀ ਰੇਸ, ਤਿੰਨ ਟੰਗੀ ਰੇਸ, ਘੋੜਾ ਕਬੱਡੀ, ਬੋਲੀਆਂ ਦਾ ਮੁਕਾਬਲਾ, ਗਿੱਧਾ, ਭੰਗੜਾ ਕਰਵਾਏ ਗਏ। ਇਸ ਸਮੇਂ ਕਰਮਨ ਪੰਜਾਬੀ ਸਕੂਲ, ਜੀ.ਐਚ.ਜੀ. ਅਕੈਡਮੀ ਅਤੇ ਹੋਰ ਸਥਾਨਕ ਸਕੂਲਾਂ ਦੇ ਬੱਚਿਆਂ ਨੇ ਗਿੱਧੇ ਅਤੇ ਭੰਗੜੇ ਵਿਚ ਧਮਾਲਾਂ ਪਾਈਆਂ। ਔਰਤਾਂ ਦੀਆਂ ਖੇਡਾਂ ਵੀ ਦਰਸ਼ਕਾਂ ਲਈ ਖਿੱਚ ਦਾ ਕੇਂਦਰ ਰਹੀਆਂ।

ਇਸ ਸਮੇਂ ਗਾਇਕ ਜੀਤ ਜਗਜੀਤ ਨੇ ਵੀ ਹਾਜ਼ਰੀਨ ਦਾ ਭਰਪੂਰ ਮਨੋਰੰਜਨ ਕੀਤਾ। ਭਾਰਤ ਤੋਂ ਆਈ ਬਹੁਪੱਖੀ ਸ਼ਖ਼ਸੀਅਤ ਅਸ਼ੋਕ ਬਾਂਸਲ ਮਾਨਸਾ ਨੇ ਬਤੌਰ ਮਹਿਮਾਨ ਹਾਜ਼ਰੀ ਲਾਈ ਅਤੇ ਇਸ ਪਰੰਪਰਾ ਦੀ ਸ਼ਲਾਘਾ ਕੀਤੀ। ਖੇਡਾਂ ਵਿੱਚ ਹਿੱਸਾ ਲੈਣ ਵਾਲੇ ਬਜ਼ੁਰਗਾਂ, ਔਰਤਾਂ ਅਤੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦਾ ਮੰਚ ਸੰਚਾਲਨ ਬੀਬੀ ਆਸ਼ਾ ਸ਼ਰਮਾ ਨੇ ਕੀਤਾ। ਇਸ ਪਰਿਵਾਰਕ ਪਿਕਨਿਕ ਲਈ ਗੁਰੂ ਨਾਨਕ ਸਪੋਰਟਸ ਕਲੱਬ ਦੇ ਸਮੂਹ ਮੈਂਬਰ ਵਧਾਈ ਦੇ ਪਾਤਰ ਹਨ ਜੋ ਹਰ ਸਾਲ ਇਨ੍ਹਾਂ ਰਵਾਇਤੀ ਖੇਡਾਂ ਅਤੇ ਰਸਮਾਂ ਨੂੰ ਪਿਕਨਿਕ ਵਜੋਂ ਕਰਵਾ ਕੇ ਪੰਜਾਬੀਅਤ ਦੇ ਵਿਕਾਸ ਵਿੱਚ ਹਿੱਸਾ ਪਾ ਰਹੇ ਹਨ।





## ਭਾਰਤੀ-ਅਮਰੀਕੀਆਂ ਨੇ ਹਿਲੇਰੀ ਦੇ ਪ੍ਰਚਾਰ ਲਈ ਜੁਟਾਏ ਇਕ ਕਰੋੜ ਡਾਲਰ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਭਾਰਤੀ-ਅਮਰੀਕੀਆਂ ਨੇ ਡੈਮੋਕਰੇਟਿਕ ਪਾਰਟੀ ਦੀ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਹਿਲੇਰੀ ਕਲਿੰਟਨ ਦੇ ਚੋਣ ਪ੍ਰਚਾਰ ਲਈ ਇਕ ਕਰੋੜ ਡਾਲਰ ਇਕੱਠੇ ਕੀਤੇ ਹਨ। ਸੂਤਰਾਂ ਮੁਤਾਬਕ ਮੈਰੀਲੈਂਡ ਦੇ ਫਰੈਂਕ ਇਸਲਾਮ ਅਤੇ ਕੈਲੀਫੋਰਨੀਆ ਦੀ ਸ਼ੇਫਾਲੀ ਰਾਜ਼ਦਾਨ ਦੁੱਗਲ ਨੇ 10-10 ਲੱਖ ਡਾਲਰ ਜਮ੍ਹਾਂ ਕੀਤੇ ਹਨ। ਜ਼ਿਕਰਯੋਗ ਹੈ ਕਿ ਹਿਲੇਰੀ ਦੀ ਪ੍ਰਚਾਰ ਮੁਹਿੰਮ ਵਾਲੇ ਫੰਡ ਇਕੱਤਰ ਕਰਨ ਵਾਲਿਆਂ ਅਤੇ ਪੈਸਿਆਂ ਦਾ ਕੋਈ ਵੇਰਵਾ ਨਹੀਂ ਦਿੰਦੇ ਹਨ।



## ਪੰਜਾਬ 'ਚ ਫ਼ਿਲਮ '31 ਅਕਤੂਬਰ' ਹੋਈ ਟੈਕਸ ਮੁਕਤ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਸਰਕਾਰ ਨੇ ਫਿਲਮ '31 ਅਕਤੂਬਰ' ਦਾ ਮਨੋਰੰਜਨ ਟੈਕਸ ਮੁਆਫ਼ ਕਰ ਦਿੱਤਾ ਹੈ। ਸਰਕਾਰ ਨੇ ਇਹ ਫ਼ੈਸਲਾ ਫਿਲਮ ਦੇ ਲੇਖਕ ਅਤੇ ਨਿਰਮਾਤਾ ਹੈਰੀ ਸਚਦੇਵਾ ਨਾਲ ਮੁਲਾਕਾਤ ਤੋਂ ਬਾਅਦ ਕੀਤਾ ਹੈ।

ਹੈਰੀ ਸਚਦੇਵਾ ਨੇ ਪੰਜਾਬ ਸਰਕਾਰ ਅਤੇ ਹੋਰ ਸਿੱਖ ਸੰਸਥਾਵਾਂ ਵੱਲੋਂ ਇਸ ਫਿਲਮ ਦੀ ਮਦਦ ਕਰਨ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਸ ਨੇ 32 ਸਾਲ ਪਹਿਲਾਂ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੋਈ ਹੱਤਿਆ ਤੋਂ ਬਾਅਦ ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਸਿੱਖਾਂ ਦੇ ਹੋਏ ਕਤਲੇਆਮ ਲਈ ਇਨਸਾਫ ਦਿਵਾਉਣ ਅਤੇ ਨਵੀਂ ਪੀੜ੍ਹੀ ਨੂੰ ਇਸ ਦੁਖਾਂਤ ਤੋਂ ਜਾਣੂ ਕਰਵਾਉਣ ਲਈ ਇਹ ਫਿਲਮ ਬਣਾਈ ਹੈ। ਹੈਰੀ ਨੇ ਦੱਸਿਆ ਕਿ ਉਸ ਨੇ ਖੁਦ 31 ਅਕਤੂਬਰ ਦਾ ਦੁਖਾਂਤ ਹੰਢਾਇਆ ਹੈ। ਜਦੋਂ ਦਿੱਲੀ ਵਿਖੇ ਕਤਲੇਆਮ ਚੱਲ ਰਿਹਾ ਸੀ ਤਾਂ ਉਸ ਦੇ ਮਾਪਿਆਂ ਨੇ ਉਸ ਦੇ ਗੁੱਤਾਂ ਕਰਕੇ ਅਤੇ ਫਰਾਕ ਪਹਿਨਾ ਕੇ ਬਚਾਇਆ ਸੀ। ਉਨ੍ਹਾਂ ਕਿਹਾ ਕਿ ਇਹ ਕੋਈ ਦੋ ਫਿਰਕਿਆਂ ਵਿੱਚ ਹੋਏ ਫਸਾਦ ਨਹੀਂ ਸਨ ਸਗੋਂ ਨਸਲਕੁਸ਼ੀ ਅਤੇ ਕਤਲੇਆਮ ਸੀ ਕਿਉਂਕਿ ਜੇ ਉਸ ਵੇਲੇ ਹਿੰਦੂ ਭਾਈਚਾਰਾ ਵਿਸ਼ਾਲਦਿਲੀ ਨਾਲ ਸਿੱਖਾਂ ਨੂੰ ਨਾ ਬਚਾਉਂਦਾ ਤਾਂ ਇਹ ਕਤਲੇਆਮ ਹੋਰ ਭਿਆਨਕ ਹੋਣਾ ਸੀ। ਹੈਰੀ ਨੇ ਦੱਸਿਆ ਕਿ ਇਸ ਫਿਲਮ ਦੀ ਸ਼ੂਟਿੰਗ ਪੰਜਾਬ ਦੇ ਇੱਕ ਪਿੰਡ ਘੁੰਗਰਾਣਾ (ਲੁਧਿਆਣਾ) ਨੂੰ ਦਿੱਲੀ ਦੀ ਦਿੱਖ ਦੇ ਕੇ ਕੀਤੀ ਗਈ ਹੈ। ਇਸ ਤੋਂ ਇਲਾਵਾ ਦਿੱਲੀ ਤੇ ਮੁੰਬਈ ਵਿੱਚ ਸ਼ੂਟਿੰਗ ਕੀਤੀ ਗਈ ਹੈ। ਫਿਲਮ ਦੇ ਲੀਡ ਰੋਲ ਵਿੱਚ ਸੋਹਾ ਅਲੀ ਖਾਨ ਨੇ ਤਜਿੰਦਰ ਕੌਰ ਅਤੇ ਵੀਰਦਾਸ ਨੇ ਦਵਿੰਦਰ ਸਿੰਘ ਦੀਆਂ ਅਹਿਮ ਭੂਮਿਕਾਵਾਂ ਨਿਭਾਈਆਂ ਹਨ ਅਤੇ ਇਹ ਫਿਲਮ ਦੁਖਾਂਤ ਭਰੀ ਰਾਤ 'ਤੇ ਅਧਾਰਤ ਹੈ। ਪਿਛਲੇ ਹਫ਼ਤੇ ਰਿਲੀਜ਼ ਹੋਈ ਇਸ ਫਿਲਮ ਨੇ ਹੁਣ ਤੱਕ ਸੰਸਾਰ ਭਰ ਵਿਚੋਂ 7.50 ਕਰੋੜ ਦੀ ਕਮਾਈ ਕਰ ਲਈ ਹੈ।





ਜੀਵਨ ਬੀਮਾ ਪਲਾਨ

1. ਸਾਰੀ ਜ਼ਿੰਦਗੀ ਲਿਵਿੰਗ ਬੈਨੀਫਿਟ, ਜੇ ਕਿਸੇ ਨੂੰ ਦਿਲ ਦਾ ਦੌਰਾ (ਹਾਰਟ ਅਟੈਕ), ਸਟਰੋਕ, ਇਨਵੈਸਿਵ ਕੈਂਸਰ, ਮੇਜਰ ਔਰਗਨ ਟਰਾਂਸਪਲਾਂਟ, (ਅੰਗ ਬਦਲੀ), ਅਧਰੰਗ, ਆਖਰੀ ਪੜਾਅ 'ਤੇ ਗੁਰਦੇ ਖ਼ਰਾਬ ਹੋਣ ਅਤੇ ਵਿਅਕਤੀ ਬਚ ਜਾਵੇ ਤਾਂ ਉਹ ਜਿਉਂਦੇ ਜੀਅ 85% ਰਕਮ ਹਾਸਲ ਕਰ ਸਕਦਾ ਹੈ ਤੇ ਰਹਿੰਦੀ ਰਕਮ ਮੌਤ ਤੋਂ ਬਾਅਦ ਦਿੱਤੀ ਜਾਂਦੀ ਹੈ।
2. ਤਾਅ ਜ਼ਿੰਦਗੀ ਪ੍ਰੀਮੀਅਮ ਵਾਪਸੀ
3. ਪੂਰੀ ਜਿੰਦਗੀ ਅਤੇ ਯੂਨੀਵਰਸਲ ਲਾਈਫ ਮੌਤ ਹੋਣ ਉਤੇ ਕੈਸ਼ ਦੀ ਗਰੰਟੀ, ਇਹ ਰਕਮ ਪਹਿਲਾਂ ਰਿਟਾਇਰਮੈਂਟ 'ਤੇ ਜਾਂ ਤੁਹਾਡੇ ਬੱਚਿਆਂ ਲਈ ਕਾਲਿਜ ਫੰਡ ਲਈ ਵਰਤੀ ਜਾ ਸਕਦੀ ਹੈ।
4. ਬਜ਼ੁਰਗਾਂ ਲਈ ਫਾਈਨਲ ਐਕਸਪੈਂਸ ਪਲਾਨ ਜਿਸ ਲਈ ਕੋਈ ਟੈਸਟ ਜਾਂ ਮੈਡੀਕਲ ਜਾਂਚ ਨਹੀਂ।

ਸਾਰੀਆਂ ਚੋਟੀ ਦੀਆਂ A+ ਰੇਟਡ ਕੰਪਨੀਆਂ ਜਿਵੇਂ ਕਿ ਐਗਲਾ, ਏਆਈਜੀ, ਜੈਨਵਰਥ, ਓਹਾਈਓ ਨੈਸ਼ਨਲ, ਟਰਾਂਸ ਅਮੈਰਿਕਾ, ਅਸ਼ੋਰਟੀ, ਯੂਨਾਈਟਡ ਆਫ ਓਮਾਹਾ,

ਤੁਹਾਡਾ ਪਰਿਵਾਰ ਤੁਹਾਡੇ ਉਪਰ ਨਿਰਭਰ ਹੈ

ਰੱਬ ਨਾ ਕਰੇ ਜੇ ਤੁਹਾਨੂੰ ਕੁਝ ਹੋ ਜਾਵੇ ਉਹ ਕਿਵੇਂ ਗੁਜ਼ਾਰਾ ਕਰਨਗੇ ?

ਕੀ ਤੁਹਾਡੇ ਤੋਂ ਬਾਅਦ ਤੁਹਾਡੇ ਪਰਿਵਾਰ ਦੀ ਦੇਖਭਾਲ ਲਈ $250,000 ਜਾਂ $500,000 ਜਾਂ ਇਸ ਤੋਂ ਜ਼ਿਆਦਾ ਹੈ ?

ਟਰੱਕ ਵਾਲੇ ਤੇ ਆਮ ਲੋਕਾਂ ਲਈ, ਉਮਰ 20 ਤੋਂ 60 ਸਾਲ, $20-25 ਪ੍ਰਤੀ ਮਹੀਨਾ ਕਿਸ਼ਤ ਦੇ ਕੇ ਬਿਨਾ ਮੈਡੀਕਲ ਇਮਤਿਹਾਨ ਜਾਂ ਟੈਸਟ ਦੇ $250000 ਦੀ ਐਕਸੀਡੈਂਟਲ ਲਾਈਫ ਪਾਲਿਸੀ ਲੈ ਸਕਦੇ ਹਨ।

ਕੀ ਤੁਸੀਂ ਇਹ ਸੋਚਿਆ ਹੈ ?



Life, Health, Medicare, Dental Insurance & All Top Insurance Plans Available In America.

Raminderjit Singh Sekhon
951.751.7455

ਅੱਜ ਹੀ ਕਾਲ ਕਰੋ Toll Free Number
1-800-220-8760


GLOBAL CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


Watch Your Favorite Channels
FREE PREVIEW
JUS PUNJABI
06-22-16 - 07-05-16
9xTASHAN
07-20-16 to 08-02-16
Channel no. 742
JUS 24x7
07-06-16 to 07-19-16
Channel no. 743
NEWS IN PUNJABI
KHIDI DUPEHAR
Hafta Vasooli
JALWE JAGGI DE
subscribe now
JUS Pack
has it all!
jus punjabi
JUS one
JUS 24x7
9X TASHAN
4 channels for only $14.99 on dish | sling
Call 1-888-246-6242 to REFER A FRIEND
and get $100 each activation
gift CARD
Promotion code: JUS
*Terms and conditions apply
for advertisement & more information call: +1-718-752-9290 x 202
www.jusbroadcasting.com


Fresh AUR Apna KYA HAI?
Canadian Highest Grade Wheat Say Bana
You Get In Days Not In Months
Hygienic Storage, Clean Milling Facility
Healthy Living Maida Free
SHER
DURUM ATTA
DESI STYLE
20 lb
9.07 kg
DESI STYLE